11-DEC-PAGE-1.qxd 12/10/2023 10:21 PM Page 1

ਸੋਮਵਾਰ, 11 ਦਸੰਬਰ, 2023
26 ਮੱਘਰ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 191

# ਨਵਾਂ ਜ਼ਮਾਨਾ

DAILY NAWAN ZAMANA • MONDAY, 11 DECEMBER, 2023

ਜਲੰਧਰ

ਕੀਮਤ/PRICE : 5.00 ਰੁਪਏ    Regd. No : Pb/JL-123/2021-23, (R.N.I.)-00068/57    E-mail : nawanzamana@gmail.com    www.nawanzamana.in    ਸਫ਼ੇ : 12

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

# ਅੱਜ ਫੈਸਲੇ ਦਾ ਦਿਨ



**ਨਵੀਂ ਦਿੱਲੀ :** ਕੀ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਰੁਤਬਾ ਦੇਣ ਵਾਲੀ ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰਨ ਦਾ ਕੇਂਦਰ ਸਰਕਾਰ ਦਾ 5 ਅਗਸਤ 2019 ਦਾ ਫੈਸਲਾ ਸੰਵਿਧਾਨਕ ਤੌਰ ’ਤੇ ਵਾਜਬ ਸੀ? ਇਸ ਦਾ ਪਤਾ ਅੱਜ ਲੱਗੇਗਾ, ਜਦੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਪੰਜ ਮੈਂਬਰੀ ਸੰਵਿਧਾਨਕ ਬੈਂਚ ਕੇਂਦਰ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ ਆਪਣਾ ਫੈਸਲਾ ਸੁਣਾਏਗੀ। ਬੈਂਚ ਵਿਚ ਸ਼ਾਮਲ ਹੋਰ ਜੱਜ ਜਸਟਿਸ ਸੰਜੇ ਕਿਸ਼ਨ ਕੌਲ, ਜਸਟਿਸ ਸੰਜੀਵ ਖੰਨਾ, ਜਸਟਿਸ ਬੀ ਆਰ ਗਵਈ ਤੇ ਜਸਟਿਸ ਸੂਰੀਆ ਕਾਂਤ ਹਨ। ਬੈਂਚ ਨੇ 16 ਦਿਨ ਸੁਣਵਾਈ ਕਰਨ ਤੋਂ ਬਾਅਦ 5 ਸਤੰਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ। ਸੁਣਵਾਈ ਦੌਰਾਨ ਸੀਨੀਅਰ ਵਕੀਲਾਂ ਕਪਿਲ ਸਿੱਬਲ, ਗੋਪਾਲ ਸੁਬਰਾਮਨੀਅਮ, ਰਾਜੀਵ ਧਵਨ, ਜ਼ਫਰ ਸ਼ਾਹ ਤੇ ਦੁਸ਼ਯੰਤ ਦਵੇ ਨੇ ਧਾਰਾ ਖਤਮ ਕਰਨ ਦਾ ਵਿਰੋਧ ਕੀਤਾ, ਜਦਕਿ ਕੇਂਦਰ ਦਾ ਬਚਾਅ ਅਟਾਰਨੀ ਜਨਰਲ ਆਰ ਵੈਂਕਟਰਮਨੀ ਤੇ ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕੀਤਾ। ਵਕੀਲਾਂ ਨੇ ਧਾਰਾ 370 ਖਤਮ ਕਰਨ ਦੀ ਸੰਵਿਧਾਨਕ ਵੈਧਤਾ, ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਬਦਲਣ ਦੇ ਪੁਨਰਗਠਨ ਐਕਟ, 20 ਜੂਨ 2018 ਨੂੰ ਗਵਰਨਰੀ ਰਾਜ ਲਾਉਣ ਅਤੇ 19 ਦਸੰਬਰ 2018 ਨੂੰ ਰਾਸ਼ਟਰਪਤੀ ਰਾਜ ਲਾਉਣ ਤੇ ਫਿਰ ਉਸ ਦੀ ਮਿਆਦ 3 ਜੁਲਾਈ 2019 ਨੂੰ ਹੋਰ ਵਧਾਉਣ ਦੇ ਫੈਸਲਿਆਂ ’ਤੇ ਕਾਫੀ ਲੰਮੀ-ਚੌੜੀ ਬਹਿਸ ਕੀਤੀ। ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਪੁੱਛਿਆ ਸੀ ਕਿ ਧਾਰਾ 370 ਨੂੰ ਖਤਮ ਕਰਨ ਦੀ ਸਿਫਾਰਸ਼ ਕੌਣ ਕਰ ਸਕਦਾ ਹੈ, ਜਦੋਂ ਕਿ ਸੰਵਿਧਾਨ ਸਭਾ, ਜਿਸ ਦੀ ਸਹਿਮਤੀ ਜ਼ਰੂਰੀ ਸੀ, ਹੋਂਦ ਵਿਚ ਹੀ ਨਹੀਂ ਸੀ? ਕੋਰਟ ਨੇ ਇਹ ਵੀ ਪੁੱਛਿਆ ਸੀ ਕਿ ਕੀ ਧਾਰਾ 370 ਦੀ ਵਿਵਸਥਾ, ਜਿਸ ਦਾ ਸੰਵਿਧਾਨ ਵਿਚ ਆਰਜ਼ੀ ਧਾਰਾ ਵਜੋਂ ਜ਼ਿਕਰ ਹੈ, 1957 ਵਿਚ ਜੰਮੂ-ਕਸ਼ਮੀਰ ਸੰਵਿਧਾਨ ਸਭਾ ਖਤਮ ਹੋਣ ਤੋਂ ਬਾਅਦ ਸਥਾਈ ਬਣ ਗਈ ਸੀ? ਧਾਰਾ 370 ਖਤਮ ਕਰਨ ਦਾ ਵਿਰੋਧ ਕਰਨ ਵਾਲੇ ਵਕੀਲਾਂ ਨੇ ਦਲੀਲ ਦਿੱਤੀ ਸੀ ਕਿ ਸੰਵਿਧਾਨ ਸਭਾ ਖਤਮ ਹੋਣ ਤੋਂ ਬਾਅਦ ਧਾਰਾ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਸੀ। ਸੰਵਿਧਾਨ ਸਭਾ ਖਤਮ ਹੋਣ ਤੋਂ ਬਾਅਦ ਧਾਰਾ 370 ਸਥਾਈ ਹੋ ਗਈ ਸੀ। ਕੇਂਦਰ ਨੇ ਦਲੀਲ ਦਿੱਤੀ ਸੀ ਕਿ ਧਾਰਾ 370 ਖਤਮ ਕਰਕੇ ਉਸ ਨੇ ਕੋਈ ਸੰਵਿਧਾਨਕ ਫਰਾਡ ਨਹੀਂ ਕੀਤਾ।

# ਹੁਣ ‘ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ’





**ਲੁਧਿਆਣਾ (ਰਾਜ ਸਿੰਗਲਾ)**

ਪੰਜਾਬ ਵਾਸੀਆਂ ਨੂੰ ਨਾਗਰਿਕ ਕੇਂਦਰਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਕ ਹੋਰ ਵੱਡੀ ਪੁਲਾਂਘ ਪੁੱਟਦਿਆਂ ਐਤਵਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸੂਬੇ ਵਿੱਚ ਕ੍ਰਾਂਤੀਕਾਰੀ ਸਕੀਮ ‘ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ’ ਦਾ ਆਗਾਜ਼ ਕੀਤਾ, ਜਿਸ ਨਾਲ 43 ਸੇਵਾਵਾਂ ਲੋਕਾਂ ਨੂੰ ਘਰ ਬੈਠਿਆਂ ਮਿਲਣਗੀਆਂ।

ਇਸ ਸਕੀਮ ਦੀ ਸ਼ੁਰੂਆਤ ਕਰਨ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਅੱਜ ਦਾ ਦਿਨ ਇਤਿਹਾਸਕ ਦਿਨ ਹੈ, ਕਿਉਂਕਿ ਈਮਾਨਦਾਰ ਸਰਕਾਰ ਨੇ ਸੂਬੇ ਵਿੱਚ ਅਸੰਭਵ ਜਾਪਣ ਵਾਲੀ ਗੱਲ ਨੂੰ ਹਕੀਕਤ ਵਿੱਚ ਬਦਲ ਦਿੱਤਾ ਹੈ। ਉਨ੍ਹਾ ਕਿਹਾ ਕਿ ਸੂਬੇ ਨੇ ਅਰਵਿੰਦ ਕੇਜਰੀਵਾਲ ਦੀ ਸੋਚ ਵਿੱਚੋਂ ਉਪਜੇ ‘ਦਿੱਲੀ ਮਾਡਲ’ ਨੂੰ ਅਪਣਾਇਆ ਹੈ, ਜਿਸ ਨਾਲ ਸੂਬੇ ਵਿੱਚ ਜੁਆਬਦੇਹੀ ਅਤੇ ਪਾਰਦਰਸ਼ੀ ਸ਼ਾਸਨ ਦੇ ਨਵੇਂ ਯੁੱਗ ਦਾ ਆਰੰਭ ਹੋਇਆ ਹੈ।

ਮੁੱਖ ਮੰਤਰੀ ਨੇ ਕਿਹਾ—ਅੱਜ ਦਾ ਦਿਨ ਸਧਾਰਨ ਦਿਨ ਨਹੀਂ, ਸਗੋਂ ਪੰਜਾਬ ਅਤੇ ਪੰਜਾਬੀਆਂ ਲਈ ਫੈਸਲਾਕੁੰਨ ਪਲ ਵਜੋਂ ਭਾਰਤੀ ਸਿਆਸਤ ਅਤੇ ਇਤਿਹਾਸ ਦੇ ਪੰਨਿਆਂ ਵਿੱਚ ਦਰਜ ਹੋਣ ਵਾਲਾ ਦਿਨ ਹੈ। ਜਦੋਂ ਭਵਿੱਖ ਵਿੱਚ ਇਹ ਪੁੱਛਿਆ ਜਾਵੇਗਾ ਕਿ ਆਮ ਆਦਮੀ ਦੀ ਸਹੂਲਤ ਲਈ ਪੰਜਾਬ ਦੇ ਸਰਕਾਰੀ ਦਫਤਰਾਂ ਵਿੱਚ ਲੋਕਾਂ ਦੀ ਖੱਜਲ-ਖੁਆਰੀ ਕਦੋਂ ਖਤਮ ਹੋਈ ਸੀ ਤਾਂ ਇਸ ਦਾ ਜਵਾਬ ਇਹ ਹੋਵੇਗਾ ਕਿ 10 ਦਸੰਬਰ 2023 ਨੂੰ ਪੰਜਾਬ ਨੇ ਇਸ ਇਨਕਲਾਬੀ ਦੌਰ ਦਾ ਮੁੱਢ ਬੰਨ੍ਹਿਆ ਸੀ। ਮਾਨ ਨੇ ਉਮੀਦ ਪ੍ਰਗਟਾਈ ਕਿ ਟੋਲ ਫਰੀ ਨੰਬਰ 1076 ਲੋਕਾਂ ਨੂੰ ਉਨ੍ਹਾਂ ਦੇ ਘਰ ਨਿਰਧਾਰਤ ਸਮੇਂ ਵਿੱਚ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਸਹਾਈ ਸਾਬਤ ਹੋਵੇਗਾ।

ਅੱਜ 43 ਸੇਵਾਵਾਂ ਦੀ ਸ਼ੁਰੂਆਤ ਕੀਤੀ ਗਈ ਹੈ, ਪਰ ਸੂਬਾ ਸਰਕਾਰ ਦੀਆਂ 80 ਤੋਂ ਵੱਧ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 25 ਸਾਲਾਂ ਦੌਰਾਨ ਪੰਜਾਬ ਵਿੱਚ ਸਿਰਫ ਦੋ ਜਾਂ ਤਿੰਨ ਪਰਵਾਰਾਂ ਨੇ ਹੀ ਰਾਜ ਕੀਤਾ ਹੈ ਅਤੇ ਆਪਣੇ ਨਿੱਜੀ ਹਿੱਤਾਂ ਲਈ ਸੂਬੇ ਨੂੰ ਬਰਬਾਦ ਕਰ ਦਿੱਤਾ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦੁੱਖ ਨਾਲ ਕਿਹਾ ਕਿ ਸਾਡੇ ਮਹਾਨ ਦੇਸ਼ ਭਗਤਾਂ ਅਤੇ ਸ਼ਹੀਦਾਂ ਨੇ ਆਪਣੀਆਂ ਜਾਨਾਂ ਇਸ ਕਰਕੇ ਕੁਰਬਾਨ ਨਹੀਂ ਕੀਤੀਆਂ ਸਨ ਕਿ ਆਜ਼ਾਦੀ ਤੋਂ ਬਾਅਦ ਆਮ ਲੋਕਾਂ ਨੂੰ ਸਰਕਾਰੀ ਦਫਤਰਾਂ ਵਿੱਚ ਖੱਜਲ-ਖੁਆਰ ਹੋਣਾ ਪਵੇ। ਇਨ੍ਹਾਂ ਮਹਾਨ ਆਜ਼ਾਦੀ ਘੁਲਾਟੀਆਂ ਨੇ ਬਰਾਬਰੀ ਵਾਲੇ ਸਮਾਜ ਦਾ ਸੁਫਨਾ ਦੇਖਿਆ ਸੀ, ਜਿੱਥੇ ਲੋਕ ਆਜ਼ਾਦ ਭਾਰਤ ਵਿੱਚ ਮਿਆਰੀ ਸਿਹਤ, ਸਿੱਖਿਆ, ਮਜ਼ਬੂਤ ਸੜਕੀ ਨੈੱਟਵਰਕ, ਬਿਜਲੀ, ਪਾਣੀ ਅਤੇ ਹੋਰ ਸੇਵਾਵਾਂ ਪ੍ਰਾਪਤ ਕਰ ਸਕਣ। ਉਹਨਾ ਕਿਹਾ ਕਿ ਪਿਛਲੇ 75 ਸਾਲਾਂ ਦੌਰਾਨ ਦੇਸ਼ ਭਗਤਾਂ ਦੇ ਇਹ ਸੁਫਨੇ ਅਧੂਰੇ ਰਹਿ ਗਏ, ਕਿਉਂਕਿ ਕਿਸੇ ਨੇ ਵੀ ‘ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ’ ਵਰਗਾ ਕ੍ਰਾਂਤੀਕਾਰੀ ਕਦਮ ਕਦੇ ਵੀ ਸ਼ੁਰੂ ਨਹੀਂ ਕੀਤਾ। ਉਨ੍ਹਾ ਕਿਹਾ ਕਿ ਇਹ ਨਾਗਰਿਕ ਕੇਂਦਰਤ ਸਕੀਮ ਆਜ਼ਾਦੀ ਤੋਂ ਤੁਰੰਤ ਬਾਅਦ ਸ਼ੁਰੂ ਹੋਣੀ ਚਾਹੀਦੀ ਸੀ।

ਦਿੱਲੀ ਦੇ ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਸਕੀਮ ਲੋਕਾਂ ਦੀ ਸਹੂਲਤ ਲਈ ਸਾਲ 2018 ਵਿੱਚ ਦਿੱਲੀ ਵਿੱਚ ਸ਼ੁਰੂ ਕੀਤੀ ਗਈ ਸੀ, ਪਰ ਪੰਜਾਬ ਨੂੰ ਛੱਡ ਕੇ ਦੇਸ਼ ਦੀ ਕਿਸੇ ਵੀ ਸਰਕਾਰ ਨੇ ਇਸ ਨੂੰ ਲਾਗੂ ਨਹੀਂ ਕੀਤਾ। ਉਨ੍ਹਾ ਕਿਹਾ ਕਿ ‘ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ’ ਸਕੀਮ ਨਾਲ ਸੂਬੇ ਵਿੱਚ ਭ੍ਰਿਸ਼ਟਾਚਾਰ ਉਤੇ ਹਥੌੜੇ ਵਾਂਗ ਹਮਲਾ ਕੀਤਾ ਗਿਆ ਹੈ। 15 ਅਗਸਤ ਦਾ ਦਿਨ ਬਰਤਾਨਵੀ ਸਾਮਰਾਜਵਾਦ ਤੋਂ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ, ਹੁਣ ਅੱਜ ਦੇ ਦਿਨ ਨੂੰ ਪੰਜਾਬ ਵਿੱਚੋਂ ‘ਭ੍ਰਿਸਟਾਚਾਰ ਤੋਂ ਆਜ਼ਾਦੀ’ ਦੇ ਦਿਹਾੜੇ ਵਜੋਂ ਯਾਦ ਕੀਤਾ ਜਾਵੇਗਾ।

ਇਹ ਸੇਵਾਵਾਂ ਮਿਲਣਗੀਆਂ : ਜਨਮ/ ਐੱਨ ਏ ਸੀ ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਂਅ ਜੋੜਨਾ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਮੌਤ/ ਐੱਨ ਏ ਸੀ ਸਰਟੀਫਿਕੇਟ ਜਾਰੀ ਕਰਨਾ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਦੇ ਸਰਟੀਫਿਕੇਟ (ਸਿਹਤ) ਵਿੱਚ ਸੋਧ, ਆਮਦਨ ਦਾ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨਾ, ਮਾਲ ਰਿਕਾਰਡ ਦੀ ਜਾਂਚ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ (ਨਕਲ ਪ੍ਰਦਾਨ ਕਰਨਾ), ਭਾਰ-ਮੁਕਤ ਸਰਟੀਫਿਕੇਟ, ਗਿਰਵੀਨਾਮੇ ਦੀ ਇਕੁਇਟੀ ਐਂਟਰੀ, ਫਰਦ ਤਿਆਰ ਕਰਨ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਮੁਆਵਜ਼ੇ ਸੰਬੰਧੀ ਬਾਂਡ, ਬਾਰਡਰ ਏਰੀਏ ਸੰਬੰਧੀ ਸਰਟੀਫਿਕੇਟ, ਬੈਕਵਰਡ ਏਰੀਆ ਸਰਟੀਫਿਕੇਟ, ਜ਼ਮੀਨ ਦੀ ਹੱਦਬੰਦੀ, ਐੱਨ ਆਰ ਆਈ ਦੇ ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਪੁਲਸ ਕਲੀਅਰੈਂਸ ਸਰਟੀਫਿਕੇਟ ਅਤੇ ਕੰਢੀ ਖੇਤਰ ਸਰਟੀਫਿਕੇਟ (ਮਾਲ) ਦੇ ਕਾਊਂਟਰ ਸਾਈਨ, ਲਾਭਪਾਤਰੀਆਂ ਦੇ ਬੱਚਿਆਂ ਨੂੰ ਵਜ਼ੀਫਾ, ਉਸਾਰੀ ਕਾਮੇ ਦੀ ਰਜਿਸਟ੍ਰੇਸ਼ਨ ਅਤੇ ਉਸਾਰੀ ਮਜ਼ਦੂਰ (ਲੇਬਰ) ਦੀ ਰਜਿਸਟਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ (ਪ੍ਰਸੋਨਲ), ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ ਸੀ ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਛੜੀ ਸ਼੍ਰੇਣੀਆਂ ਸੰਬੰਧੀ ਸਰਟੀਫਿਕੇਟ (ਓ ਬੀ ਸੀ), ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ (ਈ ਡਬਲਿਊ ਐੱਸ) ਅਤੇ ਸ਼ਗਨ ਸਕੀਮ (ਕੇਸ ਨੂੰ ਮਨਜ਼ੂਰੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾ/ ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਅਪਾਹਜ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ ਯੂ ਡੀ ਆਈ ਡੀ ਕਾਰਡ ਲਈ ਅਰਜ਼ੀ ਅਤੇ ਨਿਰਭਰ ਬੱਚਿਆਂ ਲਈ ਪੈਨਸ਼ਨ (ਸਮਾਜਿਕ ਸੁਰੱਖਿਆ), ਬਿਜਲੀ ਦੇ ਬਿੱਲ ਦਾ ਭੁਗਤਾਨ

● ਬਾਕੀ ਸਫ਼ਾ 2 ’ਤੇ

# ਸੁਖਦੇਵ ਗੁੱਗਾਮਾੜੀ ਕਤਲ ਕੇਸ ’ਚ ਦੋ ਸ਼ੂਟਰਾਂ ਸਣੇ ਤਿੰਨ ਚੰਡੀਗੜ੍ਹ ’ਚ ਗ੍ਰਿਫਤਾਰ



**ਨਵੀਂ ਦਿੱਲੀ :** ਸ੍ਰੀ ਰਾਸ਼ਟਰੀ ਰਾਜਪੂਤ ਕਰਣੀ ਸੈਨਾ ਦੇ ਪ੍ਰਧਾਨ ਸੁਖਦੇਵ ਗੁੱਗਾਮਾੜੀ ਦੇ ਜੈਪੁਰ ’ਚ ਕਤਲ ਦੇ ਸੰਬੰਧ ਵਿਚ ਸ਼ਨੀਵਾਰ ਰਾਤ ਚੰਡੀਗੜ੍ਹ ਵਿਚ ਦੋ ਸ਼ੂਟਰਾਂ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ। ਰਾਜਸਥਾਨ ਪੁਲਸ ਅਤੇ ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਰੋਹਿਤ ਰਾਠੌੜ, ਨਿਤਿਨ ਫੌਜੀ ਅਤੇ ਊਧਮ ਸਿੰਘ ਨੂੰ ਗ੍ਰਿਫਤਾਰ ਕੀਤਾ। ਨਿਤਿਨ ਫੌਜੀ ਹਰਿਆਣਾ ਦੇ ਮਹਿੰਦਰਗੜ੍ਹ ਦਾ ਰਹਿਣ ਵਾਲਾ ਹੈ ਅਤੇ ਰੋਹਿਤ ਰਾਠੌੜ ਰਾਜਸਥਾਨ ਦੇ ਮਕਰਾਨਾ ਦਾ। ਪੁਲਸ ਨੇ ਊਧਮ ਸਿੰਘ ਨੂੰ ਉਨ੍ਹਾਂ ਨੂੰ ਭਜਾਉਣ, ਹਥਿਆਰ ਮੁਹੱਈਆ ਕਰਾਉਣ ਅਤੇ ਪਨਾਹ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਹੈ।

ਊਧਮ ਸਿੰਘ ਹਿਸਾਰ ਦਾ ਰਹਿਣ ਵਾਲਾ ਹੈ। ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਇਹ ਮੁਲਜ਼ਮ ਪਹਿਲਾਂ ਹਰਿਆਣਾ ਅਤੇ ਫਿਰ ਹਿਮਾਚਲ ਆਏ ਅਤੇ ਫਿਰ ਚੰਡੀਗੜ੍ਹ ਦੇ ਇੱਕ ਹੋਟਲ ਠਹਿਰੇ। ਤਿੰਨੋਂ ਕਰੀਬ ਸਾਢੇ ਸੱਤ ਵਜੇ ਸੈਕਟਰ 24 ਦੇ ਕਮਲ ਰਿਜ਼ਾਰਟ ਪਹੁੰਚੇ ਸਨ।

## ਮਾਇਆਵਤੀ ਨੇ ਭਤੀਜੇ ਨੂੰ ਜਾਨਸ਼ੀਨ ਥਾਪਿਆ



**ਲਖਨਊ :** ਬਸਪਾ ਸੁਪਰੀਮੋ ਮਾਇਆਵਤੀ (67) ਨੇ ਆਪਣੇ ਭਤੀਜੇ ਆਕਾਸ਼ ਆਨੰਦ (27) ਨੂੰ ਐਤਵਾਰ ਆਪਣਾ ਜਾਨਸ਼ੀਨ ਐਲਾਨ ਦਿੱਤਾ। ਮਾਇਆਵਤੀ ਯੂ ਪੀ ਅਤੇ ਉੱਤਰਾਖੰਡ ’ਚ ਪਾਰਟੀ ਦੀ ਕਮਾਨ ਸੰਭਾਲੇਗੀ, ਜਦੋਂ ਕਿ ਆਕਾਸ਼ ਬਾਕੀ 26 ਰਾਜਾਂ ਦੀ ਨਿਗਰਾਨੀ ਕਰੇਗਾ। ਮਾਇਆਵਤੀ ਨੇ ਕਿਹਾ ਕਿ ਉਨ੍ਹਾ ਪਾਰਟੀ ਦੀ ਵਿਰਾਸਤ ਅਤੇ ਰਾਜਨੀਤੀ ਨੂੰ ਅੱਗੇ ਤੋਰਨ ਲਈ ਆਪਣੇ ਭਤੀਜੇ ਨੂੰ ਅਹਿਮ ਜ਼ਿੰਮੇਵਾਰੀ ਦਿੱਤੀ ਹੈ। ਇਸ ਸੰਬੰਧੀ ਡੇਢ ਘੰਟੇ ਚੱਲੀ ਮੀਟਿੰਗ ਤੋਂ ਬਾਅਦ ਮਾਇਆਵਤੀ ਨੇ ਫੈਸਲਾ ਸੁਣਾਇਆ।

## ਡੰਪਰ-ਕਾਰ ਟੱਕਰ ’ਚ 8 ਮੌਤਾਂ

**ਬਰੇਲੀ :** ਯੂ ਪੀ ਦੇ ਬਰੇਲੀ ’ਚ ਇੱਕ ਡੰਪਰ ਨਾਲ ਟਕਰਾਉਣ ’ਤੇ ਕਾਰ ’ਚ ਅੱਗ ਲੱਗਣ ਨਾਲ ਅੱਠ ਜਣਿਆਂ ਦੀ ਮੌਤ ਹੋ ਗਈ। ਇਨ੍ਹਾਂ ’ਚ 7 ਨੌਜਵਾਨ ਅਤੇ ਇੱਕ ਬੱਚਾ ਸੀ। ਹਾਦਸਾ ਸਨਿੱਚਰਵਾਰ ਦੇਰ ਰਾਤ ਭੋਜੀਪੁਰਾ ਨੇੜੇ ਨੈਨੀਤਾਲ ਹਾਈਵੇ ’ਤੇ ਉਸ ਵੇਲੇ ਵਾਪਰਿਆ, ਜਦੋਂ ਤੇਜ਼ ਰਫਤਾਰ ਅਰਟਿਗਾ ਬੇਕਾਬੂ ਹੋ ਕੇ ਡਿਵਾਈਡਰ ਤੋੜ ਕੇ ਦੂਜੀ ਲੇਨ ’ਚ ਆ ਗਈ। ਇਸੇ ਦੌਰਾਨ ਸਾਹਮਣੇ ਤੋਂ ਆ ਰਹੇ ਡੰਪਰ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਡੰਪਰ ਕਾਰ ਨੂੰ 15 ਤੋਂ 20 ਮੀਟਰ ਤੱਕ ਘੜੀਸਦਾ ਲੈ ਗਿਆ। ਇਸ ਕਾਰਨ ਕਾਰ ਨੂੰ ਅੱਗ ਲੱਗ ਗਈ।

## ਬੇਂਗਲੁਰੂ ’ਚ ਔਰਤਾਂ ’ਤੇ ਸਭ ਤੋਂ ਵੱਧ ਤੇਜ਼ਾਬੀ ਹਮਲੇ

**ਬੇਂਗਲੁਰੂ :** ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੀ ਤਾਜ਼ਾ ਰਿਪੋਰਟ ’ਚ ਕਿਹਾ ਗਿਆ ਹੈ ਕਿ ਬੇਂਗਲੁਰੂ ’ਚ 2022 ’ਚ ਦੇਸ਼ ’ਚ ਸਭ ਤੋਂ ਵੱਧ ਔਰਤਾਂ ’ਤੇ ਤੇਜ਼ਾਬੀ ਹਮਲੇ ਹੋਏ। 19 ਮਹਾਨਗਰਾਂ ਵਿੱਚ ਬੇਂਗਲੁਰੂ ਸਿਖਰ ’ਤੇ ਹੈ, ਜਿੱਥੇ ਪਿਛਲੇ ਸਾਲ 8 ਔਰਤਾਂ ਤੇਜ਼ਾਬ ਹਮਲਿਆਂ ਦਾ ਸ਼ਿਕਾਰ ਹੋਈਆਂ। ਦੂਜੇ ਨੰਬਰ ’ਤੇ ਦਿੱਲੀ ’ਚ 7 ਔਰਤਾਂ ਅਤੇ ਤੀਜੇ ਨੰਬਰ ’ਤੇ ਅਹਿਮਦਾਬਾਦ ’ਚ 5 ਹਮਲੇ ਹੋਏ। ਹੈਦਰਾਬਾਦ ਅਤੇ ਅਹਿਮਦਾਬਾਦ ’ਚ ਦੋ-ਦੋ ਕੇਸ ਹੋਏ।

# ਛੱਤੀਸਗੜ੍ਹ ’ਚ ਸਾਏ ਛੁਪੇ ਰੁਸਤਮ ਨਿਕਲੇ

**ਰਾਇਪੁਰ :** ਆਦਿਵਾਸੀ ਚਿਹਰੇ ਤੇ ਸਾਬਕਾ ਕੇਂਦਰੀ ਮੰਤਰੀ ਵਿਸ਼ਣੂ ਦਿਓ ਸਾਏ ਛੱਤੀਸਗੜ੍ਹ ਦੇ ਨਵੇਂ ਮੁੱਖ ਮੰਤਰੀ ਹੋਣਗੇ। ਭਾਜਪਾ ਦੇ ਕੇਂਦਰੀ ਅਬਜ਼ਰਵਰਾਂ ਨੇ ਪਾਰਟੀ ਵਿਧਾਇਕਾਂ ਦੀ ਰਾਇ ਜਾਨਣ ਤੋਂ ਬਾਅਦ ਉਨ੍ਹਾ ਦੇ ਨਾਂਅ ਦਾ ਐਲਾਨ ਕੀਤਾ। ਮੁਕਾਬਲਾ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਤੇ ਰੇਣੂਕਾ ਸਿੰਘ ਵਿਚਾਲੇ ਦੱਸਿਆ ਜਾ ਰਿਹਾ ਸੀ, ਪਰ ਸਾਏ ਛੁਪੇ ਰੁਸਤਮ ਨਿਕਲੇ। ਕਾਂਗਰਸ ਦੇ ਅਜੀਤ ਯੋਗੀ ਤੋਂ ਬਾਅਦ ਸਾਏ ਸੂਬੇ ਦੇ ਦੂਜੇ ਆਦਿਵਾਸੀ ਮੁੱਖ ਮੰਤਰੀ ਹੋਣਗੇ। ਉਹ ਪਹਿਲੀ ਮੋਦੀ ਵਜ਼ਾਰਤ ਵਿਚ ਸਟੀਲ ਰਾਜ ਮੰਤਰੀ ਰਹਿ ਚੁੱਕੇ ਹਨ। ਉਹ ਰਾਇਗੜ੍ਹ ਸੀਟ ਤੋਂ 1999 ਤੋਂ 2014 ਤੱਕ ਚਾਰ ਵਾਰ ਲੋਕ ਸਭਾ ਮੈਂਬਰ ਰਹੇ। 2019 ਵਿਚ ਉਨ੍ਹਾ ਨੂੰ ਟਿਕਟ ਨਹੀਂ ਦਿੱਤੀ ਗਈ ਸੀ। ਸਾਏ ਕੁਨਕੁਰੀ ਹਲਕੇ ਵਿਚ ਕਾਂਗਰਸ ਦੇ ਸਿਟਿੰਗ ਵਿਧਾਇਕ ਯੂ ਡੀ ਮਿੰਜ ਨੂੰ ਹਰਾ ਕੇ ਵਿਧਾਇਕ ਚੁਣੇ ਗਏ ਹਨ। ਉਹ ਆਰ ਐੱਸ ਐੱਸ ਦੇ ਬੇਹੱਦ ਕਰੀਬੀ ਹਨ। ਪਿਛਲੇ ਮਹੀਨੇ ਕੁਨਕੁਰੀ ਵਿਚ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੋਟਰਾਂ ਨੂੰ ਕਿਹਾ ਸੀ ਕਿ ਉਹ ਸਾਏ ਨੂੰ ਜਿਤਾਉਣ, ਬਾਅਦ ਵਿਚ ਉਨ੍ਹਾ ਨੂੰ ਵੱਡਾ ਬੰਦਾ ਬਣਾਇਆ ਜਾਵੇਗਾ।

### ਰਾਜਸਥਾਨ ਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨੂੰ ਲੈ ਕੇ ਰੱਸਾਕਸ਼ੀ ਜਾਰੀ



ਭਾਜਪਾ ਨੇ ਛੱਤੀਸਗੜ੍ਹ ਦੇ ਮੁੱਖ ਮੰਤਰੀ ਦਾ ਫੈਸਲਾ ਤਾਂ ਕਰ ਦਿੱਤਾ ਹੈ, ਪਰ ਰਾਜਸਥਾਨ ਤੇ ਮੱਧ ਪ੍ਰਦੇਸ਼ ਵਿਚ ਪੇਚ ਫਸਿਆ ਹੋਇਆ ਹੈ।

ਰਾਜਸਥਾਨ ਵਿਚ ਮੁੱਖ ਮੰਤਰੀ ਦੀ ਚੋਣ ਲਈ ਸੋਮਵਾਰ ਮੀਟਿੰਗ ਹੋਣੀ ਸੀ, ਪਰ ਮੰਗਲਵਾਰ ਤੱਕ ਲਈ ਟਲ ਗਈ। ਦੱਸਿਆ ਇਹ ਗਿਆ ਹੈ ਕਿ ਆਬਜ਼ਰਵਰ ਰਾਜਨਾਥ ਸਿੰਘ ਦਾ ਲਖਨਊ ਵਿਚ ਪ੍ਰੋਗਰਾਮ ਫਿਕਸ ਹੋਣ ਕਰਕੇ ਮੀਟਿੰਗ ਟਾਲਣੀ ਪਈ ਹੈ, ਪਰ ਉੱਥੇ ਸਾਬਕਾ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧੀਆ ਨੇ ਹਾਈਕਮਾਨ ਦੀ ਸਿਰਦਰਦੀ ਵਧਾਈ ਹੋਈ ਹੈ। ਹਾਈਕਮਾਨ ਐਤਕੀਂ ਉਨ੍ਹਾ ਦੀ ਥਾਂ ਕਿਸੇ ਹੋਰ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੀ ਹੈ, ਕਿਉਂਕਿ ਵਸੁੰਧਰਾ ਦੀ ਵੱਡੇ ਆਗੂਆਂ ਨਾਲ ਖਾਸ ਨਹੀਂ ਬਣਦੀ। ਸਿਆਸੀ

● ਬਾਕੀ ਸਫ਼ਾ 2 ’ਤੇ

## ਕਸ਼ਮੀਰ ’ਚ ਠੰਢ ਨੇ ਜਕੜ ਵਧਾਈ



**ਸ੍ਰੀਨਗਰ :** ਕਸ਼ਮੀਰ ਵਾਦੀ ਵਿਚ ਠੰਢ ਹੋਰ ਵਧ ਗਈ ਹੈ। ਕੋਨੀਬਲ ਵਿਚ ਤਾਪਮਾਨ ਮਨਫੀ ਛੇ ਡਿਗਰੀ ਸੈਲਸੀਅਸ ਰਿਕਾਰਡ ਕੀਤਾ ਗਿਆ। ਸ੍ਰੀਨਗਰ ਵਿਚ ਤਾਪਮਾਨ ਮਨਫੀ 4.4 ਡਿਗਰੀ, ਕਾਜ਼ੀਗੁੰਡ ਵਿਚ ਮਨਫੀ 3 ਡਿਗਰੀ, ਕੁਪਵਾੜਾ ਵਿਚ ਮਨਫੀ 3.4 ਡਿਗਰੀ, ਪਹਿਲਗਾਮ ਵਿਚ ਮਨਫੀ 5.5 ਡਿਗਰੀ ਤੇ ਗੁਲਮਰਗ ਵਿਚ ਮਨਫੀ 4.2 ਡਿਗਰੀ ਰਿਕਾਰਡ ਕੀਤਾ ਗਿਆ।

# ਵਤਨਾਂ ਵੱਲ ਚਾਲੇ

**ਟੋਰਾਂਟੋ :** ਕੈਨੇਡਾ ’ਚ ਪਰਵਾਸੀਆਂ ਨੂੰ ਰਹਿਣ-ਸਹਿਣ ਦੀ ਵਧ ਰਹੀ ਲਾਗਤ ਨੇ ਵਖ਼ਤ ਪਾ ਦਿੱਤਾ ਹੈ। ਕਿਰਾਏ ਵਧਣ ਤੇ ਮਕਾਨ ਬਣਾਉਣ ਲਈ ਲਏ ਕਰਜ਼ਿਆਂ ਦੀਆਂ ਵਿਆਜ ਦਰਾਂ ਵਧਣ ਕਾਰਨ ਉਨ੍ਹਾਂ ਨੂੰ ਗੁਜ਼ਾਰਾ ਚਲਾਉਣਾ ਮੁਸ਼ਕਲ ਹੋ ਗਿਆ ਹੈ, ਜਿਸ ਦੇ ਸਿੱਟੇ ਵਜੋਂ ਕਾਫੀ ਪਰਵਾਸੀਆਂ ਨੇ ਵਤਨਾਂ ਵੱਲ ਚਾਲੇ ਪਾ ਦਿੱਤੇ ਹਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਦੇਸ਼ ਵਿਚ ਘਟ ਰਹੀ ਆਬਾਦੀ ਤੇ ਹੋਰ ਚੁਣੌਤੀਆਂ ਨੂੰ ਦੂਰ ਕਰਨ ਲਈ ਪਰਵਾਸ ਨੀਤੀ ਨੂੰ ਮੁੱਖ ਹਥਿਆਰ ਬਣਾਇਆ ਸੀ ਤੇ ਇਸ ਨੇ ਆਰਥਕ ਵਿਕਾਸ ਦਰ ਵਧਾਉਣ ਵਿਚ ਮਦਦ ਵੀ ਕੀਤੀ ਸੀ, ਪਰ ਸਟੈਟਿਕਸ ਕੈਨੇਡਾ ਅਨੁਸਾਰ ਅਜੋਕੇ ਸਮੇਂ ਕੈਨੇਡਾ ਦੀ ਆਬਾਦੀ ਪਿਛਲੇ ਛੇ ਦਹਾਕਿਆਂ ਦੇ ਸਮੇਂ ਵਿਚ ਸਭ ਤੋਂ ਤੇਜ਼ੀ ਨਾਲ ਵਧ ਗਈ ਹੈ। ਕੈਨੇਡਾ ਵਿਚ ਰੋਜ਼ਮਰ੍ਹਾ ਲਈ ਵਧਦੇ ਖਰਚਿਆਂ ਕਾਰਨ ਇਥੇ ਆਏ ਪਰਵਾਸੀਆਂ ਨੇ ਪਰਤਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਸਮੇਂ ਵਿਚ ਇਹ ਰੁਝਾਨ ਹੌਲੀ-ਹੌਲੀ ਵਧ ਰਿਹਾ ਹੈ। 2023 ਦੇ ਪਹਿਲੇ ਛੇ ਮਹੀਨਿਆਂ ਵਿਚ ਲਗਭਗ 42 ਹਜ਼ਾਰ ਲੋਕਾਂ ਨੇ ਕੈਨੇਡਾ ਛੱਡ ਦਿੱਤਾ ਹੈ, ਜਦਕਿ ਸਾਲ 2022 ਵਿਚ 93,818 ਤੇ ਉਸ ਤੋਂ ਸਾਲ ਪਹਿਲਾਂ 85,927 ਲੋਕਾਂ ਨੇ ਦੇਸ਼ ਛੱਡਿਆ ਸੀ।

# ਹਾਦਸਿਆਂ ’ਚ ਜ਼ਖਮੀਆਂ ਨਾਲੋਂ ਮਰਨ ਵਾਲਿਆਂ ਦੀ ਗਿਣਤੀ ਵੱਧ



**ਚੰਡੀਗੜ੍ਹ :** ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੀ ਰਿਪੋਰਟ ਅਨੁਸਾਰ 2021 ਅਤੇ 2022 ’ਚ ਪੰਜਾਬ ’ਚ ਸੜਕ ਹਾਦਸਿਆਂ ’ਚ ਮਰਨ ਵਾਲਿਆਂ ਦੀ ਦਰ ਜ਼ਖਮੀਆਂ ਨਾਲੋਂ ਜ਼ਿਆਦਾ ਰਹੀ। ਪੰਜਾਬ ’ਚ 2022 ’ਚ 6,122 ਸੜਕ ਹਾਦਸਿਆਂ ’ਚ 4,688 ਮੌਤਾਂ ਹੋਈਆਂ ਅਤੇ 3,372 ਜ਼ਖਮੀ ਹੋਏ। ਇਸ ਤੋਂ ਪਿਛਲੇ ਸਾਲ 6,097 ਸੜਕ ਹਾਦਸਿਆਂ ’ਚ 4,516 ਮੌਤਾਂ ਹੋਈਆਂ, ਜਦਕਿ 3,034 ਜ਼ਖਮੀ ਹੋਏ। ਦੂਜੇ ਪਾਸੇ ਹਰਿਆਣਾ ’ਚ 2021 ’ਚ 10,049 ਸੜਕ ਦੁਰਘਟਨਾਵਾਂ ਦਰਜ ਕੀਤੀਆਂ ਗਈਆਂ, ਜਦਕਿ 2022 ’ਚ ਇਹ ਅੰਕੜਾ ਮਾਮੂਲੀ ਵਧ ਕੇ 10,654 ਹੋ ਗਿਆ ਸੀ। ਹਰਿਆਣਾ ਵਿਚ ਸਾਲ 2021 ’ਚ 4,983 ਲੋਕਾਂ ਦੀ ਮੌਤ ਹੋਈ, ਜਦੋਂ ਕਿ 2022 ’ਚ ਇਹ ਅੰਕੜਾ 5,228 ਸੀ। ਦੋ ਸਾਲਾਂ ’ਚ ਕ੍ਰਮਵਾਰ 7,972 ਅਤੇ 8,353 ਲੋਕ ਜ਼ਖਮੀ ਹੋਏ।

## ਅਮਰੀਕਾ ’ਚ ਤੂਫਾਨ ਨਾਲ 6 ਮੌਤਾਂ



**ਨੈਸ਼ਵਿਲ :** ਇਥੇ ਤੂਫਾਨ ਕਾਰਨ ਛੇ ਲੋਕਾਂ ਦੀ ਮੌਤ ਹੋ ਗਈ। ਬਚਾਅ ਟੀਮਾਂ ਵੱਲੋਂ ਰਾਹਤ ਕਾਰਜ ਜਾਰੀ ਹਨ ਤੇ ਨੁਕਸਾਨ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਮਿੰਟਗੁੰਮਰੀ ਕਾਊਂਟੀ ਦੇ ਮੇਅਰ ਵੇਸ ਗੋਲਡਨ ਨੇ ਕਿਹਾ ਕਿ ਇਹ ਭਾਈਚਾਰੇ ਲਈ ਦੁਖਦਾਈ ਦਿਨ ਹੈ। ਤੂਫਾਨ ਆਉਣ ਤੋਂ ਬਾਅਦ ਕਲਾਰਕਸਵਿਲੇ ਸ਼ਹਿਰ ਨੇ ਸ਼ਨਿੱਚਰਵਾਰ ਰਾਤ ਐਮਰਜੈਂਸੀ ਐਲਾਨ ਦਿੱਤੀ।

## ਅੱਜ-ਨਾਮਾ

ਹਾਦਸੇ ਪੰਜ ਹੋ ਗਏ ਚੌਵੀ ਘੰਟਿਆਂ ਵਿੱਚ,
ਮੌਤਾਂ ਤਿੰਨ ਕਿਧਰੇ, ਕਿਸੇ ਥਾਂ ਚਾਰ ਭਾਈ।
ਆਇਆ ਬਾਈਕ ਵਾਲਾ ਕਿਤੇ ਬੱਸ ਹੇਠਾਂ,
ਕਿਧਰੇ ਬੰਪਰ ਸੀ ਕੁਚਲ’ਤੀ ਕਾਰ ਭਾਈ।
ਟੈਂਕਰ ਵਾਲਾ ਸੀ ਨਸ਼ੇ ਵਿੱਚ ਟੁੰਨ ਬਾਹਲਾ,
ਸੜਕੋਂ ਦਿੱਤਾ ਫਿਰ ਟੈਂਕਰ ਉਤਾਰ ਭਾਈ।
ਝੁੱਗੀਆਂ ਵਿੱਚ ਸੀ ਜਿਹੜੇ ਮਜ਼ਦੂਰ ਸੁੱਤੇ,
ਦਿੱਤੇ ਗਰੀਬ ਉਹ ਕੁਚਲ ਕੇ ਮਾਰ ਭਾਈ।
ਇੱਕ ਤਾਂ ਧੁੰਦ ਨਾ ਪੇਸ਼ ਬਈ ਜਾਣ ਦਿੰਦੀ,
ਉੱਪਰੋਂ ਕਾਹਲੀ ਵੀ ਜਾਨ ਸੁਕਾਈ ਭਾਈ।
ਪਹਿਲ ਜਾਨ ਤੋਂ ਵਕਤ ਦੀ ਗਿਣਨ ਸਾਰੇ,
ਕਰਿਆ ਵਕਤ ਨੇ ਜਗਤ ਸ਼ੁਦਾਈ ਭਾਈ।

-ਤੀਸ ਮਾਰ ਖਾਂ

# ਨਵੇਂ ਸਾਲ ਨੂੰ ਨਵੀਆਂ ਸਰਗਰਮੀਆਂ ਦੀ ਲੜੀ ਨਾਲ ਖੁਸ਼ਆਮਦੀਦ ਕਹੇਗੀ ਦੇਸ਼ ਭਗਤ ਯਾਦਗਾਰ ਕਮੇਟੀ

**ਜਲੰਧਰ (ਕੇਸਰ)**

ਦੇਸ਼ ਭਗਤ ਯਾਦਗਾਰ ਕਮੇਟੀ ਦੀ ਐਤਵਾਰ ਹੋਈ ਜਨਰਲ ਬਾਡੀ ਦੀ ਮੀਟਿੰਗ ’ਚ ਗਦਰੀ ਬਾਬਿਆਂ ਦੇ ਮੇਲੇ ਉਪਰ ਪੜਚੋਲਵੀਂ ਝਾਤ ਮਾਰਦਿਆਂ ਫੈਸਲਾ ਕੀਤਾ ਗਿਆ ਕਿ ਗਦਰੀ ਬਾਬਿਆਂ ਦੇ ਸਾਲਾਨਾ ਮੇਲੇ ਨੂੰ ਅਗਲੇ ਸਾਲਾਂ ’ਚ ਹੋਰ ਵੀ ਬੁਲੰਦੀਆਂ ’ਤੇ ਪਹੁੰਚਾਉਣ ਲਈ ਹਰ ਮਹੀਨੇ ਸਾਹਿਤ, ਰੰਗਮੰਚ, ਭਖਦੇ ਮੁੱਦਿਆਂ ’ਤੇ ਵਿਚਾਰ-ਚਰਚਾ, ਪੁਸਤਕ ਲੋਕ ਅਰਪਣ, ਕਵੀ ਦਰਬਾਰ, ਗੀਤ-ਸੰਗੀਤ ਆਦਿ ਵੰਨ-ਸੁਵੰਨੀਆਂ ਕਲਾ ਵੰਨਗੀਆਂ ਦੀ ਵਿਧਾ ’ਚ ਨਿਰੰਤਰ ਸਰਗਰਮੀਆਂ ਉਪਰ ਜ਼ੋਰ ਦਿੱਤਾ ਜਾਏਗਾ।

ਸਾਹਿਤ ਅਤੇ ਕਲਾ ਖੇਤਰ ’ਚ ਪੁੰਗਰਦੀ ਪਨੀਰੀ ਅਤੇ ਜੋਬਨ ਰੁੱਤ ਅੰਦਰ ਪੈਰ ਧਰਾਵਾ ਕਰ ਰਹੀ ਜੁਆਨੀ ਨੂੰ ਸਾਹਿਤਕ, ਸੱਭਿਆਚਾਰਕ ਅਤੇ ਬੌਧਿਕ ਚਿੰਤਨ ਦੇ ਪਿੜ ਅੰਦਰ ਉਚੇਰੀ ਪਰਵਾਜ਼ ਭਰਨ ਲਈ ਅੰਬਰ ਮਿਲ ਸਕੇ, ਉਹਨਾਂ ਨੂੰ ਵਰਕਸ਼ਾਪ, ਕੈਂਪ ਅਤੇ ਪੇਸ਼ਕਾਰੀਆਂ ਲਈ ਹਰ ਮਹੀਨੇ ਮੌਕਾ ਦਿੱਤਾ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਇਸ ਵਾਰ ਮੇਲੇ ਨੂੰ ਹਰ ਪੱਖੋਂ ਮਿਲੇ ਲਾਮਿਸਾਲ ਹੁੰਗਾਰੇ ਨੂੰ ਅੱਗੇ ਜਰਬਾਂ ਦੇਣ ਲਈ ਆਪਣੀ ਗੌਰਵਮਈ ਇਤਿਹਾਸਕ ਵਿਰਾਸਤ ਤੋਂ ਰੌਸ਼ਨੀ ਲੈਂਦਿਆਂ ਲੋਕਾਂ ਦੀਆਂ ਨਵੀਆਂ ਪਰਤਾਂ ਨੂੰ ਕਲਾਵੇ ਵਿਚ ਲੈਣ ਲਈ ਅਥਾਹ ਉੱਦਮ ਕਰੇਗੀ। 30, 31 ਅਕਤੂਬਰ ਅਤੇ ਪਹਿਲੀ ਨਵੰਬਰ ਨੂੰ ਹੋਏ ਤਿੰਨ ਰੋਜ਼ਾ ਮੇਲੇ ਦੇ ਹਰ ਪਹਿਲੂ ਉਪਰ ਵਿਗਿਆਨਕ ਦ੍ਰਿਸ਼ਟੀ ਤੋਂ ਪੁਣ-ਛਾਣ ਕਰਦਿਆਂ ਇਹ ਸਿੱਟਾ ਕੱਢਿਆ ਕਿ ਸਮੂਹ ਲੋਕ-ਪੱਖੀ ਜੱਥੇਬੰਦੀਆਂ ਅਤੇ ਲੋਕਾਂ ਨੇ ਮੇਲੇ ਨੂੰ ਹਰ ਪੱਖੋਂ ਸਫਲ ਕਰਨ ਲਈ ਅਥਾਹ ਯੋਗਦਾਨ ਪਾਇਆ, ਜਿਸ ਦਾ ਕਮੇਟੀ ਹਾਰਦਿਕ ਧੰਨਵਾਦ ਕਰਦੀ ਹੋਈ ਵਿਸ਼ਵਾਸ ਦੁਆਉਂਦੀ ਹੈ ਕਿ ਲੋਕ-ਦੋਖੀ ਸਥਾਪਤੀ ਦੀਆਂ ਸ਼ਾਤਰਾਨਾ ਚਾਲਾਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਅਤੇ ਗਦਰੀ ਬਾਬਿਆਂ ਦੇ ਸੁਪਨਿਆਂ ਦਾ ਸਮਾਜ ਅਤੇ ਰਾਜ ਸਿਰਜਣ ਲਈ ਚੱਲ ਰਹੇ ਸੰਗਰਾਮ ਵਿਚ ਹਿੱਸਾ ਲੈਣ ਲਈ ਕਮੇਟੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਡਟ ਕੇ ਅੱਗੇ ਵਧੇਗੀ। ਕਮੇਟੀ ਨੇ ਇਹ ਫੈਸਲਾ ਵੀ ਕੀਤਾ ਕਿ ਮੇਲੇ ਵਿੱਚ ਨਵੇਂ ਲੋਕ ਹਿੱਸਿਆਂ ਦੀ ਹੌਸਲਾ ਵਧਾਊ ਆਮਦ ਕਾਰਨ ਕਿਸੇ ਪੱਖੋਂ ਵੀ ਮੇਲਾ ਪ੍ਰੇਮੀਆਂ ਨੂੰ ਦਿੱਕਤ ਦਾ ਸਾਹਮਣਾ ਕਰਨਾ ਪਿਆ, ਉਸ ਨੂੰ ਭਵਿੱਖ ਵਿਚ ਦੂਰ ਕਰਨ ਲਈ ਅਥਾਹ ਤਾਣ ਲਾਇਆ ਜਾਏਗਾ। ਕਮੇਟੀ ਦੀ ਮੀਟਿੰਗ ’ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਡਾ. ਪਰਮਿੰਦਰ ਸਿੰਘ, ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਹਰਦੇਵ ਅਰਸ਼ੀ, ਪ੍ਰੋ. ਗੋਪਾਲ ਸਿੰਘ ਬੁੱਟਰ, ਪ੍ਰੋ. ਤੇਜਿੰਦਰ ਵਿਰਲੀ, ਵਿਜੈ ਬੰਬੇਲੀ, ਡਾ. ਸੈਲੇਸ਼, ਹਰਮੇਸ਼ ਮਾਲੜੀ, ਮਨਜੀਤ ਸਿੰਘ ਬਾਸਰਕੇ, ਰਾਮਿੰਦਰ ਸਿੰਘ ਪਟਿਆਲਾ, ਦਰਸ਼ਨ ਖਟਕੜ ਨੇ ਵਿਚਾਰ-ਚਰਚਾ ਵਿੱਚ ਬਹੁਤ ਹੀ ਅਮੁੱਲੇ ਵਿਚਾਰ ਰੱਖਦਿਆਂ ਕਿਹਾ ਕਿ ਗਦਰੀ ਬਾਬਿਆਂ ਦੀ ਵਿਰਾਸਤ ਅਤੇ ਵਰਤਮਾਨ ਚੁਣੌਤੀਆਂ ਨੂੰ ਸਮਰਪਿਤ ਰੱਖਿਆ ਮੇਲਾ ਆਪਣੇ ਮਿਥੇ ਉਦੇਸ਼ ਦੀ ਪੂਰਤੀ ਕਰਨ ਵਿਚ ਸਫਲ ਰਿਹਾ ਹੈ। ਉਹਨਾਂ ਕਿਹਾ ਕਿ ਪ੍ਰਾਪਤੀਆਂ ਨੂੰ ਪੱਕੇ ਪੈਰੀਂ ਕਰਦਿਆਂ ਊਣਤਾਈਆਂ ਤੋਂ ਸਿੱਖ ਕੇ ਆਪਣੇ ਪੱਲੇ ਸਬਕ ਬੰਨ੍ਹਦਿਆਂ ਨਵੇਂ ਵਰ੍ਹੇ ਨੂੰ ਖੁਸ਼ਆਮਦੀਦ ਆਖਦੇ ਹੋਏ ਅਗਲੇ ਮਹੀਨਿਆਂ ਦੀਆਂ ਸਰਗਰਮੀਆਂ ਦਾ ਕੈਲੰਡਰ ਤਿਆਰ ਕਰਕੇ ਦੇਸ਼ ਭਗਤ ਯਾਦਗਾਰ ਹਾਲ ਨਾਲ ਜੁੜੇ ਦੇਸ਼-ਬਦੇਸ਼ ਵਸਦੇ ਸਮੂਹ ਲੋਕਾਂ ਨਾਲ ਸਾਂਝਾ ਕੀਤਾ ਜਾਏਗਾ ਅਤੇ ਹਰ ਮਹੀਨੇ ਹੋਣ ਵਾਲੀਆਂ ਸੰਗੀਤਕ, ਰੰਗਮੰਚੀ, ਵਿਚਾਰ ਗੋਸ਼ਟੀਆਂ ਅਤੇ ਵਰਕਸਾਪ ਆਦਿ ਸਰਗਰਮੀਆਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਲਈ ਅਪੀਲ ਕੀਤੀ ਗਈ ਹੈ। ਕਮੇਟੀ ਨੇ ਆਰਥਕ ਮਦਦ, ਲੰਗਰ ਲਈ ਰਾਸ਼ਨ, ਵਲੰਟੀਅਰ ਅਤੇ ਜਥਿਆਂ ਦੇ ਜਥੇ ਲੈ ਕੇ ਸ਼ਾਮਲ ਹੋ ਕੇ ਮੇਲੇ ਨੂੰ ਚਾਰ ਚੰਨ ਲਾਉਣ ’ਤੇ ਸਭਨਾਂ ਸੰਸਥਾਵਾਂ, ਨਗਰਾਂ ਅਤੇ ਵਿਅਕਤੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।



ਮੀਟਿੰਗ ’ਚ ਇਹ ਫੈਸਲਾ ਵੀ ਕੀਤਾ ਗਿਆ ਕਿ ਦੇਸ਼ ਭਗਤ ਯਾਦਗਾਰ ਹਾਲ ਦੇ ਜੀ ਟੀ ਰੋਡ ਵਾਲੇ ਪਾਸੇ ਨੂੰ ਹਰ ਪੱਖੋਂ ਪਾਰਦਰਸ਼ੀ ਅਤੇ ਖੂਬਸੂਰਤ ਬਣਾਉਣ ਲਈ ਸ਼ਹੀਦ ਊਧਮ ਸਿੰਘ ਵੈੱਲਫੇਅਰ ਟਰੱਸਟ ਬਰਮਿੰਘਮ (ਯੂ ਕੇ) ਦੇ ਸਹਿਯੋਗ ਨਾਲ ਕਮੇਟੀ ਹਰ ਸੰਭਵ ਯਤਨ ਕਰੇਗੀ। ਮੀਟਿੰਗ ਦਾ ਆਗਾਜ਼ ਫਲਸਤੀਨ ਵਿਚ ਮਾਰੇ ਜਾ ਰਹੇ ਬੇਗੁਨਾਹ ਨਿਹੱਥੇ ਲੋਕਾਂ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਨਾਮਦੇਵ ਸਿੰਘ ਭੁਟਾਲ, ਮਾਸ਼ਟਰ ਸ਼ਿੰਗਾਰਾ ਸਿੰਘ ਦੁਸਾਂਝ ਕਲਾਂ, ਬਲਵੰਤ ਸਿੰਘ ਖੇੜਾ, ਕਨਵ ਰਾਜਿੰਦਰਨ, ਉੱਘੇ ਪੱਤਰਕਾਰ ਰਿਸ਼ੀ ਨਾਗਰ ਦੇ ਮਾਤਾ ਜੀ ਸੁਦਰਸ਼ਨ ਨਾਗਰ ਤੇ ਬਲਜੀਤ ਕੌਰ ਸਿੱਧੂ ਮਲਸੀਆਂ ਦੇ ਅਸਹਿ ਵਿਛੋੜੇ ’ਤੇ ਪਰਵਾਰ, ਸਾਕ-ਸੰਬੰਧੀਆਂ ਅਤੇ ਸੰਗੀ-ਸਾਥੀਆਂ ਨਾਲ ਦੁੱਖ ਸਾਂਝਾ ਕਰਦਿਆਂ ਖੜ੍ਹੇ ਹੋ ਕੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਨ ਨਾਲ ਹੋਇਆ।

11-DEC-PAGE-1.qxd 12/10/2023 10:22 PM Page 2



## ਸਿਰਸਾ ਬਾਰ ਐਸੋਸੀਏਸ਼ਨ ਆਪਣੀਆਂ ਮੰਗਾਂ 'ਤੇ ਅੜਿੱਗ



**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਿਰਸਾ ਬਾਰ ਐਸੋਸੀਏਸ਼ਨ ਦੇ ਜਨਰਲ ਹਾਊਸ ਦੀ ਅਹਿਮ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਗਣੇਸ਼ ਸੇਠੀ ਨੇ ਸਾਰੇ ਬਾਰ ਮੈਂਬਰਾਂ ਨੂੰ ਗ੍ਰਹਿ ਮੰਤਰੀ ਅਨਿਲ ਵਿੱਜ ਤੇ ਮੁੱਖ ਮੰਤਰੀ ਦੇ ਓਐਸਡੀ ਭੁਪੇਸ਼ਵਰ ਦਿਆਲ ਨਾਲ ਹੋਈ ਗੱਲਬਾਤ ਤੋਂ ਜਾਣੂ ਕਰਾਇਆ।ਉਨ੍ਹਾਂ ਕਿਹਾ ਕਿ ਗ੍ਰਹਿ ਮੰਤਰੀ ਅਤੇ ਮੁੱਖ ਮੰਤਰੀ ਦੇ ਓ.ਐਸ.ਡੀ ਨੇ ਬਾਰ ਐਸੋਸੀਏਸ਼ਨ ਨੂੰ ਭਰੋਸਾ ਦਿੱਤਾ ਹੈ ਕਿ ਪਿੰਡ ਬੜਾਗੁੜਾ ਅਤੇ ਰੋੜੀ ਥਾਣਿਆਂ ਦੇ ਵਾਸੀਆਂ ਦੀ ਰਾਏ ਜਾਣ ਕੇ ਕੋਈ ਢੁੱਕਵਾਂ ਫੈਸਲਾ ਲਿਆ ਜਾਵੇਗਾ।ਬਾਰ ਪ੍ਰਧਾਨ ਨੇ ਕਿਹਾ ਕਿ ਐਸੋਸੀਏਸ਼ਨ ਉਦੋਂ ਤੱਕ ਆਰਾਮ ਨਹੀਂ ਕਰੇਗੀ, ਜਦੋਂ ਤੱਕ ਬੜਾਗੁੜਾਂ ਅਤੇ ਰੋੜੀ ਥਾਣਿਆਂ ਨੂੰ ਸਿਰਸਾ ਕੋਰਟ ਨਾਲ ਨਹੀਂ ਜੋੜਿਆ ਜਾਂਦਾ।ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਦੀ ਹੜਤਾਲ ਜਾਰੀ ਰਹੇਗੀ। ਗਣੇਸ਼ ਸੇਠੀ ਨੇ ਐਲਾਨ ਕੀਤਾ ਕਿ ਬਾਰ ਐਸੋਸੀਏਸ਼ਨ ਸਿਰਸਾ ਕੋਰਟ ਵਿੱਚ ਹੋਣ ਵਾਲੀ ਨੈਸ਼ਨਲ ਲੋਕ ਅਦਾਲਤ ਦਾ ਬਾਈਕਾਟ ਕਰੇਗੀ।

## ਚੇਤਨਾ ਪਰਖ ਪ੍ਰੀਖਿਆ ਦੇਣ ਵਾਲੀਆਂ ਵਿਦਿਆਰਥਣਾਂ ਸਨਮਾਨਤ



**ਭੀਖੀ (ਧਰਮਵੀਰ ਸ਼ਰਮਾ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਲਈ ਗਈ ਸਾਲ 2023 ਦੀ ਪੰਜਵੀਂ ਚੇਤਨਾ ਪਰਖ ਪ੍ਰੀਖਿਆ ਦੇਣ ਵਾਲੀਆਂ ਗਰਲਜ ਸਕੂਲ ਦੀਆਂ ਵਿਦਿਆਰਥਣਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਛੇਵੀਂ ਕਲਾਸ ਦੀ ਦੀਆ ਰਾਣੀ ਨੇ ਪਹਿਲੀ ਪੁਜ਼ੀਸਨ ਹਾਸਲ ਕੀਤੀ। ਉਸ ਨੂੰ ਵਿਸ਼ੇਸ਼ ਤੌਰ 'ਤੇ ਕਿਤਾਬਾਂ ਦਾ ਸੈੱਟ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਥੇਬੰਦਕ ਮੁਖੀ ਭੁਪਿੰਦਰ ਫੌਜੀ ਨੇ ਕਿਹਾ ਤਰਕਸ਼ੀਲ ਸੁਸਾਇਟੀ ਚੇਤਨਾ ਪਰਖ ਪ੍ਰੀਖਿਆ ਦੇ ਜ਼ਰੀਏ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ, ਅੰਧਵਿਸ਼ਵਾਸ ਤੋਂ ਦੂਰ ਕਰਨਾ ਅਤੇ ਉਨ੍ਹਾਂ ਦਾ ਬੌਧਿਕ ਪੱਧਰ ਉੱਚਾ ਚੁੱਕਣਾ ਹੈ। ਹਰ ਸਾਲ ਸਕੂਲਾਂ ਵਿੱਚ ਚੇਤਨਾ ਪਰਖ ਪ੍ਰੀਖਿਆ ਲਈ ਜਾਂਦੀ ਹੈ, ਜਿਸ ਨਾਲ ਬੱਚੇ ਬਹੁਤ ਕੁੱਝ ਸਿੱਖਦੇ ਹਨ। ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੁੰਦਾ ਹੈ ਤੇ ਵਿਦਿਆਰਥੀਆਂ ਦਾ ਸਾਹਿਤ ਨਾਲ ਮੋਹ ਪੈਂਦਾ ਹੈ, ਜਦੋਂ ਕਿ ਅੱਜ ਨੌਜਵਾਨ ਮੋਬਾਇਲ ਦੀ ਪੂਰੀ ਤਰ੍ਹਾਂ ਗ੍ਰਿਫ਼ਤ ਵਿੱਚ ਆ ਚੁੱਕੇ ਹਨ। ਸਕੂਲ ਇੰਚਾਰਜ ਰਾਜਿੰਦਰ ਸਿੰਘ ਨੇ ਕਿਹਾ ਤਰਕਸ਼ੀਲ ਸੁਸਾਇਟੀ ਦਾ ਇਹ ਬਹੁਤ ਵੱਡਾ ਉਦਮ ਹੈ, ਜੋ ਸਮਾਜ ਨੂੰ ਅੰਧਵਿਸ਼ਵਾਸ ਤੋਂ ਉਪਰ ਉੱਠ ਕੇ ਵਿਗਿਆਨਕ ਵਿਚਾਰਧਾਰਾ ਦੀ ਗੱਲ ਕਰਦੀ ਹੈ। ਇਸ ਮੌਕੇ ਸੁਸਾਇਟੀ ਵੱਲੋਂ ਅਧਿਆਪਕਾਵਾਂ ਨੂੰ ਸਨਮਾਨਤ ਕੀਤਾ ਗਿਆ, ਜਿਨ੍ਹਾਂ ਨੇ ਇਸ ਪ੍ਰੀਖਿਆ ਵਿੱਚ ਆਪਣਾ ਅਹਿਮ ਯੋਗਦਾਨ ਪਾਇਆ ਸੀ।

## ਸਲਾਬਤਪੁਰਾ ਟੀ-ਪੁਆਇੰਟ 'ਤੇ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਜ਼ਿਲ੍ਹਾ ਪੁਲਸ ਮੁਖੀ ਹਰਮਨਬੀਰ ਸਿੰਘ ਗਿੱਲ ਵੱਲੋਂ ਪੁਲਸ ਨੂੰ ਦਿੱਤੀਆਂ ਹਦਾਇਤਾਂ ਦਾ ਅਸਰ ਵੇਖਣ ਨੂੰ ਮਿਲ ਰਿਹਾ ਹੈ, ਜਿਸ ਤਹਿਤ ਚੌਂਕੀ ਭਗਤਾ ਐਟ ਦਿਆਲਪੁਰਾ ਦੇ ਇੰਚਾਰਜ ਫਰਵਿੰਦਰ ਸਿੰਘ ਵੱਲੋਂ ਸਲਾਬਤਪੁਰਾ ਟੀ-ਪੁਆਇੰਟ 'ਤੇ ਨਾਕਾਬੰਦੀ ਮੋਟਰਸਾਇਕਲ ਸਵਾਰਾਂ ਦੀ ਚੈਕਿੰਗ ਕੀਤੀ ਗਈ। ਥਾਣੇਦਾਰ ਫਰਵਿੰਦਰ ਸਿੰਘ ਨੇ ਕਿਹਾ ਕਿ ਉਹ ਜ਼ਿਲ੍ਹਾ ਪੁਲਸ ਵੱਲੋਂ ਦਿੱਤੀਆਂ ਹਦਾਇਤਾਂ ਦਾ ਇੰਨ-ਬਿੰਨ ਪਾਲਣ ਕਰਨਗੇ ਅਤੇ ਸ਼ੱਕੀ ਵਾਹਨਾਂ ਦੀ ਚੈਕਿੰਗ ਕਰਨ ਦੇ ਨਾਲ-ਨਾਲ ਕ੍ਰਾਇਮ ਨੂੰ ਘਟਾਉਣ ਵਿੱਚ ਹਰ ਤਰ੍ਹਾਂ ਦਾ ਬਣਦਾ ਯੋਗਦਾਨ ਪਾਉਣਗੇ ਅਤੇ ਆਪਣੀ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਚੌਕੀ ਇੰਚਾਰਜ ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਗਈ ਕਿ ਜੇਕਰ ਉਹ ਆਪਸ ਵਿੱਚ ਕਿਸੇ ਕਿਸਮ ਦਾ ਗੁੱਟਬੰਦੀ ਝਗੜਾ ਕਰਨਗੇ ਤਾਂ ਉਨ੍ਹਾਂ ਖਿਲਾਫ਼ ਸਖਤ ਤੋਂ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਬਾਦਲ ਦਾ ਜਨਮ ਦਿਹਾੜਾ ਸਦਭਾਵਨਾ ਦਿਵਸ ਵਜੋਂ ਮਨਾਇਆ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਦੇ 5 ਵਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਜਨਮ ਦਿਨ ਸਦਭਾਵਨਾ ਦਿਵਸ ਵਜੋਂ ਅਤੇ ਖੂਨਦਾਨ ਕੈਂਪ ਲਗਾ ਕੇ ਸ਼੍ਰੋਮਣੀ ਅਕਾਲੀ ਦਲ ਹਲਕਾ ਮਾਨਸਾ ਵੱਲੋਂ ਬੜੇ ਉਤਸ਼ਾਹ ਨਾਲ ਗੁਰਦੁਆਰਾ ਸਿੰਘ ਸਭਾ ਮੁੱਖ ਬਜ਼ਾਰ ਵਿਖੇ ਹਲਕਾ ਇੰਚਾਰਜ ਪ੍ਰੇਮ ਕੁਮਾਰ ਦੀ ਅਗਵਾਈ ਵਿੱਚ ਮਨਾਇਆ ਗਿਆ। ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਉਣ ਉਪਰੰਤ ਪਾਰਟੀ ਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਸੰਗਤ ਵੱਲੋਂ ਅਰਦਾਸ ਕੀਤੀ ਗਈ ਅਤੇ ਨਾਲ ਹੀ ਬਾਦਲ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਮਹਾਨ ਖੂਨਦਾਨ ਕੈਂਪ ਦਾ ਪ੍ਰਬੰਧ ਵੀ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਪ੍ਰੇਮ ਕੁਮਾਰ ਅਰੋੜਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਬਜੈਕਟਿਵ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਨੇ ਸਾਂਝੇ ਤੌਰ 'ਤੇ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਸਮੁੱਚਾ ਜੀਵਨ ਜਿੱਥੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਲਾਇਆ, ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਬੁਲੰਦੀਆਂ ਤੱਕ ਲਿਜਾਣ ਲਈ ਆਪਣੀ ਅਹਿਮ ਭੂਮਿਕਾ ਅਦਾ ਕੀਤੀ ਅਤੇ ਰਾਜ ਸੱਤਾ ਵਿੱਚ ਹੁੰਦਿਆ ਹੋਇਆਂ ਕਿਸਾਨਾਂ, ਮਜ਼ਦੂਰਾਂ, ਵਪਾਰੀਆਂ ਅਤੇ ਮੁਲਾਜ਼ਮਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦਿੱਤੀਆਂ ਅਤੇ ਗਰੀਬਾਂ ਦੇ ਹਮਦਰਦ ਵਜੋਂ ਆਪਣੀਆਂ ਸੇਵਾਵਾਂ ਨਿਰਸਵਾਰਥ ਨਿਭਾਈਆਂ।

## 25 ਜਨਵਰੀ ਤੱਕ ਵੈਨਾਂ ਰਾਹੀਂ ਪੁਚਾਇਆ ਜਾਵੇਗਾ ਸਰਕਾਰੀ ਸਕੀਮਾਂ ਦਾ ਲਾਹਾ : ਡੀ ਸੀ




**ਮੋਗਾ (ਅਮਰਜੀਤ ਬੱਬਰੀ)**-ਕੇਂਦਰ ਸਰਕਾਰ ਵਲੋਂ 'ਵਿਕਸਤ ਭਾਰਤ ਸੰਕਲਪ ਯਾਤਰਾ' ਤਹਿਤ ਚੱਲ ਰਹੀ ਵੈਨ ਰਾਹੀਂ ਪਿੰਡ ਵਾਸੀਆਂ ਵੱਲੋਂ ਵੱਖ-ਵੱਖ ਸਰਕਾਰੀ ਸਕੀਮਾਂ ਦਾ ਲਾਭਪਾਤਰੀਆਂ ਵਜੋਂ ਵੱਡੀ ਗਿਣਤੀ ਵਿੱਚ ਲਾਹਾ ਲਿਆ ਜਾ ਰਿਹਾ ਹੈ।ਵਿਕਸਤ ਭਾਰਤ ਸੰਕਲਪ ਯਾਤਰਾ ਵੈਨ ਜ਼ਰੀਏ ਬੀਤੇ ਦਿਨ ਨਿਧਾਂਵਾਲਾ ਤੇ ਸਲੀਣਾ ਪਿੰਡਾਂ ਦੇ ਲੋਕਾਂ ਨੂੰ ਸਰਕਾਰੀ ਸਕੀਮਾਂ ਪ੍ਰਤੀ ਜਾਗਰੂਕਤਾ ਤੋਂ ਇਲਾਵਾ ਮੌਕੇ ਉੱਪਰ ਹੀ ਇਨ੍ਹਾਂ ਦਾ ਲਾਹਾ ਯੋਗ ਲਾਭਪਾਤਰੀਆਂ ਨੂੰ ਮੁਹੱਈਆ ਕਰਾਇਆ ਗਿਆ।ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਕੇਂਦਰ ਦੇ ਪ੍ਰਮੁੱਖ ਯੋਜਨਾਵਾਂ ਤੇ ਪ੍ਰੋਗਰਾਮਾਂ ਨੂੰ ਲਾਭਪਾਤਰੀਆਂ ਤੱਕ ਪਹੁੰਚਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ ਤੇ ਇਹ ਯਾਤਰਾ 25 ਜਨਵਰੀ, 2024 ਨੂੰ ਸਮਾਪਤ ਹੋਵੇਗੀ।ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵਲੋਂ 'ਵਿਕਸਤ ਭਾਰਤ ਸੰਕਲਪ ਯਾਤਰਾ-ਹਮਾਰਾ ਸੰਕਲਪ ਵਿਕਸਿਤ ਭਾਰਤ' ਮੁਹਿੰਮ ਦੀ ਨਿਗਰਾਨੀ ਸਿੱਧੇ ਤੌਰ ਉੱਤੇ ਕੀਤੀ ਜਾ ਰਹੀ ਹੈ। ਪਿੰਡਾਂ ਵਿੱਚ ਜਾਗਰੂਕਤਾ ਵੈਨਾਂ ਨੂੰ ਭੇਜ ਕੇ ਕੈਂਪ ਲਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹੁਣ ਤੱਕ ਕਦੀ ਨਾ ਕਵਰ ਕੀਤੇ ਗਏ ਲਾਭਪਾਤਰੀਆਂ ਦਾ ਮਾਰਗਦਰਸ਼ਨ ਕੀਤਾ ਜਾ ਰਿਹਾ ਹੈ, ਤਾਂ ਜੁ ਜਿਨ੍ਹਾਂ ਯੋਜਨਾਵਾਂ ਦਾ ਲਾਭ ਉਨ੍ਹਾਂ ਤੱਕ ਨਹੀਂ ਪਹੁੰਚਿਆ, ਉਹ ਵੀ ਯੋਜਨਾਵਾਂ ਦਾ ਲਾਭ ਲੈ ਸਕਣ।

## ਅਕਾਲੀ ਆਗੂ ਨੰਦ ਸਿੰਘ ਘਰ ਪੁੱਜੇ ਸੁਖਬੀਰ ਸਿੰਘ ਬਾਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ)**-ਪਿੰਡ ਵੜਿੰਗ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਨੰਦ ਸਿੰਘ ਵੜਿੰਗ ਦੇ ਗ੍ਰਹਿ ਵਿਖੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਹੁੰਚੇ ਤੇ ਸੀਨੀਅਰ ਅਕਾਲੀ ਆਗੂ ਨੰਦ ਸਿੰਘ ਵੜਿੰਗ ਦੇ ਭਤੀਜੇ ਹਰਗੋਬਿੰਦ ਸਿੰਘ ਪੁੱਤਰ ਹਰਚੰਦ ਸਿੰਘ ਨੂੰ ਵਿਆਹ ਦੀ ਮੁਬਾਰਕਬਾਦ ਦਿੱਤੀ ਅਤੇ ਨਵਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਵਿਧਾਇਕ ਕਵਰਜੀਤ ਸਿੰਘ ਰੋਜ਼ੀ ਬਰਕੰਦੀ, ਹਨੀ ਫੱਤਣਵਾਲਾ ਸਾਬਕਾ ਜਨਰਲ ਸਕੱਤਰ, ਗੁਰਮੇਲ ਸਿੰਘ ਵੜਿੰਗ, ਹਰਜੀਤ ਸਿੰਘ ਵੜਿੰਗ, ਹੀਰਾ ਸਿੰਘ ਚੜੇਵਾਣ, ਗੁਰਦੀਪ ਸਿੰਘ ਮੜਮੱਲੂ ਤੋਂ ਇਲਾਵਾ ਸੀਨੀਅਰ ਅਕਾਲੀ ਆਗੂ ਵੀ ਹਾਜ਼ਰ ਸਨ।

## ਮਾੜੀ ਸੁਸਾਇਟੀ ਤੇ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਬਚਣ ਵਾਲੇ ਬੱਚੇ ਹੀ ਬਣਦੇ ਹਨ ਅਫ਼ਸਰ : ਸ਼ਕੁੰਤਲਾ ਦੇਵੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਮੈਂ ਵੀ ਤੁਹਾਡੀ ਤਰ੍ਹਾਂ ਇਸੇ ਸਕੂਲ ਵਿੱਚ ਪੜ੍ਹੀ, ਕਿਉਂਕਿ ਮੇਰਾ ਜਨਮ ਇਸੇ ਪਿੰਡ ਚਿੱਬੜਾਂਵਾਲੀ ਦਾ ਹੈ, ਜਿਸ ਕਰਕੇ ਬਤੌਰ ਹਿੰਦੀ ਅਧਿਆਪਕ ਮੇਰੇ ਵਲੋਂ ਅਖ਼ਬਾਰਾਂ ਵਿੱਚ ਲਿਖੇ ਜਾਂਦੇ ਵੱਖ-ਵੱਖ ਵਿਸ਼ਿਆਂ ਦੇ ਲੇਖਾਂ ਦੌਰਾਨ ਵੀ ਮੈਂ ਆਪਣੇ ਨਾਮ ਨਾਲ ਪਿੰਡ ਚਿੱਬੜਾਂਵਾਲੀ ਜ਼ਰੂਰ ਲਿਖਦੀ ਰਹੀ ਹਾਂ। ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਵੱਲੋਂ ਪਿੰਡ ਚਿੱਬੜਾਂਵਾਲੀ ਦੇ ਸਰਕਾਰੀ ਹਾਈ ਸਕੂਲ ਵਿਖੇ ਹੁਸ਼ਿਆਰ ਬੱਚਿਆਂ ਦੇ ਕਰਾਏ ਗਏ ਸਨਮਾਨ ਸਮਾਰੋਹ ਦੌਰਾਨ ਬਤੌਰ ਮੁੱਖ ਮਹਿਮਾਨ ਪੁੱਜੇ ਮੈਡਮ ਸ਼ਕੁੰਤਲਾ ਦੇਵੀ ਨੇ ਆਪਣੀ ਪਿੰਡ ਨਾਲ ਸਾਂਝ ਦੀਆਂ ਅਨੇਕਾਂ ਉਦਾਹਰਣਾਂ ਦੇਣ ਉਪਰੰਤ ਸਕੂਲ ਦੇ ਵਿਕਾਸ ਲਈ 10 ਹਜ਼ਾਰ ਰੁਪਏ ਦਾ ਚੈੱਕ ਵੀ ਸੌਂਪਿਆ। ਮੁੱਖ ਮਹਿਮਾਨ ਦੇ ਪਤੀ ਬਸੰਤ ਨਰੂਲਾ ਸੇਵਾਮੁਕਤ ਮੈਨੇਜਰ ਐੱਸ.ਬੀ.ਆਈ. ਨੇ ਵਿਦਿਆਰਥੀ-ਵਿਦਿਆਰਥਣਾਂ ਤੇ ਸਰਕਾਰੀ ਸਕੂਲਾਂ ਲਈ ਬੈਂਕ ਦੀਆਂ ਸਹੂਲਤਾਂ ਅਤੇ ਸਕੀਮਾਂ ਤੋਂ ਜਾਣੂ ਕਰਾਇਆ। ਪ੍ਰੋ. ਐੱਚ.ਐੱਸ. ਪਦਮ, ਮਾ ਐੱਸ.ਐੱਸ. ਸੁਨਾਮੀ, ਜਗਸੀਰ ਸਿੰਘ ਬਰਾੜ, ਗੁਰਿੰਦਰ ਸਿੰਘ ਮਹਿੰਦੀਰੱਤਾ ਤੇ ਮੈਡਮ ਬਲਜਿੰਦਰ ਕੌਰ ਮੱਤਾ ਨੇ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਂਦਿਆਂ ਆਖਿਆ ਕਿ ਜੇਕਰ ਤੁਸੀਂ ਸਮਾਜਿਕ ਕੁਰੀਤੀਆਂ ਅਤੇ ਮਾੜੀ ਸੁਸਾਇਟੀ ਤੋਂ ਬਚੇ ਰਹੇ ਤਾਂ ਬਹੁਤ ਵੱਡੇ ਅਫ਼ਸਰ ਬਣੋਗੇ, ਜੇਕਰ ਵੱਡੇ ਅਫ਼ਸਰ ਬਣ ਗਏ ਤਾਂ ਰਾਮ ਮੁਹੰਮਦ ਸਿੰਘ ਆਜ਼ਾਦ ਵੈਲਫੇਅਰ ਸੁਸਾਇਟੀ ਵਲੋਂ ਇਸ ਸਕੂਲ ਦੇ ਮੰਚ ਤੋਂ ਤੁਹਾਨੂੰ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਬੱਚਿਆਂ ਨੂੰ ਵਹਿਮ-ਭਰਮ, ਅੰਧ-ਵਿਸ਼ਵਾਸ, ਕਰਮਕਾਂਡ ਆਦਿ ਤੋਂ ਬਚ ਕੇ ਪੜ੍ਹਾਈ ਵਿੱਚ ਦਿਲਚਸਪੀ ਲੈਣ ਸਮੇਤ ਤਰੱਕੀ ਦੇ ਸਰੋਤ ਵਾਲੇ ਅਨੇਕਾਂ ਨੁਕਤੇ ਸਮਝਾਏ। ਅੰਤ ਵਿੱਚ ਸੁਸਾਇਟੀ ਵੱਲੋਂ ਸਕੂਲ ਦੇ ਛੇਵੀਂ ਤੋਂ 10ਵੀਂ ਤੱਕ ਪਹਿਲਾ, ਦੂਜਾ, ਤੀਜਾ ਸਥਾਨ ਲੈਣ ਵਾਲੇ ਬੱਚਿਆਂ ਦੇ ਨਾਲ ਨਾਲ ਮੁੱਖ ਮਹਿਮਾਨ ਅਤੇ ਸਕੂਲ ਮੁਖੀ ਮਨਪ੍ਰੀਤ ਸਿੰਘ ਸਮੇਤ ਸਮੁੱਚੇ ਸਟਾਫ਼ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਮੰਚ ਸੰਚਾਲਨ ਮੈਡਮ ਵੀਰਪਾਲ ਕੌਰ ਤੇ ਮੈਡਮ ਮਨਪ੍ਰੀਤ ਕੌਰ ਨੇ ਸਾਂਝੇ ਤੌਰ 'ਤੇ ਕੀਤਾ। ਇਸ ਮੌਕੇ ਮੁੱਖ ਮਹਿਮਾਨ ਮੈਡਮ ਸ਼ਕੁੰਤਲਾ ਦੇਵੀ ਦੇ ਅਨੇਕਾਂ ਪਰਵਾਰਕ ਮੈਂਬਰ, ਰਿਸ਼ਤੇਦਾਰ ਤੇ ਪਿੰਡ ਦੀਆਂ ਉੱਘੀਆਂ ਸ਼ਖ਼ਸੀਅਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਮਾਘੀ ਮੇਲੇ ਮੌਕੇ ਪੂਰੇ ਪ੍ਰਬੰਧ ਤੇ ਲੋੜੀਂਦੇ ਫੰਡਾਂ ਲਈ ਸਰਕਾਰ ਨੂੰ ਕੀਤੀ ਅਪੀਲ

**ਮੁਕਤਸਰ (ਸ਼ਮਿੰਦਰਪਾਲ, ਪੂਜਾ)**-ਸ਼ਾਮ ਲਾਲ ਗੋਇਲ ਪ੍ਰਧਾਨ ਜ਼ਿਲ੍ਹਾ ਨੈਸ਼ਨਲ ਕੰਜਿਊਮਰ ਅਵੇਅਰਨੈਸ ਗਰੁੱਪ ਤੇ ਗੋਬਿੰਦ ਸਿੰਘ ਦਾਬੜਾ, ਜਨਰਲ ਸਕੱਤਰ ਵੱਲੋਂ ਮੁੱਖ ਮੰਤਰੀ, ਸਥਾਨਕ ਸਰਕਾਰਾ ਮੰਤਰੀ, ਡਿਪਟੀ ਕਮਿਸ਼ਨਰ ਤੇ ਹੋਰ ਸਾਰੇ ਅਫ਼ਸਰਾਂ ਨੂੰ ਇੱਕ ਪੱਤਰ ਲਿਖ ਕੇ ਮਾਘੀ ਮੇਲਾ-2024 ਸਮੇਂ ਸਚਾਰੂ ਪ੍ਰਬੰਧ ਕਰਨ ਲਈ ਸੁਝਾਅ ਪੇਸ਼ ਕਰਕੇ ਬੇਨਤੀ ਕੀਤੀ ਗਈ ਕਿ ਇਸ ਸਬੰਧ ਵਿੱਚ ਮੇਲੇ ਦਾ ਪ੍ਰਬੰਧ ਰੈੱਡ ਕਰਾਸ ਦੀ ਬਜਾਏ ਨਗਰ ਕੌਂਸਲ ਨੂੰ ਕਰਨ ਲਈ ਆਦੇਸ਼ ਜਾਰੀ ਕੀਤੇ ਜਾਣ 'ਤੇ ਮੇਲੇ ਲਈ ਖਾਲੀ ਜਗ੍ਹਾ ਦਾ ਪ੍ਰਬੰਧ ਕੀਤਾ ਜਾਵੇ, ਜੋ ਦੁਕਾਨਾਂ ਮਲੋਟ ਰੋਡ 'ਤੇ ਲੱਗਦੀਆਂ ਹਨ, ਨੂੰ ਪੁਰਾਣੀ ਜੇਲ੍ਹ-ਕਚਿਹਰੀਆਂ ਦੀ ਖਾਲੀ ਥਾਂ ਅਲਾਟ ਕੀਤੀ ਜਾਵੇ, ਜਿਵੇਂ ਮਲੋਟ ਰੋਡ 'ਤੇ ਟ੍ਰੈਫ਼ਿਕ ਦੀ ਵੱਡੀ ਸੱਮਸਿਆ ਆਉਂਦੀ ਹੈ। ਬੱਸ ਸਟੈਂਡ ਨੂੰ ਜਾਣ ਦਾ ਰਸਤਾ ਬੰਦ ਹੋ ਜਾਂਦਾ ਹੈ। ਸ਼ਹਿਰ ਦੇ ਮੇਨ ਸਟੇਟ ਬੈਂਕ ਤੱਕ ਪਹੁੰਚਣਾ ਵੀ ਮੁਸ਼ਕਲ ਹੋ ਜਾਂਦਾ ਹੈ। ਸ਼ਹਿਰ ਦੇ ਚਾਰ ਸਕੂਲ ਡੇਰਾ ਭਾਈ ਮਸਤਾਨ ਸਿੰਘ, ਬੜ੍ਹ ਸਾਹਿਬ, ਲੜਕੀਆਂ ਦਾ ਸਰਕਾਰੀ ਸਕੂਲ ਤੇ ਪ੍ਰਾਇਮਰੀ ਸਕੂਲ ਦੇ ਵਿਦਿਆਰਥੀ ਖਾਸ ਕਰਕੇ ਲੜਕੀਆਂ ਨੂੰ ਬਹੁਤ ਦਿੱਕਤਾਂ ਆਉਂਦੀਆਂ ਹਨ। 5 ਜਨਵਰੀ ਤੋਂ 25 ਜਨਵਰੀ ਤੱਕ ਸ਼ਹਿਰ ਦੇ ਟ੍ਰੈਫ਼ਿਕ ਨੂੰ ਵੰਨਵੇਅ ਕੀਤਾ ਜਾਵੇ। ਸ਼ਹਿਰ ਦੀ ਸੜਕਾਂ ਦੀ ਮੁਰੰਮਤ ਕੀਤੀ ਜਾਵੇ। ਵਾਟਰ ਸਪਲਾਈ ਨੂੰ ਯਕੀਨੀ ਕੀਤਾ ਜਾਵੇ ਅਤੇ ਸੀਵਰੇਜ ਠੀਕ ਕੀਤੇ ਜਾਣ ਖਾਸ ਕਰਕੇ ਨਾਕਾ ਨੰਬਰ: 2 'ਤੇ ਜੋ ਪਾਣੀ ਖੜਦਾ ਹੈ, ਉਸ ਨੂੰ ਠੀਕ ਕੀਤਾ ਜਾਵੇ। ਸ਼ਹਿਰ ਦੇ ਸਾਰੇ ਕੈਮਰੇ ਚਾਲੂ ਕੀਤੇ ਜਾਣ, ਜਿੱਥੇ ਨਹੀਂ ਹਨ, ਉਥੇ ਹੋਰ ਲਾਏ ਜਾਣ। ਬੂੜਾ ਗੁਜਰ ਰੋਡ ਦਾ ਸੁਧਾਰ ਕੀਤਾ ਜਾਵੇ। ਸਵਰੀਟ ਲਾਈਟ ਦੀ ਪੂਰੀ ਮੁਰੰਮਤ ਕੀਤੀ ਜਾਵੇ। ਸਾਰੇ ਵਿਭਾਗਾਂ ਨੂੰ ਲੋੜੀਂਦੇ ਫੰਡ ਸਮੇਂ ਸਿਰ ਜਾਰੀ ਕੀਤੇ ਜਾਣ। ਇਸ ਸਮੇਂ ਉਨ੍ਹ ਨਾਲ ਬਲਦੇਵ ਸਿੰਘ ਬੇਦੀ, ਜਸਵੰਤ ਸਿੰਘ ਬਰਾੜ, ਕਾਲਾ ਸਿੰਘ ਬੇਦੀ, ਭਵਰ ਲਾਲ ਸ਼ਰਮਾ, ਬਲਜੀਤ ਸਿੰਘ, ਪਰਮੋਦ ਆਰੀਆ ਤੇ ਸੁਭਾਸ਼ ਚੱਕਤੀ ਹਾਜ਼ਰ ਸਨ।

## ਮਾਨ ਸਰਕਾਰ ਵੱਲੋਂ ਲੋਕਾਂ ਨੂੰ ਘਰ-ਘਰ ਸਹੂਲਤਾਂ ਮੁਹੱਈਆ ਕਰਾਉਣਾ ਸ਼ਲਾਘਾਯੋਗ : ਡਾ. ਕੰਗ, ਬਲਖੰਡੀ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਤੇ 'ਆਪ' ਕਨਵੀਨਰ ਲੁਧਿਆਣਾ ਵਿਖੇ ਭਗਵੰਤ ਮਾਨ ਨੇ 'ਸਰਕਾਰ ਤੁਹਾਡੇ ਦੁਆਰ ਸਕੀਮ' ਦੀ ਸ਼ੁਰੂਆਤ ਕੀਤੀ ਹੈ। ਇਸ ਨਾਲ ਪੰਜਾਬ ਦੇ ਲੋਕਾਂ ਨੂੰ ਬਹੁਤ ਫ਼ਾਇਦਾ ਮਿਲੇਗਾ ਅਤੇ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਮਾਰਨੇ ਪੈਣਗੇ ਤੇ ਇਸ ਸਕੀਮ ਵਿੱਚ ਲੋਕਾਂ ਨੂੰ ਕਈ ਅਹਿਮ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਜੋ ਮਾਨ ਸਰਕਾਰ ਲਈ ਬਹੁਤ ਸ਼ਲਾਘਾਯੋਗ ਕਦਮ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪਿੰਡ ਚੂਹੜਚੱਕ ਦੇ ਆਮ ਆਦਮੀ ਪਾਰਟੀ ਦੀ ਆਗੂ ਡਾ. ਮਨਦੀਪ ਸਿੰਘ ਕੰਗ ਅਤੇ ਕਿਰਤ ਭਲਾਈ ਬੋਰਡ ਦੇ ਮੈਂਬਰ ਬਲਦੇਵ ਸਿੰਘ ਬਲਖੰਡੀ ਨੇ ਲੁਧਿਆਣਾ ਰੈਲੀ ਲਈ ਇੱਕਠ ਨਾਲ ਰਵਾਨਾ ਹੋਣ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਜਦੋਂ ਤੋਂ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ, ਉਦੋਂ ਤੋਂ ਹੀ ਲੋਕਾਂ ਨੂੰ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਤੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਖੁਸ਼ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਜੋ ਸਕੀਮ ਸ਼ੁਰੂ ਕੀਤੀ ਜਾ ਰਹੀ ਹੈ, ਉਸ ਨਾਲ ਲੋਕਾਂ ਨੂੰ ਬਹੁਤ ਰਾਹਤ ਮਿਲਣ ਵਾਲੀ ਹੈ, ਕਿਉਂਕਿ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਕੰਮ ਕਰਵਾਉਣ ਲਈ ਲੋਕਾਂ ਨੂੰ ਕਾਫੀ ਸਮਾਂ ਇੰਤਜ਼ਾਰ ਕਰਨਾ ਪੈਂਦਾ ਸੀ, ਪਰ ਇਸ ਸਕੀਮ ਦੇ ਲਾਗੂ ਹੋਣ ਨਾਲ ਲੋਕਾਂ ਨੂੰ ਘਰ ਬੈਠੇ ਹੀ ਸਾਰੀਆਂ ਸਹੂਲਤਾਂ ਮਿਲਣਗੀਆਂ, ਜਿਸ ਨਾਲ ਉਨ੍ਹਾਂ ਦੀ ਖੱਜਲ ਖੁਆਰੀ ਤੇ ਸਮੇਂ ਦੀ ਬਰਬਾਦੀ ਖਤਮ ਹੋ ਜਾਵੇਗੀ।

## ...ਸ.ਫ਼ਾ 1 ਦੇ ਬਾਕੀ

### ਹੁਣ 'ਭਗਵੰਤ ਮਾਨ...

(ਪਾਵਰ), ਵਿਆਹ ਦੀ ਰਜਿਸਟ੍ਰੇਸ਼ਨ (ਲਾਜ਼ਮੀ), ਵਿਆਹ (ਆਨੰਦ), (ਘਰ) ਦੀ ਰਜਿਸਟ੍ਰੇਸ਼ਨ ਅਤੇ ਪੇਂਡੂ ਖੇਤਰ ਦਾ ਸਰਟੀਫਿਕੇਟ ਸ਼ਾਮਲ ਹਨ।

'ਭਗਵੰਤ ਮਾਨ ਸਰਕਾਰ, ਤੁਹਾਡੇ ਦੁਆਰ' ਸਕੀਮ ਤਹਿਤ ਦਰ 'ਤੇ ਜਾ ਕੇ ਸੇਵਾਵਾਂ ਪ੍ਰਦਾਨ ਕਰਨ (ਡੋਰ ਸਟੈੱਪ ਡਲਿਵਰੀ) ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਨਾਲ ਸਰਕਾਰ ਤੋਂ ਨਾਗਰਿਕ ਤੱਕ ਸੇਵਾਵਾਂ (ਗਵਰਮੈਂਟ-ਟੂ-ਸਿਟੀਜ਼ਨ) ਨਿਰਵਿਘਨ ਮੁਹੱਈਆ ਹੋਣਗੀਆਂ। ਇਹ ਪਹਿਲਕਦਮੀ ਸੂਬਾ ਦੇ ਨਾਗਰਿਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ 'ਤੇ ਸਾਰੀਆਂ 43 ਮਹੱਤਵਪੂਰਨ ਜੀ 2 ਸੀ ਸੇਵਾਵਾਂ-ਜਿਵੇਂ ਜਨਮ ਅਤੇ ਮੌਤ ਦੇ ਸਰਟੀਫਿਕੇਟ, ਆਮਦਨ, ਰਿਹਾਇਸ਼, ਜਾਤੀ, ਪੈਨਸ਼ਨ, ਬਿਜਲੀ ਬਿੱਲ ਭੁਗਤਾਨ ਅਤੇ ਹੋਰ ਸੇਵਾਵਾਂ ਪ੍ਰਦਾਨ ਕਰੇਗੀ। ਸੂਬੇ ਦੇ ਨਾਗਰਿਕ ਇੱਕ ਸਮਰਪਿਤ ਹੈੱਲਪਲਾਈਨ ਨੰਬਰ 1076 'ਤੇ ਕਾਲ ਕਰਕੇ ਆਪਣੀ ਸਹੂਲਤ ਅਨੁਸਾਰ ਪੂਰਵ-ਮੁਲਾਕਾਤ ਦਾ ਸਮਾਂ ਤੈਅ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਨਾਗਰਿਕਾਂ ਨੂੰ ਸੇਵਾ ਪ੍ਰਾਪਤ ਕਰਨ ਲਈ ਲੋੜੀਂਦੇ ਦਸਤਾਵੇਜ਼ਾਂ, ਤੈਅ ਫੀਸਾਂ ਅਤੇ ਹੋਰਨਾਂ ਜ਼ਰੂਰਤਾਂ ਬਾਰੇ ਸੂਚਿਤ ਕੀਤਾ ਜਾਵੇਗਾ। ਇਸ ਦੇ ਨਾਲ ਹੀ ਨਾਗਰਿਕਾਂ ਨੂੰ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ ਅਤੇ ਮੁਲਾਕਾਤ ਦੀ ਮਿਤੀ/ ਸਮੇਂ ਬਾਰੇ ਐੱਸ ਐੱਮ ਐੱਸ (ਮੋਬਾਇਲ ਸੰਦੇਸ਼) ਪ੍ਰਾਪਤ ਹੋਵੇਗਾ। ਇਸ ਤੋਂ ਬਾਅਦ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਕਰਮਚਾਰੀ ਟੈਬਲੈੱਟ ਦੇ ਨਾਲ ਨਿਰਧਾਰਤ ਸਮੇਂ 'ਤੇ ਉਨ੍ਹਾਂ ਦੇ ਘਰ/ ਦਫਤਰ ਆਉਣਗੇ ਅਤੇ ਜ਼ਰੂਰੀ ਕਾਗਜ਼ੀ ਕਾਰਵਾਈ ਨੂੰ ਪੂਰਾ ਕਰਨਗੇ ਅਤੇ ਫੀਸ ਲੈ ਕੇ ਰਸੀਦ ਦੇਣਗੇ। ਇਸ ਰਸੀਦ ਨਾਲ ਨਾਗਰਿਕ ਆਪਣੀ ਅਰਜ਼ੀ ਨੂੰ ਟਰੈਕ ਕਰ ਸਕਦੇ ਹਨ। ਇਸ ਸਕੀਮ ਨਾਲ ਨਾ ਸਿਰਫ ਲੋਕਾਂ ਦੀ ਸਹੂਲਤ ਵਿੱਚ ਵਾਧਾ ਹੋਵੇਗਾ, ਸਗੋਂ ਵਿਚੋਲਿਆਂ ਦੀ ਭੂਮਿਕਾ ਵੀ ਖਤਮ ਹੋਵੇਗੀ, ਜਿਸ ਨਾਲ ਪਾਰਦਰਸ਼ਤਾ, ਕੁਸ਼ਲਤਾ ਅਤੇ ਨਾਗਰਿਕ-ਕੇਂਦਰਤ ਸ਼ਾਸਨ ਯਕੀਨੀ ਬਣਾਇਆ ਜਾਵੇਗਾ। ਨਾਗਰਿਕ ਅੱਜ ਭਾਵ 10 ਦਸੰਬਰ ਤੋਂ ਸੇਵਾ ਕੇਂਦਰਾਂ ਅਤੇ ਸਮਰਪਿਤ ਹੈੱਲਪਲਾਈਨ ਨੰਬਰ 1076 ਦੋਵਾਂ ਰਾਹੀਂ ਡੀ ਐੱਸ ਡੀ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਇਹ ਸਕੀਮ ਲੋਕਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਨ ਸੰਬੰਧੀ ਸੂਬਾ ਸਰਕਾਰ ਦੇ ਉਪਰਾਲਿਆਂ ਦੇ ਹਿੱਸੇ ਵਜੋਂ ਸ਼ੁਰੂ ਕੀਤੀ ਗਈ ਹੈ, ਤਾਂ ਜੋ ਨਾਗਰਿਕ ਆਪਣੇ ਰੋਜ਼ਾਨਾ ਦੇ ਪ੍ਰਸ਼ਾਸਕੀ ਕੰਮ ਆਸਾਨੀ ਨਾਲ ਅਤੇ ਨਿਰਵਿਘਨ ਢੰਗ ਨਾਲ ਕਰਵਾ ਸਕਣ। ਇਸ ਦੌਰਾਨ ਮੁੱਖ ਮੰਤਰੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੇ ਇਸ ਸਕੀਮ ਦਾ ਲਾਭ ਲੈਣ ਵਾਲੇ ਲੋਕਾਂ ਦੀ ਸਹੂਲਤ ਲਈ ਮੋਬਾਇਲ ਸਹਾਇਕਾਂ ਨੂੰ ਵੀ ਹਰੀ ਝੰਡੀ ਦਿੱਤੀ।

### ਛੱਤੀਸਗੜ੍ਹ 'ਚ ਸਾਏ ...

ਵਿਸ਼ਲੇਸ਼ਕਾਂ ਮੁਤਾਬਕ ਵਸੁੰਧਰਾ ਮੋਦੀ-ਸ਼ਾਹ ਨੂੰ ਚੁਣੌਤੀ ਦੇ ਰਹੀ ਹੈ। ਬਹੁਤੇ ਵਿਧਾਇਕ ਉਨ੍ਹਾ ਨਾਲ ਦੱਸੇ ਜਾ ਰਹੇ ਹਨ। ਐਤਵਾਰ ਵੀ ਜੈਪੁਰ ਵਿਚ ਉਨ੍ਹਾ ਦੀ ਕੋਠੀ ਵਿਚ ਵਿਧਾਇਕਾਂ ਦਾ ਜਮਾਵੜਾ ਰਿਹਾ। ਮੱਧ ਪ੍ਰਦੇਸ਼ ਵਿਚ ਵੀ ਹਾਈਕਮਾਨ ਕਈ ਸਾਲਾਂ ਤੋਂ ਮੁੱਖ ਮੰਤਰੀ ਚਲੇ ਆ ਰਹੇ ਸ਼ਿਵਰਾਜ ਚੌਹਾਨ ਦੀ ਥਾਂ ਨਵਾਂ ਚਿਹਰਾ ਲਿਆਉਣਾ ਚਾਹ ਰਹੀ ਹੈ, ਪਰ ਚੌਹਾਨ ਨੂੰ ਨਜ਼ਰਅੰਦਾਜ਼ ਕਰਨਾ ਸੌਖਾ ਨਹੀਂ।

## ਚੇਤਨਾ ਪਰਖ ਪ੍ਰੀਖਿਆ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ ਸਮਾਗਮ 24 ਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਲੋਕਾਂ ਦਾ ਸੋਚਣਢੰਗ ਵਿਗਿਆਨਕ ਬਣਾਉਣ ਲਈ ਯਤਨਸੀਲ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਵਿਸ਼ੇਸ਼ ਮੀਟਿੰਗ ਮਾਸਟਰ ਪਰਮਵੇਦ ਤੇ ਸੁਰਿੰਦਰਪਾਲ ਦੀ ਅਗਵਾਈ 'ਚ ਹੋਈ। ਮੀਟਿੰਗ ਦੀ ਕਾਰਵਾਈ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ, ਚਰਨ ਸਿੰਘ, ਗੁਰਦੀਪ ਸਿੰਘ ਤੇ ਸੀਤਾ ਰਾਮ ਨੇ ਦੱਸਿਆ ਕਿ ਮੀਟਿੰਗ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਜੀਵ ਵਿਕਾਸ ਦੇ ਪਿਤਾਮਾ ਚਾਰਲਸ ਡਾਰਵਿਨ ਨੂੰ ਸਮਰਪਤ ਕਰਾਈ। ਪੰਜਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਜੇਤੂ ਵਿਦਿਆਰਥੀਆਂ ਦਾ ਸਨਮਾਨ ਸਮਾਰੋਹ ਨਾ ਟਾਲਣ ਯੋਗ ਕਾਰਨਾਂ ਕਰਕੇ 17 ਦਸੰਬਰ ਦੀ ਥਾਂ ਹੁਣ 24 ਦਸੰਬਰ ਨੂੰ ਸਵੇਰੇ 11 ਵਜੇ ਪਾਰੁਲ ਪੈਲੇਸ ਨੇੜੇ ਬਰਨਾਲਾ ਕੈਂਚੀਆਂ ਵਿੱਚ ਕਰਨ ਦਾ ਫੈਸਲਾ ਕੀਤਾ ਗਿਆ। ਪ੍ਰੀਖਿਆ ਵਿੱਚ ਸਹਿਯੋਗ ਕਰਨ ਵਾਲੇ ਸਕੂਲ ਮੁਖੀਆਂ ਤੇ ਅਧਿਆਪਕਾਂ ਨੂੰ ਵੀ ਸਨਮਾਨਤ ਕੀਤਾ ਜਾਵੇਗਾ। ਸਨਮਾਨ ਲੈਣ ਲਈ ਵਿਦਿਆਰਥੀਆਂ, ਸਕੂਲ ਮੁਖੀਆਂ ਤੇ ਅਧਿਆਪਕ ਸਾਹਿਬਾਨ ਦੀ ਸਮਾਗਮ ਵਿੱਚ ਹਾਜ਼ਰੀ ਜ਼ਰੂਰੀ ਹੈ। ਸੂਬਾਈ ਪੱਧਰੀ ਇਸ ਪ੍ਰੀਖਿਆ ਵਿੱਚ ਇਕਾਈ ਸੰਗਰੂਰ ਨੇ 1874 ਵਿਦਿਆਰਥੀ ਰਜਿਸਟਰਡ ਕਰਾ ਕੇ ਜ਼ੋਨ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਸਨਮਾਨ ਸਮਾਰੋਹ ਦੇ ਮੁੱਖ ਬੁਲਾਰੇ ਉੱਘੇ ਨਾਟਕਕਾਰ ਤੇ ਆਲੋਚਕ ਡਾਕਟਰ ਕੁਲਦੀਪ ਸਿੰਘ ਦੀਪ ਹੋਣਗੇ। ਜਗਦੇਵ ਕੰਮੋਮਾਜਰਾ ਜਾਦੂ ਸ਼ੋਅ ਰਾਹੀਂ ਤੇ ਰੰਗਕਰਮੀ ਜਗਦੀਸ਼ ਪਾਪੜਾ ਦੀ ਨਿਰਦੇਸ਼ਨਾ ਵਿੱਚ ਮਾਲਵਾ ਹੇਕ ਗਰੁੱਪ ਆਫ ਲਹਿਰਾਗਾਗਾ ਗੀਤਾਂ ਰਾਹੀਂ ਹਾਜ਼ਰੀਨ ਦਾ ਮਨੋਰੰਜਨ ਕਰਨਗੇ।

## ਧੀਰਜ ਸਾਹੂ ਦਾ ਪੁਤਲਾ ਫੂਕਿਆ



**ਮੋਗਾ (ਅਮਰਜੀਤ ਬੱਬਰੀ)**

ਕਾਂਗਰਸ ਪਾਰਟੀ ਦੇ ਸੰਸਦ ਧੀਰਜ ਸਾਹੂ 300 ਕਰੋੜ ਤੋਂ ਵੱਧ ਦਾ ਕਾਲਾ ਧੰਨ ਮਿਲਣ ਨਾਲ ਜਿੱਥੇ ਕਾਂਗਰਸ ਪਾਰਟੀ ਤੇ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਉਥੇ ਹੁਣ ਕਾਂਗਰਸ ਦੇ ਨਾਲ ਇੰਡੀਆ ਐਲਾਇੰਸ ਵੀ ਬੇਨਕਾਬ ਹੋ ਗਿਆ ਹੈ। ਇਹ ਵਿਚਾਰ ਭਾਜਪਾ ਦੀ ਜ਼ਿਲ੍ਹਾ ਲੀਡਰਸ਼ਿਪ ਨੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਸਮੂਹ ਅਹੁਦੇਦਾਰਾਂ ਵੱਲੋਂ ਪ੍ਰਤਾਪ ਰੋਡ ਚੌਕ ਵਿਖੇ ਸੰਸਦ ਧੀਰਜ ਸਾਹੂ ਦਾ ਪੁਤਲਾ ਫੂਕਣ ਮੌਕੇ ਪ੍ਰਗਟ ਕੀਤੇ। ਇਸ ਮੌਕੇ ਕੇ ਭਾਜਪਾ ਦੇ ਜ਼ਿਲ੍ਹਾ ਮਹਾ ਮੰਤਰੀ ਅਤੇ ਸਾਬਕਾ ਐਸ ਪੀ ਮੁਖਤਿਆਰ ਸਿੰਘ, ਮਹਾ ਮੰਤਰੀ ਰਾਹੁਲ ਗਰਗ, ਮਹਾ ਮੰਤਰੀ ਵਿੱਕੀ ਸਿਤਾਰਾ, ਵਿਸਤਾਰਕ ਮਹਿੰਦਰ ਖੋਖਰ, ਮਹਿਲਾ ਮੋਰਚਾ ਦੀ ਪ੍ਰਧਾਨ ਨੀਤੂ ਗੁਪਤਾ, ਪ੍ਰਵਾਸੀ ਸੈਲ ਦੇ ਇੰਚਾਰਜ਼ ਵਿਜੇ ਮਿਸ਼ਰਾ, ਮਹਿਲਾ ਮੋਰਚਾ ਦੀ ਸੀਨੀਅਰ ਆਗੂ ਪ੍ਰੋਮਿਲਾ ਮੈਨਰਾਏ, ਐਸ.ਸੀ. ਮੋਰਚੇ ਦੇ ਪ੍ਰਧਾਨ ਸੂਰਜ ਭਾਨ, ਭੂਪਿੰਦਰ ਹੈਪੀ, ਧਰਮਵੀਰ ਭਾਰਤੀ, ਮੰਡਲ ਪ੍ਰਧਾਨ ਅਮਿਤ ਗੁਪਤਾ, ਸੁਕੇਸ਼ ਸੂਦ, ਪ੍ਰੇਮ ਕੁਮਾਰ, ਮਨਦੀਪ ਕੌਰ, ਵਿਸ਼ਾਲ, ਸਰਬਜੀਤ ਕੌਰ, ਮਨਪ੍ਰੀਤ ਕੌਰ, ਨਿਰਮਲਜੀਤ ਕੌਰ, ਸੁਖਬੀਰ ਸਿੰਘ, ਗੁਰਚਰਨ ਸਿੰਘ, ਜਤਿੰਦਰ ਚੱਢਾ, ਹੇਮੰਤ ਸੂਦ ਆਦਿ ਹਾਜ਼ਰ ਸਨ। ਇਸ ਮੌਕੇ ਸਮੂਹ ਅਹੁਦੇਦਾਰਾਂ ਨੇ ਧੀਰਜ ਸਾਹੂ ਅਤੇ ਕਾਂਗਰਸ ਦੇ ਵਿਰੁੱਧ ਨਾਅਰੇਬਾਜ਼ੀ ਕੀਤੀ।

## ਅੱਖਾਂ ਦਾ ਮੁਫਤ ਚੈੱਕਅੱਪ ਤੇ ਅਪ੍ਰੇਸ਼ਨ ਕੈਂਪ



**ਨਾਭਾ (ਵਰਿੰਦਰ ਵਰਮਾ)** ਅੱਗਰਵਾਲ ਸਭਾ ਨਾਭਾ ਚੇਅਰਮੈਨ ਰਜਨੀਸ਼ ਮਿੱਤਲ ਸੈਂਟੀ ਅਤੇ ਪ੍ਰਧਾਨ ਜੀਵਨ ਪ੍ਰਕਾਸ਼ ਬਾਂਸਲ ਦੀ ਅਗਵਾਈ ਹੇਠ ਸਵ. ਸ੍ਰੀਮਤੀ ਸਰੋਜ ਵਿਜ (ਪਤਨੀ ਪ੍ਰੇਮ ਕੁਮਾਰ ਕੌਂਚਰ) ਦੀ ਨਿੱਘੀ ਯਾਦ ਵਿੱਚ ਸ੍ਰੀਮਤੀ ਵੀਨੂੰ ਡੱਲਾ ਪਤਨੀ ਕਰਨ ਡੱਲਾ ਵੱਲੋਂ ਅੱਗਰਵਾਲ ਸਭਾ (ਰਜਿ.) ਨਾਭਾ, ਯੂਥ ਵਿੰਗ ਅਤੇ ਮਹਿਲਾ ਵਿੰਗ ਦੇ ਸਹਿਯੋਗ ਨਾਲ ਮਹਾਰਾਜਾ ਅਗਰਸੈਨ ਪਾਰਕ, ਪਟਿਆਲਾ ਗੇਟ, ਵਿਖੇ ਬਿਨਾ ਚੀਰਾ ਬਿਨਾ ਟਾਂਕਾ ਅੱਖਾਂ ਵਿੱਚ ਲੈਂਜ ਪਾਉਣ ਦਾ ਅੱਖਾਂ ਦਾ ਮੁਫਤ ਚੈਕਅੱਪ ਤੇ ਆਪ੍ਰੇਸ਼ਨ ਕੈਂਪ ਲਗਾਇਆ ਗਿਆ। ਕੈਂਪ ਵਿੱਚ ਡਾਕਟਰ ਅਤੁੱਲ ਕੱਕੜ (ਅੱਖਾਂ ਦੇ ਮਾਹਿਰ) ਕੱਕੜ ਆਈ ਹਸਪਤਾਲ ਪਟਿਆਲਾ, ਡਾਕਟਰ ਐਚ ਐਸ ਰੰਧਾਵਾ ਵੱਲੋਂ 350 ਦੇ ਕਰੀਬ ਮਰੀਜਾਂ ਦੀਆਂ ਅੱਖਾਂ ਦਾ ਮੁਫਤ ਚੈੱਕਅੱਪ ਕੀਤਾ ਗਿਆ ਅਤੇ 70 ਦੇ ਕਰੀਬ ਮਰੀਜਾਂ ਦੇ ਅਪ੍ਰੇਸ਼ਨ ਕੀਤੇ ਗਏ। ਇਸ ਅੱਖਾਂ ਦੇ ਕੈਂਪ ਦੇ ਮੁੱਖ ਮਹਿਮਾਨ ਹਲਕਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਅਤੇ ਵਿਸ਼ੇਸ਼ ਮਹਿਮਾਨ ਵੇਦ ਪ੍ਰਕਾਸ਼ ਡੱਲਾ ਚੇਅਰਮੈਨ ਰਾਇਸ ਮਿਲਜ ਐਸੋਸੀਏਸ਼ਨ, ਨਾਭਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਅੱਗਰਵਾਲ ਸਭਾ ਵੱਲੋਂ ਲਗਾਇਆ ਗਿਆ ਕੈਂਪ ਬਹੁਤ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਕਿ ਹਰ ਸੰਸਥਾਵਾਂ ਨੂੰ ਇਸ ਤਰ੍ਹਾਂ ਦੇ ਕੈਂਪ ਜਰੂਰ ਲਗਾਉਣੇ ਚਾਹੀਦੇ ਹਨ, ਜਿਸ ਨਾਲ ਲੋੜਵੰਦਾਂ ਦੀ ਮਦਦ ਕੀਤੀ ਜਾ ਸਕੇ। ਇਸ ਮੌਕੇ ਸਭਾ ਦੇ ਪ੍ਰਧਾਨ ਜੀਵਨ ਪ੍ਰਕਾਸ਼ ਬਾਂਸਲ, ਐਡਵੋਕੇਟ ਨਿਤਿਨ ਜੈਨ ਅਤੇ ਸਮੂਹ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਅਤੇ ਆਈਆਂ ਹੋਈਆਂ ਸਖਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੂਰਜਭਾਨ ਸਿੰਗਲਾ, ਸਾਬਕਾ ਸਿਵਲ ਸਰਜਨ ਡਾਕਟਰ ਆਈ.ਡੀ ਗੋਇਲ, ਕਰਨ ਡੱਲਾ (ਪ੍ਰੋਜੈਕਟ ਚੇਅਰਮੈਨ), ਚਰਨ ਸਿੰਘ ਐਮ ਡੀ ਮਲਕੀਤ ਗਰੁੱਪ, ਜੇ ਪੀ ਗੁਪਤਾ (ਪ੍ਰੋਜੈਕਟ ਕੋ ਚੇਅਰਮੈਨ), ਕੈਸ਼ੀਅਰ ਰਵਨੀਸ਼ ਗੋਇਲ ਐਸ ਐਮ ਓ ਡਾ. ਸੰਜੇ ਗੋਇਲ, ਅਜੇ ਜਿੰਦਲ ਆਮ ਆਦਮੀ ਪਾਰਟੀ ਵਪਾਰ ਮੰਡਲ ਜਿਲ੍ਹਾ ਪ੍ਰਧਾਨ, ਅਸ਼ੋਕ ਬਾਂਸਲ, ਐਡਵੋਕੇਟ ਨਰੇਸ਼ ਸਿੰਗਲਾ, ਦਰਸ਼ਨ ਅਰੋੜਾ, ਵਿਵੇਕ ਸਿੰਗਲਾ, ਰਾਜੇਸ਼ ਬਾਂਸਲ ਨੀਟੂ, ਸੁਰਿੰਦਰ ਸਿੰਗਲਾ, ਦਰਸ਼ਨ ਸਿੰਘ ਬੁੱਟਰ, ਡਾ. ਅਸੀਸ਼ ਗਰਗ, ਰਾਜੇਸ਼ ਅਗਰਵਾਲ, ਵੀਨਾ ਗੁਪਤਾ (ਪ੍ਰਧਾਨ ਮਹਿਲਾ ਵਿੰਗ), ਸੰਦੀਪ ਸਿੰਗਲਾ (ਪ੍ਰਧਾਨ ਯੂਥ ਵਿੰਗ) ਭੁਵੇਸ ਬਾਂਸਲ, ਸੁਮਿਤ ਗੋਇਲ ਸੈਂਟੀ, ਵਿਕਾਸ ਗੋਇਲ, ਸੰਜੀਵ ਜਿੰਦਲ, ਨਿਤਿਨ ਗੁਪਤਾ, ਆਦਿ ਮੈਂਬਰ ਹਾਜ਼ਰ ਸਨ।

## ਯੂਥ ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਮਿਲ ਰਿਹਾ ਵੱਡਾ ਹੁੰਗਾਰਾ : ਸਦਿਓੜਾ

**ਬਾਘਾ ਪੁਰਾਣਾ (ਮਨੀ ਸਿਗਲਾ)**-ਪਿਛਲੇ ਦਿਨੀਂ ਯੂਥ ਅਕਾਲੀ ਦਲ ਦੀ ਆਨਲਾਈਨ ਸ਼ੁਰੂ ਕੀਤੀ ਗਈ ਭਰਤੀ ਨੂੰ ਪੰਜਾਬ ਅੰਦਰ ਹੀ ਨਹੀਂ ਸਗੋਂ ਦੇਸ਼ਾਂ ਵਿਦੇਸ਼ਾਂ ਵਿਚ ਵੀ ਵੱਡਾ ਹੁੰਗਾਰਾ ਮਿਲ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਦੇ ਐਸ.ਓ.ਆਈ ਦੇ ਪ੍ਰਧਾਨ ਅਰਸ਼ਦੀਪ ਸਿੰਘ ਸਦਿਓੜਾ ਨੇ ਕਰਦਿਆਂ ਕਿਹਾ ਕਿ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਦੀ ਅਗਵਾਈ ਵਿਚ ਹਲਕਾ ਬਾਘਾ ਪੁਰਾਣਾ ਵਿਚ ਯੂਥ ਅਕਾਲੀ ਦਲ ਦੀ ਭਰਤੀ ਮੁਹਿੰਮ ਨੂੰ ਤੇਜ਼ ਕਰਨ ਤਹਿਤ ਹਲਕੇ ਦੇ ਯੂਥ ਨੌਜਵਾਨਾਂ ਨਾਲ ਭਰਵੀਆਂ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅਰਸ਼ਦੀਪ ਸਦਿਓੜਾ ਨੇ ਕਿਹਾ ਕਿ ਇਸ ਆਨਲਾਈਨ ਭਰਤੀ ਮੁਹਿੰਮ ਵਿਚ ਜਿੱਥੇ ਡੈਲੀਗੇਟ ਲਈ ਵੋਟ ਪਵੇਗੀ। ਉਥੇ ਸਰਕਲ ਪ੍ਰਧਾਨ, ਜ਼ਿਲ੍ਹਾ ਯੂਥ ਪ੍ਰਧਾਨ ਅਤੇ ਸੂਬਾ ਪੱਧਰ ਦਾ ਅਹੁਦੇਦਾਰ ਬਣਨ ਲਈ ਵੀ ਆਨਲਾਈਨ ਵੋਟਿੰਗ ਕਰਨੀ ਜ਼ਰੂਰੀ ਹੈ, ਜਿਸ ਤਹਿਤ ਘੱਟੋਂ ਘੱਟ 250 ਵੋਟਾਂ ਡੈਲੀਗੇਟ ਲਈ ਅਤੇ 2000 ਤੋਂ ਉੱਪਰ ਵੋਟਾਂ ਜ਼ਿਲ੍ਹਾ ਪ੍ਰਧਾਨ ਅਤੇ ਸੂਬਾ ਪੱਧਰੀ ਅਹੁਦੇਦਾਰ ਬਣਨ ਲਈ ਜ਼ਰੂਰੀ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਯੂਥ ਅਕਾਲੀ ਦਲ ਦਾ ਮੈਂਬਰ ਅਤੇ ਅਹੁਦੇਦਾਰ ਬਣਨ ਲਈ ਪੰਜਾਬ ਅਤੇ ਦੇਸ਼ਾਂ ਵਿਦੇਸ਼ਾਂ ਦੇ ਨੌਜਵਾਨਾਂ ਵਿੱਚ ਵੱਡਾ ਉਤਸ਼ਾਹ ਹੈ। ਉਨ੍ਹਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਯੂਥ ਅਕਾਲੀ ਦਲ ਦੇ ਸਰਪ੍ਰਸਤ ਬਿਕਰਮ ਸਿੰਘ ਮਜੀਠੀਆ ਅਤੇ ਯੂਥ ਅਕਾਲੀ ਦਲ ਦੇ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਵਿਚ ਸ਼ੁਰੂ ਹੋਈ ਇਹ ਮੁਹਿੰਮ ਦਿਨੋਂ ਦਿਨ ਸਿਖ਼ਰ ਵੱਲ ਵੱਧ ਰਹੀ ਹੈ। ਇਸ ਮੌਕੇ ਉਨ੍ਹਾਂ ਹਲਕਾ ਬਾਘਾ ਪੁਰਾਣਾ ਦੇ ਇੰਚਾਰਜ਼ ਜਥੇਦਾਰ ਤੀਰਥ ਸਿੰਘ ਮਾਹਲਾ ਦੇ ਸਪੁੱਤਰ ਯੂਥ ਆਗੂ ਸੁਖਜੀਤ ਸਿੰਘ ਮਾਹਲਾ ਅਤੇ ਅਕਾਲੀ ਆਗੂ ਹਰਜੋਤ ਸਿੰਘ ਡੇਮਰੂ ਵੱਲੋਂ ਹਲਕੇ ਵਿਚ ਨੌਜਵਾਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਜੋੜਨ ਲਈ ਗਰਾਊਂਡ ਲੈਵਲ ਤੋਂ ਮੁਹਿੰਮ ਵਿੱਢੀ ਹੋਈ ਅਤੇ ਵੱਡੀ ਗਿਣਤੀ ਵਿਚ ਯੂਥ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਿਹਾ ਹੈ।

## ਮੁਫਤ ਮੈਡੀਕਲ ਕੈਂਪ ਲਗਾਇਆ



**ਮਮਦੋਟ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ ਕੰਬੋਜ)**

ਨਗਰ ਪੰਚਾਇਤ ਵਿਖੇ ਮਮਦੋਟ ਪ੍ਰੈਸ ਕਲੱਬ (ਰਜਿ.) ਦੇ ਸਹਿਯੋਗ ਨਾਲ ਸਾਹਨੀ ਹਸਪਤਾਲ ਫਿਰੋਜਪੁਰ ਕੈਂਟ ਵੱਲੋ ਇੱਕ ਵਿਸ਼ਾਲ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ । ਇਸ ਕੈਂਪ ਦੌਰਾਨ ਪ੍ਰੈਸ ਕਲੱਬ ਦੇ ਪੱਤਰਕਾਰਾ ਅਤੇ ਡਾਕਟਰਾ ਦੀ ਹੌਸਲਾ ਅਫ਼ਜਾਈ ਕਰਨ ਲਈ ਹਲਕਾ ਵਿਧਾਇਕ ਰਜਨੀਸ਼ ਦਹੀਆ ਦੇ ਪਿਤਾ ਉਦੈ ਦਹੀਆ, ਬਲਰਾਜ ਸਿੰਘ ਸੰਧੂ, ਨਗਰ ਪੰਚਾਇਤ ਮਮਦੋਟ ਦੇ ਪ੍ਰਧਾਨ ਉਪਿੰਦਰ ਸਿੰਘ ਸਿੰਧੀ, ਸੀਨੀਅਰ ਆਪ ਆਗੂ ਡਾ. ਨਿਰਵੈਰ ਸਿੰਘ ਸਿੰਧੀ ਵਿਸ਼ੇਸ਼ ਤੌਰ ਹਾਜਰੀ ਭਰੀ। ਸਾਹਨੀ ਹਸਪਤਾਲ ਦੇ ਡਾਕਟਰ ਦਮਨਪ੍ਰੀਤ ਸਿੰਘ ਸਾਹਨੀ ਐੱਮ ਡੀਕਾਰਡੀਓ ਡਾਇਬੈਟੋਲੋਜਿਸਟ ਤੇ ਮੈਡਮ ਏਜਲ ਨਰਸਿੰਗ ਸਟਾਫ, ਜੋਬਨਪ੍ਰੀਤ ਸਿੰਘ ਓ ਐਸ ਡੀ, ਸਾਹਿਲ ਚੌਹਾਨ ਮੀਡੀਆ ਸਲਾਹਕਾਰ, ਮੋਹਿਤ ਬਜਾਜ ਐੱਮ ਆਰ, ਅੰਕੁਸ਼ ਕੁਮਾਰ ਐੱਮ ਆਰ, ਅਭਿਸ਼ੇਕ ਕੁਮਾਰ ਐੱਮ ਆਰ ਵੱਲੋ ਕੈਂਪ 'ਚ 120 ਲੋਕਾਂ ਦਾ ਫਰੀ ਮੈਡੀਕਲ ਚੈਕਅੱਪ ਕੈਂਪ ਕੀਤਾ ਗਿਆ। ਕੈਂਪ ਦੌਰਾਨ ਚੈਕਅੱਪ ਕਰਵਾਉਣ ਵਾਲੇ ਮਰੀਜ਼ਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਪ੍ਰੈਸ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸੰਧੂ, ਵਾਈਸ ਪ੍ਰਧਾਨ ਜੋਗਿੰਦਰ ਸਿੰਘ ਭੋਲਾ, ਚੇਅਰਮੈਨ ਹਰਪਾਲ ਸਿੰਘ ਨੀਟਾ ਸੋਢੀ, ਵਾਈਸ ਚੇਅਰਮੈਨ ਡਾ. ਨਿਰਵੈਰ ਸਿੰਘ ਸਿੰਧੀ, ਜਸਬੀਰ ਸਿੰਘ ਕੰਬੋਜ, ਹਰਪ੍ਰੀਤ ਸਿੰਘ ਹੈਪੀ, ਬਲਜੀਤ ਸਿੰਘ ਕਚੂਰਾ, ਸੰਦੀਪ ਸੋਨੀ, ਤੇਜਿੰਦਰ ਢੀਂਗਰਾ ਆਦਿ ਹਾਜ਼ਰ ਸਨ।

## ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੇ ਪੋਤੇ ਦੀ ਦਸਤਾਰਬੰਦੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਬਠਿੰਡਾ ਰੋਡ ਸਥਿਤ ਦੀਦਾਰ ਨਿਵਾਸ ਵਿਖੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਦੇ ਪੋਤਰੇ ਤੇ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਦੇ ਭਤੀਜੇ ਕਾਕਾ ਗੁਰਏਕਮਜੀਤ ਸਿੰਘ ਸਪੁੱਤਰ ਜਸਵਿੰਦਰਪਾਲ ਸਿੰਘ ਸੋਨੂੰ ਦੇ ਦਸਤਾਰ ਬੰਦੀ ਸਮਾਗਮ ਮੌਕੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਥ ਪ੍ਰਸਿੱਧ ਰਾਗੀ ਭਾਈ ਜੋਗਿੰਦਰ ਸਿੰਘ ਰਿਆੜ ਵਾਲਿਆਂ ਨੇ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਵਣ ਕਰਾਇਆ। ਇਸ ਮੌਕੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਮਹੰਤ ਪਰਮਾਨੰਦ ਜੀ ਮੁਖੀ ਉਦਾਸੀਨ ਵੱਡਾ ਅਖਾੜਾ ਜੰਡਿਆਲਾ ਗੁਰੂ, ਮਹੰਤ ਉਦੈ ਕਰਨ ਦਾਸ ਜੀ ਸੈਦੋ, ਮਹੰਤ ਨੌਮੀ ਦਾਸ ਜੀ ਪੱਖੋ, ਮਹੰਤ ਗੁਰਮੇਜ ਦਾਸ ਜੀ, ਡਾਕਟਰ ਕੁਲਦੀਪ ਸਿੰਘ, ਗਿਆਨੀ ਰਘੁਬੀਰ ਸਿੰਘ ਗ੍ਰੰਥੀ ਗੁਰਦੁਆਰਾ ਬੰਗਲਾ ਸਾਹਿਬ, ਸਤਿੰਦਰਪਾਲ ਸਿੰਘ ਸੋਨੀ ਭਾਜੀ ਅਤੇ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਸਾਬਕਾ ਵਿਧਾਇਕ ਵੱਲੋਂ ਕਾਕਾ ਗੁਰਏਕਮਜੀਤ ਸਿੰਘ ਦੇ ਦਸਤਾਰ ਬੰਨ੍ਹ ਕੇ ਦਸਤਾਰ ਬੰਦੀ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ ਹੀਰਾ ਸਿੰਘ ਚੜੇਵਾਨ, ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ, ਜਗਵੰਤ ਸਿੰਘ ਲੰਬੀਢਾਬ, ਪੂਰਨ ਸਿੰਘ ਲੰਡੇ ਰੋਡੇ, ਗੁਰਵਿੰਦਰ ਸਿੰਘ ਬਾਜਾ ਮਰਾੜ, ਬਿੰਦਰ ਗੋਨਿਆਣਾ ਜ਼ਿਲ੍ਹਾ ਸਕੱਤਰ, ਸਰਬਰਿੰਦਰ ਸਿੰਘ ਸਾਬੀ ਬੈਂਸ, ਬੰਟੀ ਵੀਰ ਜੀ ਇੰਗਲੈਂਡ, ਭੁਪਿੰਦਰ ਬਾਘੂ ਅਮਰੀਕਾ, ਹਰਪਾਲ ਸਿੰਘ ਬੇਦੀ, ਸਤੀਸ਼ ਕਾਲਾ ਗਿਰਧਰ, ਬਲਦੇਵ ਸਿੰਘ ਮੈਨੇਜਰ, ਰਮੀਜ ਰਿੰਪਾ ਖਾਨ, ਬਿੰਨੀ ਮਨੇਸ਼, ਸੌਰਵ ਰਾਜਦੇਵ, ਸੰਤ ਰਾਮ ਗੁੱਲੂ, ਸੰਜੀਵ ਧੂੜੀਆ ਤੇ ਜਗਮੀਤ ਸਿੰਘ ਜੱਗੀ ਹਾਜ਼ਰ ਸਨ।

## ਦੰਦਾਂ ਦਾ ਮੁਫਤ ਚੈੱਕਅੱਪ ਕੈਂਪ

**ਧੂਰੀ (ਸੁਖਦੇਵ ਧੂਰੀ)**-ਦੰਦਾਂ ਦੇ ਮਾਹਰ ਅਤੇ ਡਾ. ਦਿਵਯਾ ਫੈਮਿਲੀ ਡੇਂਟਲ ਕਲੀਨਿਕ ਦੇ ਡਾਕਟਰ (ਪ੍ਰੋ) ਦਿਵਯਾ ਸਕਸੈਨਾ ਨੇ ਆਪਣੀ ਟੀਮ ਨਾਲ ਪਿੰਡ ਧੂਰਾ ਵਿਖੇ ਗੁਰਦੁਆਰਾ ਸਿੰਘ ਸਭਾ ਸਾਹਿਬ ਵਿਖੇ ਦੰਦਾਂ ਦਾ ਮੁਫਤ ਚੈਕਅੱਪ ਕੈਂਪ ਲਗਾਇਆ ਜਿੱਥੇ ਕਿ 100 ਤੋਂ ਵੱਧ ਮਰੀਜਾਂ ਦੇ ਦੰਦ ਚੈਕ ਕੀਤੇ ਜਾਣ ਦੇ ਨਾਲ ਨਾਲ ਓਹਨਾ ਨੂੰ ਮੁਫਤ ਦਵਾਈਆਂ ਵੀ ਦਿੱਤੀਆਂ ਗਈਆਂ। ਡਾ. ਦਿਵਯਾ ਨੇ ਲੋਕਾਂ ਨੂੰ ਦੰਦਾਂ ਦੀ ਸਹੀ ਦੇਖ ਭਾਲ ਕਰਨ ਦੇ ਤਰੀਕਿਆਂ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਗੁਰਪਿਆਰ ਧੂਰਾ ਸਰਪੰਚ, ਸਵਰਨ ਸੰਧੂ, ਜਤਿੰਦਰ ਕਾਲਾ, ਜਸਪ੍ਰੀਤ ਸਿੰਘ ਮੈਂਬਰ, ਦਲਜੀਤ ਸਿੰਘ ਮੈਂਬਰ, ਬਚਿੱਤਰ ਸਿੰਘ, ਰਘਬੀਰ ਸਿੰਘ ਹੈਡ ਗ੍ਰੰਥੀ, ਦਵਿੰਦਰ ਸਿੰਘ ਖਜਾਨਚੀ, ਮਨਜੀਤ ਸਿੰਘ, ਬਲਜਿੰਦਰ ਸਿੰਘ ਨੰਬਰਦਾਰ, ਸੁਖਦੇਵ ਸਿੰਘ ਨੀਟੂ ਫੌਜੀ ਅਤੇ ਹਰਪ੍ਰੀਤ ਸੰਧੂ ਹਜ਼ਾਰ ਸਨ।

## ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਦਫਤਰ ਦਾ ਉਦਘਾਟਨ ਅੱਜ

**ਸਮਰਾਲਾ (ਸੁਰਜੀਤ ਸਿੰਘ)**-ਭ੍ਰਿਸ਼ਟਾਚਾਰ ਵਿਰੋਧੀ ਫਰੰਟ (ਰਜਿ:) ਸਮਰਾਲਾ ਦਾ ਨਵਾਂ ਦਫਤਰ ਜੋ ਕਿ ਭਗਵਾਨਪੁਰਾ ਰੋਡ ਸਮਰਾਲਾ ਵਿਖੇ ਬਣ ਕੇ ਤਿਆਰ ਹੋ ਗਿਆ ਹੈ, ਦਾ ਉਦਘਾਟਨ ਅੱਜ 11 ਦਸੰਬਰ ਨੂੰ ਜਗਤਾਰ ਸਿੰਘ ਦਿਆਲਪੁਰਾ ਹਲਕਾ ਵਿਧਾਇਕ ਸਮਰਾਲਾ ਦੁਆਰਾ ਆਪਣੇ ਕਰ ਕਮਲਾਂ ਨਾਲ ਸਵੇਰੇ 10:30 ਵਜੇ ਰਿਬਨ ਕੱਟ ਕੇ ਕਰਨਗੇ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਫਰੰਟ ਦੇ ਸਰਪ੍ਰਸਤ ਕਮਾਂਡੈਂਟ ਰਸ਼ਪਾਲ ਸਿੰਘ, ਪ੍ਰਧਾਨ ਅਮਰਜੀਤ ਸਿੰਘ ਬਾਲਿਓਂ ਅਤੇ ਲੈਕ: ਬਿਹਾਰੀ ਲਾਲ ਸੱਦੀ ਨੇ ਦੱਸਿਆ ਕਿ ਸਮਰਾਲਾ ਸ਼ਹਿਰ ਵਿੱਚ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਪਹਿਲੀ ਅਜਿਹੀ ਸੰਸਥਾ ਹੈ, ਜਿਸਦਾ ਖੁਦ ਦਾ ਆਪਣਾ ਦਫਤਰ ਬਣਾਇਆ ਗਿਆ ਹੈ, ਜਿੱਥੇ ਬੈਠ ਕੇ ਬਿਨਾਂ ਕਿਸੇ ਭੇਦਭਾਵ ਤੋਂ ਆਮ ਲੋਕਾਂ ਦੇ ਮਸਲੇ ਹੱਲ ਕੀਤੇ ਜਾਂਦੇ ਹਨ। ਉਨ੍ਹਾਂ ਫਰੰਟ ਦੀ ਸਥਾਪਨਾ ਸਬੰਧੀ ਦੱਸਦੇ ਹੋਏ ਕਿਹਾ ਕਿ ਫਰੰਟ ਦੀ ਸਥਾਪਨਾ 1998 ਵਿੱਚ ਸਵ: ਮਹਿਮਾ ਸਿੰਘ ਕੰਗ ਨੇ ਆਮ ਲੋਕਾਂ ਨੂੰ ਇਨਸਾਫ ਦੇਣ ਅਤੇ ਸਮਾਜ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਦੂਰ ਕਰਨ ਦੇ ਮੰਤਵ ਨਾਲ ਕੀਤੀ ਸੀ। ਅੱਜ ਤੱਕ ਫਰੰਟ ਵੱਲੋਂ ਆਮ ਲੋਕਾਂ ਦੇ ਕਰੋੜਾਂ ਰੁਪਏ ਵਾਪਸ ਕਰਵਾਏ ਅਤੇ ਸੈਂਕੜੇ ਧੀਆਂ ਦੇ ਘਰਾਂ ਦੇ ਕਲੇਸ਼ ਖਤਮ ਕਰਕੇ, ਉਨ੍ਹਾਂ ਨੂੰ ਸਹੁਰੇ ਘਰ ਵਸਾਇਆ। ਫਰੰਟ ਦੇ ਦਫਤਰ ਦੀ ਇਮਾਰਤ ਬਣਾਉਣ ਲਈ ਸਵ: ਕੰਗ ਦਾ ਬਹੁਤ ਵੱਡਾ ਯੋਗਦਾਨ ਰਿਹਾ। ਅੱਜ ਦੇ ਉਦਘਾਟਨ ਸਮਾਰੋਹ ਵਿੱਚ ਸਮਰਾਲਾ ਦੇ ਪ੍ਰਸ਼ਾਸਨਿਕ ਅਧਿਕਾਰੀ ਵੀ ਉਚੇਚੇ ਤੌਰ ਤੇ ਪੁੱਜ ਰਹੇ ਹਨ, ਜੋ ਫਰੰਟ ਦੇ ਅਹਾਤੇ ਵਿੱਚ ਲੱਗੇ ਸੁਤੰਤਰਤਾ ਸੈਨਾਨੀ ਕਾਮਰੇਡ ਜਗਜੀਤ ਸਿੰਘ ਬਾਗੀ ਦੇ ਬੁੱਤ ਨੂੰ ਵੀ ਨਤਮਸਤਕ ਹੋਣਗੇ। ਲੈਕ: ਬਿਹਾਰੀ ਲਾਲ ਸੱਦੀ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਨਵੀਂ ਬਣੇ ਦਫਤਰ ਦੇ ਉਦਘਾਟਨ ਮੌਕੇ ਵੱਧ ਤੋਂ ਵੱਧ ਗਿਣਤੀ ਵਿੱਚ ਪੁੱਜਣ।

## ਆਪ ਸਰਕਾਰ ਕਰਜ਼ਾ ਚੁੱਕ ਕਿਸਦੀਆਂ ਭਰ ਰਹੀ ਐ ਜੇਬਾਂ : ਬੀਬੀ ਬਾਦਲ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਕੋਈ ਵੀ ਧੀ ਆਪਣੇ ਪਿਤਾ ਦੇ ਖਿਲਾਫ਼ ਨਹੀਂ ਬੋਲਦੀ, ਜਦੋਂ ਤੱਕ ਪਿਤਾ ਆਪਣੀ ਹੱਦ ਨਾ ਲੰਘੇ। ਮੁੱਖ ਮੰਤਰੀ ਭਗਵੰਤ ਮਾਨ ਦੀ ਧੀ ਸੀਰਤ ਕੌਰ ਵੱਲੋਂ ਆਪਣੇ ਵੀਡੀਓ ਬਿਆਨ 'ਚ ਜੋ ਇਲਜ਼ਾਮ ਪਿਤਾ ਖਿਲਾਫ਼ ਲਾਏ ਗਏ ਹਨ, ਉਸ ਨਾਲ ਮੁੱਖ ਮੰਤਰੀ ਦਾ ਕਿਰਦਾਰ ਲੋਕਾਂ ਸਾਹਮਣੇ ਆ ਚੁੱਕਾ ਹੈ। ਹੁਣ ਫੈਸਲਾ ਪੰਜਾਬੀਆਂ ਨੇ ਕਰਨਾ ਹੈ ਕਿ ਕੀ ਉਹ ਅਜੇ ਵੀ ਉਸ ਮੁੱਖ ਮੰਤਰੀ ਨਾਲ ਖੜਨਗੇ, ਜੋ ਆਪਣੇ ਹੀ ਪਰਵਾਰ ਨਾਲ ਬਦਸਲੂਕੀ ਕਰਦਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਬਠਿੰਡਾ ਤੋਂ ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਸਾਬਕਾ ਕੇਂਦਰੀ ਮੰਤਰੀ ਨੇ ਪਿੰਡ ਜੀਵਨ ਸਿੰਘ ਵਾਲਾ, ਨਸੀਬਪੁਰਾ ਅਤੇ ਪੱਕਾ ਕਲਾਂ ਦੇ ਦੌਰੇ ਉਪਰੰਤ ਕੀਤਾ। ਬੀਬਾ ਬਾਦਲ ਨੇ ਕਿਹਾ ਕਿ ਜੋ ਵਿਅਕਤੀ ਆਪਣੀ ਪਤਨੀ ਨਾਲ ਬਦਸਲੂਕੀ ਕਰਦਾ ਰਿਹਾ ਅਤੇ ਮੁੱਖ ਮੰਤਰੀ ਬਨਣ ਤੋਂ ਬਾਅਦ ਵੀ ਆਪਣੇ ਬੇਟੇ ਨੂੰ ਆਪਣੀ ਰਿਹਾਇਸ਼ ਤੋਂ ਬਾਹਰ ਕੱਢ ਸਕਦਾ ਹੈ, ਉਸ ਤੋਂ ਪੰਜਾਬ ਦੇ ਬੱਚੇ-ਬੱਚੀਆਂ ਕੀ ਆਸ ਰੱਖਦੇ ਹਨ। ਉਨ੍ਹਾਂ ਇਸ ਸਮੁੱਚੇ ਘਟਨਾਕ੍ਰਮ ਅਤੇ ਹੁਣ ਮੁੱਖ ਮੰਤਰੀ ਟੀਮ ਵੱਲੋਂ ਮੁੱਖ ਮੰਤਰੀ ਦੀ ਪਹਿਲੀ ਧਰਮ ਪਤਨੀ ਨੂੰ ਧਮਕੀਆਂ ਦੇਣ ਦੀਆਂ ਸਾਹਮਣੇ ਆ ਰਹੀਆਂ ਖ਼ਬਰਾਂ 'ਤੇ ਚਿੰਤਾ ਪ੍ਰਗਟ ਕੀਤੀ। ਉਧਰ ਪਿੰਡ ਜੀਵਨ ਸਿੰਘ ਵਾਲਾ ਤੇ ਨਸੀਬਪੁਰਾ 'ਚ ਜਨ ਸਭਾਵਾਂ ਨੂੰ ਸੰਬੋਧਨ ਦੌਰਾਨ ਬੀਬਾ ਬਾਦਲ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਲਈ ਜਿੰਨੇ ਵੀ ਕੰਮ ਹੋਏ, ਉਹ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਸਮੇਂ ਸਵ: ਪ੍ਰਕਾਸ਼ ਸਿੰਘ ਬਾਦਲ ਨੇ ਅੱਗੇ ਲੱਗ ਕੇ ਕਰਾਏ। ਬੀਬਾ ਬਾਦਲ ਨੇ ਇਸ ਮੌਕੇ ਪੰਜਾਬ ਸਰਕਾਰ ਨੂੰ ਸਵਾਲ ਕੀਤਾ ਕਿ ਜਦੋਂ ਸੂਬੇ 'ਚ ਵਿਕਾਸ ਦੇ ਸਾਰੇ ਕੰਮ ਠੱਪ ਪਏ ਹਨ, ਲੋਕ ਭਲਾਈ ਸਕੀਮਾਂ ਬੰਦ ਪਈਆਂ ਹਨ ਤਾਂ ਫਿਰ ਸਰਕਾਰ ਵਾਰ-ਵਾਰ ਕਰਜ਼ਾ ਚੁੱਕ ਕੇ ਕਿਸਦੀਆਂ ਜੇਬਾਂ 'ਚ ਪਾ ਰਹੀ ਹੈ? ਉੱਧਰ ਪਿੰਡ ਨਸੀਬਪੁਰਾ 'ਚ ਸੀਨੀਅਰ ਅਕਾਲੀ ਆਗੂ ਦਵਿੰਦਰ ਸਿੰਘ ਕੋਟਬਖਤੂ ਤੇ ਗੁਰਤੇਜ ਸਿੰਘ ਸਾਬਕਾ ਸਰਪੰਚ ਦੀ ਅਗਵਾਈ 'ਚ ਮੋਹਤਬਰਾਂ ਨੇ ਬੀਬਾ ਬਾਦਲ ਦਾ ਸਨਮਾਨ ਕੀਤਾ, ਜਦੋਂਕਿ ਇਸ ਮੌਕੇ ਆਕਾਸ਼ਦੀਪ ਸਿੰਘ ਮਿੱਡੂਖੇੜਾ, ਹੈਪੀ ਸਿੰਘ ਸਾਬਕਾ ਸਰਪੰਚ ਜੀਵਨ ਸਿੰਘ ਵਾਲਾ, ਤਰਸੇਮ ਸਿੰਘ ਮਾਨਵਾਲਾ ਆਦਿ ਮੌਜੂਦ ਰਹੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਬੰਦੀ ਸਿੰਘਾਂ ਦੇ ਮਾਮਲੇ 'ਤੇ ਗਠਤ ਉੱਚ ਪੱਧਰੀ ਕਮੇਟੀ ਦੀ ਪਲੇਠੀ ਇਕੱਤਰਤਾ

## ਪ੍ਰਧਾਨ ਮੰਤਰੀ ਮੋਦੀ ਨਾਲ ਜਲਦ ਕੀਤੀ ਜਾਵੇਗੀ ਮੁਲਾਕਾਤ : ਐਡਵੋਕੇਟ ਧਾਮੀ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਵਾਸਤੇ ਗਠਤ ਕੀਤੀ ਗਈ 5 ਮੈਂਬਰੀ ਉੱਚ ਪੱਧਰੀ ਕਮੇਟੀ ਦੀ ਪਲੇਠੀ ਇਕੱਤਰਤਾ ਇਥੇ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ। ਇਸ ਇਕੱਤਰਤਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਅਜੀਤ ਪ੍ਰਕਾਸ਼ਨ ਸਮੂਹ ਦੇ ਪ੍ਰਬੰਧਕੀ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ, ਭਾਈ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਬੀਬੀ ਕਮਲਦੀਪ ਕੌਰ ਰਾਜੋਆਣਾ ਅਤੇ ਸੀਨੀਅਰ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਹਾਜ਼ਰ ਹੋਏ। ਦੋ ਘੰਟੇ ਤੋਂ ਵੱਧ ਸਮਾਂ ਚੱਲੀ ਇਸ ਇਕੱਤਰਤਾ ਦੌਰਾਨ ਗੰਭੀਰ ਵਿਚਾਰ-ਵਟਾਂਦਰੇ ਮਗਰੋਂ ਮੀਡੀਆ ਨੂੰ ਸੰਬੋਧਤ ਹੁੰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਭਾਈ ਰਾਜੋਆਣਾ ਅਤੇ ਹੋਰ ਬੰਦੀ ਸਿੰਘਾਂ ਬਾਰੇ ਕੇਂਦਰ ਸਰਕਾਰ ਨਾਲ ਗੱਲਬਾਤ ਕਰਨ ਦਾ ਫੈਸਲਾ ਹੋਇਆ ਹੈ। ਇਸ ਸਬੰਧ ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁਲਾਕਾਤ ਲਈ ਸਮਾਂ ਦੇਣ ਵਾਸਤੇ ਪੱਤਰ ਲਿਖਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਇਸ ਕਮੇਟੀ ਦੀ ਮੁੱਢਲੀ ਮੀਟਿੰਗ ਵਿਚ ਭਾਰਤ ਸਰਕਾਰ ਨਾਲ ਬੰਦੀ ਸਿੰਘਾਂ ਦੇ ਮਾਮਲੇ 'ਤੇ ਸਦਭਾਵਨਾ ਵਾਲੇ ਮਾਹੌਲ ਵਿਚ ਗੱਲਬਾਤ ਕਰਨ ਦਾ ਨਿਰਣਾ ਕੀਤਾ ਗਿਆ ਹੈ ਅਤੇ ਇਸੇ ਦਿਸ਼ਾ ਵਿਚ ਹੀ ਅਗਲੇ ਕਦਮ ਚੁੱਕੇ ਜਾਣਗੇ। ਐਡਵੋਕੇਟ ਧਾਮੀ ਨੇ ਕਿਹਾ ਕਿ ਕਮੇਟੀ ਮੈਂਬਰਾਂ ਦੇ ਕੀਮਤੀ ਸੁਝਾਵਾਂ ਅਨੁਸਾਰ ਹੀ ਹਰ ਕਦਮ ਉਠਾਇਆ ਜਾਵੇਗਾ ਅਤੇ ਅਸੀਂ ਚਾਹੁੰਦੇ ਹਾਂ ਕਿ ਜਲਦ ਹੀ ਬੰਦੀ ਸਿੰਘਾਂ ਦੇ ਮਾਮਲੇ 'ਚ ਇਕ ਵਧੀਆ ਮਾਹੌਲ ਵਿਚ ਸਰਕਾਰ ਨਾਲ ਗੱਲਬਾਤ ਅੱਗੇ ਤੁਰੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਬੰਦੀ ਸਿੰਘਾਂ ਦੇ ਮਨੁੱਖੀ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲੋਕਤੰਤਰੀ ਤਰੀਕੇ ਨਾਲ ਯਤਨ ਜਾਰੀ ਰੱਖੇ ਜਾਣਗੇ। ਪੱਤਰਕਾਰ ਸੰਮੇਲਨ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਾਮ ਸਿੰਘ, ਸਿੱਖ ਆਗੂ ਭਾਈ ਜਸਬੀਰ ਸਿੰਘ ਘੁੰਮਣ, ਸ਼੍ਰੋਮਣੀ ਕਮੇਟੀ ਸਕੱਤਰ ਪ੍ਰਤਾਪ ਸਿੰਘ, ਓਐੱਸਡੀ ਸਤਬੀਰ ਸਿੰਘ ਧਾਮੀ, ਬਲਵਿੰਦਰ ਸਿੰਘ ਕਾਹਲਵਾਂ, ਕੁਲਵਿੰਦਰ ਸਿੰਘ ਰਮਦਾਸ, ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ਼ ਸਿੰਘ ਅਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਫਗਵਾੜਾ ਦੇ ਸਪੂਤ ਡਾ. ਕੇਵਲ ਧੀਰ ਨੂੰ ਮਿਲੇਗਾ ਨੈਸ਼ਨਲ ਗਾਲਿਬ ਐਵਾਰਡ

**ਫਗਵਾੜਾ, (ਡਾ. ਰਮਨ, ਜਸਵਿੰਦਰ ਢੱਡਾ)**- ਸਾਹਿਤ ਦੇ ਖੇਤਰ ਵਿਚ ਇਹ ਖ਼ਬਰ ਬੜੇ ਮਾਣ ਨਾਲ ਸੁਣੀ ਜਾਵੇਗੀ ਕਿ ਉਰਦੂ ਭਾਸ਼ਾ ਦੇ ਉੱਘੇ ਸਾਹਿਤਕਾਰ ਡਾ. ਕੇਵਲ ਧੀਰ ਨੂੰ ਸਾਲ 2023 ਦੇ ਰਾਸ਼ਟਰੀ ਗਾਲਿਬ ਐਵਾਰਡ ਨਾਲ ਸਨਮਾਨਤ ਕੀਤਾ ਜਾ ਰਿਹਾ ਹੈ। ਇਹ ਐਲਾਨ ਦਿੱਲੀ ਵਿਚ ਬੀਤੇ ਦਿਨ ਹੋਈ ਗਾਲਿਬ ਇੰਸਟੀਚਿਊਟ ਦੀ ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਕੀਤਾ ਗਿਆ। ਦੱਸਣਯੋਗ ਹੈ ਕਿ ਉਰਦੂ, ਹਿੰਦੀ ਅਤੇ ਅੰਗਰੇਜ਼ੀ ਵਿਚ ਸੌ ਤੋਂ ਵੱਧ ਪੁਸਤਕਾਂ ਲਿਖ ਕੇ ਵਿਸ਼ਵ ਭਰ ਵਿਚ ਨਾਮਣਾ ਖੱਟਣ ਵਾਲੇ ਡਾ. ਕੇਵਲ ਧੀਰ ਫਗਵਾੜਾ ਦੇ ਮਰਹੂਮ ਡਾ. ਹੰਸਰਾਜ ਧੀਰ ਦੇ ਸਪੁੱਤਰ ਹਨ। ਉਨ੍ਹਾਂ ਨੂੰ ਦੁਨੀਆ ਦੇ ਕਈ ਦੇਸ਼ਾਂ ਵਿੱਚ ਸਨਮਾਨਤ ਕੀਤਾ ਗਿਆ ਹੈ। ਅੱਜਕੱਲ੍ਹ ਉਨ੍ਹਾ ਦੀ ਰਿਹਾਇਸ਼ ਲੁਧਿਆਣਾ ਵਿਖੇ ਹੈ। ਉਨ੍ਹਾ ਨੂੰ ਭਾਰਤ ਦੇ ਕਈ ਰਾਜਾਂ ਦੀਆਂ ਸਾਹਿਤਕ ਅਕਾਦਮੀਆਂ ਵੱਲੋਂ ਸਰਵਉੱਤਮ ਸਨਮਾਨਾਂ ਨਾਲ ਨਿਵਾਜਿਆ ਜਾ ਚੁੱਕਾ ਹੈ। ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਦਿੱਤਾ ਗਿਆ ਸ਼੍ਰੋਮਣੀ ਸਾਹਿਤਕ ਪੁਰਸਕਾਰ ਪ੍ਰਾਪਤ ਕਰਨ ਵਾਲੇ ਡਾ. ਕੇਵਲ ਧੀਰ ਨੂੰ ਉਨ੍ਹਾਂ ਦੀ ਪੁਸਤਕ 'ਮੈਂ ਲਾਹੌਰ ਹੂੰ' ਲਈ ਪਿਛਲੇ ਮਹੀਨੇ ਗਿਆਨੀ, ਗਿਆਨ ਸਿੰਘ ਪੁਰਸਕਾਰ ਦਿੱਤਾ ਗਿਆ ਹੈ। ਉਨ੍ਹਾਂ ਦੇ ਛੋਟੇ ਭਰਾ ਡਾ. ਜਵਾਹਰ ਧੀਰ ਜੋ ਕਿ ਖੁਦ ਵੀ ਪ੍ਰਸਿੱਧ ਸਾਹਿਤਕਾਰ ਹਨ, ਨੇ ਦੱਸਿਆ ਕਿ ਡਾ. ਕੇਵਲ ਧੀਰ ਨੂੰ ਇਹ ਐਵਾਰਡ 22 ਦਸੰਬਰ ਨੂੰ ਗਾਲਿਬ ਅਕੈਡਮੀ ਇੰਸਟੀਚਿਊਟ ਵਿਖੇ ਪ੍ਰਦਾਨ ਕੀਤਾ ਜਾਵੇਗਾ। ਦੋਆਬਾ ਸਾਹਿਤ ਅਤੇ ਕਲਾ ਅਕਾਦਮੀ ਦੇ ਸਰਪ੍ਰਸਤ ਠਾਕੁਰ ਦਾਸ ਚਾਵਲਾ ਅਤੇ ਪ੍ਰੋ. ਕੈਲਾਸ਼ ਭਾਰਦਵਾਜ ਤੋਂ ਇਲਾਵਾ ਲੇਖਕ ਰਵਿੰਦਰ ਸਿੰਘ ਚੋਟ, ਰਾਜੇਸ਼ ਆਧਿਆਏ, ਦਲੀਪ ਪਾਂਡੇ, ਮਨੋਜ ਫਗਵਾੜਵੀ, ਹਰਚਰਨ ਭਾਰਤੀ ਸਮੇਤ ਸੀਨੀਅਰ ਸਿਟੀਜ਼ਨ ਕੌਂਸਲ ਨੇ ਡਾ. ਧੀਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਡਾ. ਫਗਵਾੜਾ ਦੇ ਹੋਣਹਾਰ ਪੁੱਤਰ ਡਾ. ਕੇਵਲ ਧੀਰ ਨੇ ਸਾਹਿਤ ਦੇ ਖੇਤਰ ਵਿਚ ਬੁਲੰਦੀਆਂ ਹਾਸਲ ਕਰਕੇ ਫਗਵਾੜਾ ਦਾ ਨਾਂ ਰੌਸ਼ਨ ਕੀਤਾ ਹੈ।

# ਪੱਟੀ ਤੋਂ ਸ਼ਰਧਾਲੂਆਂ ਦਾ ਜਥਾ ਸ੍ਰੀ ਆਨੰਦਪੁਰ ਸਾਹਿਬ ਲਈ ਰਵਾਨਾ




ਪੱਟੀ, (ਬਲਦੇਵ ਸਿੰਘ ਸੰਧੂ)-ਸੂਬਾ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਦੇ ਅਧੀਨ ਹਲਕਾ ਪੱਟੀ ਤੋਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸ਼ਰਧਾਲੂਆਂ ਦਾ ਜਥਾ ਸ੍ਰੀ ਅਨੰਦਪੁਰ ਸਾਹਿਬ ਲਈ ਪੱਟੀ ਤੋਂ ਰਵਾਨਾ ਕੀਤਾ ਗਿਆ। ਇਸ ਵਿੱਚ ਹਲਕਾ ਪੱਟੀ ਦੇ ਪਿੰਡ ਚੂਸਲੇਵੜ ਦੇ ਸ਼ਰਧਾਲੂ ਦਰਸ਼ਨਾਂ ਲਈ ਗਏ। ਇਸ ਮੌਕੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਯਾਤਰਾ ਦੌਰਾਨ ਸ਼ਰਧਾਲੂਆ ਦਾ ਰਹਿਣਾ-ਖਾਣਾ ਆਦਿ ਬਿਲਕੁਲ ਮੁਫਤ ਹੋਵੇਗਾ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਸ਼ਰਧਾਲੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਯਾਤਰਾ ਦਾ ਮੁੱਖ ਮੰਤਵ ਸ਼ਰਧਾਲੂਆਂ ਨੂੰ ਦੇਸ਼ ਭਰ ਵਿੱਚ ਵੱਖ-ਵੱਖ ਤੀਰਥ ਅਸਥਾਨਾਂ ਦੇ ਦਰਸ਼ਨ ਕਰਵਾਉਣਾ ਹੈ। ਸਰਕਾਰ ਵੱਲੋਂ ਯਾਤਰਾ ਕਰਵਾਉਣ ਲਈ ਦੋ ਤਰ੍ਹਾਂ ਦੇ ਸਾਧਨ ਰੱਖੇ ਗਏ ਹਨ। ਯਾਤਰਾ ਦੌਰਾਨ ਵੱਖ-ਵੱਖ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਰੇਲਾਂ ਅਤੇ ਬੱਸਾਂ ਰਵਾਨਾ ਹੋਣਗੀਆਂ। ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ ਪੀ. ਏ., ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਸਿਕੰਦਰ ਸਿੰਘ ਪ੍ਰਧਾਨ ਟਰੱਕ ਯੂਨੀਅਨ ਪੱਟੀ, ਗੁਰਵਿੰਦਰ ਸਿੰਘ ਬੁਰਜ, ਗੁਰਪ੍ਰੀਤ ਸਿੰਘ ਸਰਪੰਚ ਪੰਨਗੋਟਾ, ਬਲਜਿੰਦਰ ਸਿੰਘ ਚੂਸਲੇਵੜ, ਅੰਮ੍ਰਿਤਪਾਲ ਸਿੰਘ ਢੋਟੀਆਂ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪਲਸ ਪੋਲੀਓ ਮੁਹਿੰਮ ਦਾ ਭੱਗੂਪੁਰ 'ਚ ਉਡਿਆ ਮਜ਼ਾਕ!



**ਪੱਟੀ (ਬਲਦੇਵ ਸਿੰਘ ਸੰਧੂ)**-ਸੂਬੇ ਅੰਦਰ ਨੈਸ਼ਨਲ ਪਲਸ ਪੋਲੀਓ ਮੁਹਿੰਮ ਨੂੰ ਸਫਲ ਬਣਾਉਣ ਨੂੰ ਲੈ ਕੇ ਸਰਕਾਰ ਤੇ ਸਿਹਤ ਵਿਭਾਗ ਪੱਬਾਂ ਭਾਰ ਦਿਖਾਈ ਦੇ ਰਿਹਾ ਹੈ। ਉਥੇ ਇਸ ਮੁਹਿੰਮ ਨੂੰ ਸਿਹਤ ਵਿਭਾਗ ਦੇ ਕਰਮਚਾਰੀਆਂ ਵੱਲੋਂ ਠਿੱਬੀ ਲਗਾਉਣ 'ਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਗੱਲ ਕਰਦੇ ਪੱਟੀ ਦੇ ਪਿੰਡ ਭੱਗੂਪੁਰ ਦੀ ਜਿਥੇ ਸਬ ਸੈਂਟਰ 'ਚ ਪਲਸ ਪੋਲੀਓ ਮੁਹਿੰਮ ਨੂੰ ਸਫਲ ਬਣਾਉਣ ਤਹਿਤ ਆਸ਼ਾ ਵਰਕਰਾਂ ਤਾਂ ਸਮੇਂ ਸਿਰ ਆਪਣੀ ਡਿਊਟੀ 'ਤੇ ਪਹੁੰਚ ਗਈਆਂ। ਉਦਘਾਟਨ ਤੋਂ ਸੱਖਣੇ ਨਵੇਂ ਬਣੇ ਮੁਹੱਲਾ ਕਲੀਨਿਕ ਦੇ ਮੇਨ ਗੇਟ ਨੂੰ ਤਾਲਾ ਲੱਗਾ ਹੋਣ ਕਾਰਨ ਆਸ਼ਾ ਵਰਕਰਾਂ, ਸੁਪਰਵਾਈਜ਼ਰ ਸਮੇਤ ਹਰਵਿੰਦਰ ਸਿੰਘ ਫਾਰਮੇਸੀ ਅਫਸਰ ਬੰਦ ਗੇਟ ਦੇ ਬਾਹਰ ਬੈਠ ਕੇ ਏਐੱਨਐੱਮ ਦੇ ਆਉਣ ਦੀ ਉਡੀਕ ਕਰਨ ਲੱਗੇ। ਏਐੱਨਐੱਮ ਦੀ ਡਿਊਟੀ ਠੱਕਰਪੁਰਾ ਵਿਖੇ ਹੋਣ ਕਾਰਨ ਮੁਹੱਲਾ ਕਲੀਨਿਕ ਦਾ ਗੇਟ ਨਹੀਂ ਖੁੱਲ੍ਹ ਸਕਿਆ। ਸੁਪਰਵਾਈਜ਼ਰ ਵੀਰਪਾਲ ਕੌਰ ਤੇ ਆਸ਼ਾ ਵਰਕਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਏਐੱਨਐੱਮ ਮੈਡਮ ਜਸਵਿੰਦਰ ਕੌਰ ਦੇ ਹੈਂਕੜਬਾਜ਼ੀ ਕਰਕੇ ਉਨ੍ਹਾਂ ਨੂੰ ਗੇਟ ਦੇ ਬਾਹਰ ਬੈਠਣਾ ਪੈ ਰਿਹਾ। ਉਨ੍ਹਾਂ ਦੱਸਿਆ ਕਿ ਜਸਵਿੰਦਰ ਕੌਰ ਵੱਲੋਂ ਗੇਟ ਨਾ ਖੋਲ੍ਹਣ ਕਾਰਨ ਬੈਠਣ ਲਈ ਕੁਰਸੀਆਂ ਤੇ ਪੋਲੀਓ ਬੌਕਸ ਨਹੀਂ ਮਿਲੇ। ਉਨ੍ਹਾਂ ਨੂੰ ਸਹਿਯੋਗ ਕਰਨ ਦੀ ਬਜਾਏ ਨਿੱਤ ਨਵੇਂ ਬਹਾਨੇ ਬਣਾ ਕੇ ਉਨ੍ਹਾਂ ਦੇ ਕੰਮ 'ਚ ਅੜਿੱਕੇ ਪਾਉਣ ਦੇ ਦੋਸ਼ ਲਗਾਏ। ਜਦੋਂ ਇਸ ਮਾਮਲੇ ਸਬੰਧੀ ਏਐੱਨਐੱਮ ਜਸਵਿੰਦਰ ਕੌਰ ਨਾਲ ਫੋਨ 'ਤੇ ਰਾਬਤਾ ਕਾਇਮ ਕੀਤਾ ਗਿਆ ਤਾਂ ਉਨ੍ਹਾਂ ਦੱਸਿਆ ਕਿ ਗੇਟ ਦੀ ਚਾਬੀ ਉਨ੍ਹਾਂ ਪਾਸ ਨਹੀਂ ਬਲਕਿ ਗੇਟ ਦੀ ਚਾਬੀ ਰਾਤ ਸਮੇਂ ਰਾਖੀ ਕਰਨ ਵਾਲੇ ਵਿਅਕਤੀ ਕੋਲ ਹੈ। ਮੌਕੇ 'ਤੇ ਉਸ ਵਿਅਕਤੀ ਦੇ ਘਰੋਂ ਵੀ ਗੇਟ ਦੀ ਚਾਬੀ ਨਹੀਂ ਮਿਲੀ। ਜਦੋਂ ਇਸ ਮਾਮਲੇ ਸਬੰਧੀ ਐੱਸਐੱਮਓ ਘਰਿਆਲਾ ਮੈਡਮ ਨੀਤੂ ਚੱਢਾ ਨਾਲ ਫੋਨ 'ਤੇ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸਾਰੇ ਮਾਮਲੇ ਦੀ ਜਾਂਚ ਕਰਕੇ ਜ਼ੁੰਮੇਵਾਰ ਕਰਮਚਾਰੀਆਂ ਦੇ ਖਿਲਾਫ ਕਾਰਵਾਈ ਕਰਨ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਜਦੋਂ ਇਸ ਸਬੰਧੀ ਐੱਸਡੀਐੱਮ ਪੱਟੀ ਰਾਜੇਸ਼ ਸ਼ਰਮਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਆਖਿਆ ਕਿ ਉਹ ਸਿਵਲ ਸਰਜਨ ਨਾਲ ਰਾਬਤਾ ਕਰਕੇ ਸਾਰੇ ਮਾਮਲੇ ਦੀ ਜਾਂਚ ਰਿਪੋਰਟ ਲੈਣਗੇ। ਜ਼ਿੰਮੇਵਾਰ ਕਰਮਚਾਰੀਆਂ ਖਿਲਾਫ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਸ ਮੌਕੇ ਪਰਮਜੀਤ ਕੌਰ, ਮੋਨਿਕਾ, ਅਮਨ ਕੁਮਾਰੀ, ਪੁਸ਼ਪਿੰਦਰ ਕੌਰ, ਅਮਨਦੀਪ ਕੌਰ, ਦਵਿੰਦਰ ਕੌਰ ਆਦਿ ਆਸ਼ਾ ਵਰਕਰਾਂ ਹਾਜ਼ਰ ਸਨ।

# ਸ਼ੈਰੀ ਕਲਸੀ ਨੇ ਸੁਣੀਆਂ ਲੋਕਾਂ ਦੀਆਂ ਦਰਪੇਸ਼ ਮੁਸ਼ਕਿਲਾਂ

## ਸੜਕ ਦੀ ਚਿਰੋਕਣੀ ਮੰਗ ਨੂੰ ਜਲਦ ਹੱਲ ਕਰਨ ਦਾ ਦਿੱਤਾ ਭਰੋਸਾ



**ਬਟਾਲਾ, (ਡਾ. ਮਲਵਿੰਦਰ ਸਿੰਘ)**-ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਰਾਜਾ ਇੰਟਰਨੈਸ਼ਨਲ ਦੇ ਸਾਹਮਣੇ ਵਾਲੀ ਗਲੀ ਦੇ ਨਿਵਾਸੀਆਂ ਦੇ ਸੱਦੇ ਤੇ ਓਥੇ ਪਹੁੰਚੇ ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਸੁਣੀਆਂ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਲੰਬੇ ਸਮੇਂ ਤੋਂ ਪੇਸ਼ ਆ ਰਹੀ ਸੜਕ ਦੀ ਮੁਸ਼ਕਿਲ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਜਦ ਦੇ ਉਹ ਬਟਾਲਾ ਦੇ ਵਿਧਾਇਕ ਬਣੇ ਹਨ, ਉਨਾਂ ਦੀ ਤਰਜੀਹ ਰਹੀ ਹੈ ਕਿ ਸ਼ਹਿਰ ਵਾਸੀਆਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ ਤੇ ਹੱਲ ਕੀਤੀਆਂ ਜਾਣ। ਉਨਾਂ ਕਿਹਾ ਕਿ ਮਹਿਜ 18 ਮਹੀਨਿਆਂ ਦੇ ਅੰਦਰ ਬਟਾਲਾ ਸ਼ਹਿਰ ਅੰਦਰ ਵੱਖ-ਵੱਖ ਵਿਕਾਸ ਕਾਰਜ ਕੀਤੇ ਗਏ ਹਨ ਅਤੇ ਲੋਕਾਂ ਦੀਆਂ ਚਿਰੋਕਣੀ ਮੰਗਾਂ ਪੂਰੀਆਂ ਕੀਤੀਆਂ ਗਈਆਂ ਹਨ।

ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸ਼ਹਿਰ ਵਿਚਲੇ ਪ੍ਰਮੁੱਖ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ ਅਤੇ ਬਟਾਲਾ ਦੇ ਐਂਟਰੀ ਪੁਆਇੰਟਾਂ ਤੇ ਸ਼ਾਨਦਾਰ ਗੇਟਾਂ ਦੀ ਉਸਾਰੀ ਕਰਵਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਕਰੋੜਾਂ ਰੁਪਏ ਦੀ ਲਾਗਤ ਨਾਲ ਜਲੰਧਰ ਬਾਈਪਾਸ ਤੋਂ ਹੰਸਲੀ ਪੁਲ ਤੱਕ ਅਤੇ ਬਟਾਲਾ ਬਾਈਪਾਸ ਤੋਂ ਅੰਮ੍ਰਿਤਸਰ ਬਾਈਪਾਸ ਸ਼ਹਿਰ ਵਿਚਲੀ ਸੜਕ ਚੌੜੀ ਕਰਨ ਦਾ ਕੰਮ ਸ਼ੁਰੂ ਕਰਵਾਇਆ ਗਿਆ ਹੈ। 2 ਕਰੋੜ ਰੁਪਏ ਦੀ ਲਾਗਤ ਨਾਲ ਡੇਰਾ ਬਾਬਾ ਨਾਨਕ ਰੇਲਵੇ ਬ੍ਰਿਜ ਤੋਂ ਬਾਈਪਾਸ ਤੱਕ ਸੜਕ ਬਣਾਉਣ ਦਾ ਕੰਮ ਚੱਲ ਰਿਹਾ ਹੈ। ਸ਼ਹਿਰ ਵਿਚਲੀ ਲਾਇਬਰੇਰੀ ਦੀ ਇਮਾਰਤ ਦਾ ਨਵੀਨੀਕਰਨ ਦਾ ਕੰਮ ਚੱਲ ਰਿਹਾ ਹੈ, ਜਲਦ ਹੀ ਬਟਾਲਾ ਤਹਿਸੀਲ ਕੰਪਲੈਕਸ ਦਾ ਕੰਮ ਸ਼ੁਰੂ ਕੀਤਾ ਜਾਵੇਗਾ ਅਤੇ ਇਸ ਤੋਂ ਇਲਾਵਾ ਵੱਖ-ਵੱਖ ਵਿਕਾਸ ਕਾਰਜ ਸ਼ਹਿਰੀ ਤੇ ਪੇਂਡੂ ਖੇਤਰ ਵਿੱਚ ਚੱਲ ਰਹੇ ਹਨ।

# ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਅੰਮ੍ਰਿਤਸਰ ਤਰਨਤਾਰਨ ਜ਼ੋਨ ਦੇ ਖੇਤਰ ਅਜਨਾਲਾ ਦੇ ਪ੍ਰਚਾਰਕ ਹਰਪ੍ਰਤਾਪ ਸਿੰਘ ਅਜਨਾਲਾ ਦੁਆਰਾ 'ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਫਰ-ਏ-ਦਾਸਤਾਨ' ਵਿਸ਼ੇ ਉਪਰ ਬਾਬਾ ਬੁੱਢਾ ਸਾਹਿਬ ਜੀ ਸਕੂਲ ਅਜਨਾਲਾ, ਸੁੰਦਰ ਮਾਡਲ ਸਕੂਲ ਅਜਨਾਲਾ ਵਿਖੇ ਸੈਮੀਨਾਰ 'ਚ ਬੱਚਿਆਂ ਨਾਲ ਵਿਚਾਰ ਸਾਂਝੇ ਕੀਤੇ ਗਏ। ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਸੇਧ ਲੈ ਕੇ ਸਿੱਖੀ ਅਸੂਲਾਂ 'ਤੇ ਚੱਲਣ ਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਸੰਸਥਾ ਵੱਲੋਂ 'ਭੱਖਾ ਹਰੀ ਸਿੰਘ ਗੁਰਦੁਆਰਾ' ਧਾਰਮਿਕ ਫਿਲਮ ਵਿਖਾਈ ਗਈ।

# ਤੇਜ਼ ਰਫਤਾਰ ਕਾਰ ਚਾਲਕ ਨੇ ਮਚਾਇਆ ਹੁੜਦੰਗ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਭੈੜੇ ਅਨਸਰਾਂ ਨੂੰ ਰੋਕਣ ਸੰਬੰਧੀ ਥਾਣਾ ਜੰਡਿਆਲਾ ਗੁਰੂ ਦੇ ਇੰਚਾਰਜ ਮੁਖਤਿਆਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪਾਰਟੀ ਨੇ ਘਾਹ ਮੰਡੀ ਚੌਕ ਵਿੱਚ ਨਾਕਾਬੰਦੀ ਕੀਤੀ ਹੋਈ ਸੀ। ਰਾਤ ਕਰੀਬ 9.30 ਵਜੇ ਜੰਡਿਆਲਾ ਗੁਰੂ ਦੇ ਮਹਿਸੂਲੀਆ ਗੇਟ ਤੋਂ ਇੱਕ ਕਾਰ ਨੰਬਰ ਆਈ 20 ਨੰਬਰ ਡੀ ਐਲ 9 ਸੀ ਏ ਏ 5590 ਜਿਸ ਨੂੰ ਮੋਨਾ ਨੌਜਵਾਨ ਬਹੁਤ ਤੇਜ਼ ਰਫਤਾਰ ਨਾਲ ਚਲਾ ਰਿਹਾ ਸੀ। ਜਦੋਂ ਪੁਲਸ ਪਾਰਟੀ ਨੇ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ ਨੇ ਗੱਡੀ ਭਜਾਉਣ ਦੀ ਕੋਸ਼ਿਸ਼ ਕੀਤੀ ਅਤੇ ਫਿਰ ਉਸ ਦੇ ਸੱਜੇ ਪਾਸੇ ਜਾ ਰਹੇ ਪੈਦਲ ਵਿਅਕਤੀ 'ਤੇ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਉਪਰ ਚੜ੍ਹਾ ਦਿੱਤੀ ਅਤੇ ਰਸਤੇ ਵਿੱਚ ਖੜ੍ਹੀਆਂ ਤਿੰਨ ਐਕਟਿਵਾ ਵੀ ਭੰਨ ਦਿੱਤੀਆਂ। ਜਦ ਮੁਲਜ਼ਮ ਨੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪੁਲਸ ਪਾਰਟੀ ਨੇ ਉਸ ਨੂੰ ਕਾਬੂ ਕਰ ਲਿਆ। ਮੁਲਜ਼ਮ ਦੀ ਪਛਾਣ ਅਰਸ਼ਪ੍ਰੀਤ ਸਿੰਘ ਉਰਫ ਕਾਲਾ ਵਾਸੀ ਪਿੰਡ ਜੀਓਬਾਲਾ, ਜ਼ਿਲ੍ਹਾ ਤਰਨਤਾਰਨ ਵਜੋਂ ਹੋਈ ਹੈ ਜਦਕਿ ਜ਼ਖ਼ਮੀ ਪੈਦਲ ਨੌਜਵਾਨ ਦੀ ਪਹਿਚਾਣ ਅਰੁਣ ਕੁਮਾਰ ਵਾਸੀ ਨਈ ਆਬਾਦੀ ਸਾਹਮਣੇ ਜੈਨ ਸਕੂਲ ਜੰਡਿਆਲਾ ਗੁਰੂ ਵਜੋਂ ਹੋਈ ਹੈ। ਉਸ ਨੂੰ ਉਸ ਦੇ ਪਿਤਾ ਵਿਜੇ ਕੁਮਾਰ ਅਤੇ ਆਸ-ਪਾਸ ਦੇ ਲੋਕਾਂ ਹਰਮਨਬੀਰ ਸਿੰਘ ਨੇ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ। ਮੁਲਜ਼ਮ ਖਿਲਾਫ ਪੁਲਸ ਪਾਰਟੀ 'ਤੇ ਹਮਲਾ ਕਰਨ, ਭੰਨ-ਤੋੜ ਕਰਨ ਅਤੇ ਰਾਹਗੀਰ ਅਰੁਣ ਨੂੰ ਮਾਰਨ ਦੀ ਨੀਅਤ ਨਾਲ ਹਮਲਾ ਕਰਨ ਦੇ ਦੋਸ਼ ਹੇਠ ਕੇਸ ਦਰਜ ਕੀਤਾ ਗਿਆ ਸੀ। ਮੁਲਜ਼ਮਾਂ ਖਿਲਾਫ ਤਰਨਤਾਰਨ ਜ਼ਿਲ੍ਹੇ ਵਿੱਚ ਪਹਿਲਾਂ ਵੀ ਬੈਂਕ ਡਕੈਤੀ ਅਤੇ ਐੱਨਡੀਪੀਐੱਸ ਐਕਟ ਦੇ ਕੇਸ ਦਰਜ ਹਨ।

# 'ਆਪ' ਆਗੂਆਂ ਵੱਲੋਂ ਨਵ-ਨਿਯੁਕਤ ਥਾਣਾ ਮੁਖੀ ਝਬਾਲ ਦਾ ਸਨਮਾਨ



ਝਬਾਲ (ਹਰਜਿੰਦਰ ਸਿੰਘ ਸੋਨੀ)-ਝਬਾਲ ਦੇ ਮੁਖੀ ਦੇ ਤਬਾਦਲੇ ਤੋਂ ਬਾਅਦ ਨਵੇਂ ਆਏ ਥਾਣਾ ਮੁਖੀ ਹਰਿੰਦਰ ਸਿੰਘ ਨੇ ਥਾਣੇ ਦਾ ਕਾਰਜ ਕਾਲ ਸੰਭਾਲਣ ਤੋਂ ਉਪਰੰਤ ਕੰਮਕਾਜ ਕਰਨਾ ਸ਼ੁਰੂ ਕਰ ਦਿੱਤਾ ਹੈ ਤੇ ਇਲਾਕੇ ਦੇ ਮੋਹਤਬਰ ਵਿਅਕਤੀਆਂ ਵੱਲੋਂ ਥਾਣਾ ਮੁਖੀ ਨਾਲ ਮੁਲਾਕਾਤ ਕਰਕੇ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸੇ ਤਰ੍ਹਾਂ ਪਿੰਡ ਪੰਡੋਰੀ ਰਣ ਸਿੰਘ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਡਾ: ਕੁਲਦੀਪ ਸਿੰਘ ਰੰਧਾਵਾ, ਆਗੂ ਆਮ ਆਦਮੀ ਪਾਰਟੀ (ਪੰਡੋਰੀ ਰਣਸਿੰਘ), ਗੁਰਮੁੱਖ ਸਿੰਘ ਤੇ ਉਨ੍ਹਾਂ ਦੀ ਟੀਮ ਤੇ ਹੋਰ ਮੋਹਤਬਰ ਵਿਅਕਤੀਆਂ ਦੀ ਹਾਜ਼ਰੀ ਵਿੱਚ ਥਾਣਾ ਮੁੱਖੀ ਹਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਤੇ ਥਾਣਾ ਮੁੱਖੀ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਮੂੰਹ ਮਿੱਠਾ ਕਰਵਾਇਆ। ਥਾਣਾ ਮੁਖੀ ਨੇ ਵੀ ਆਗੂਆਂ ਅਤੇ ਮੋਹਤਬਰ ਵਿਅਕਤੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਇਲਾਕੇ ਅੰਦਰ ਕਿਸੇ ਵੀ ਤਰ੍ਹਾਂ ਦਾ ਗਲਤ ਕੰਮ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਚੋਰਾਂ, ਨਸ਼ੇੜੀਆਂ ਨੂੰ ਬਖਸ਼ਿਆ ਨਹੀਂ ਜਾਵੇਗਾ। ਇਲਾਕੇ ਅੰਦਰ ਅਮਨ ਸ਼ਾਂਤੀ ਬਹਾਲ ਰੱਖੀ ਜਾਵੇਗੀ ਤੇ ਪਬਲਿਕ ਤੇ ਮੋਹਤਬਰ ਵਿਅਕਤੀਆਂ ਦੇ ਸਹਿਯੋਗ ਦੀ ਮੰਗ ਕੀਤੀ। ਇਸ ਮੌਕੇ ਡਾ: ਕਲਦੀਪ ਸਿੰਘ ਰੰਧਾਵਾ, ਗੁਰਮੁੱਖ ਸਿੰਘ ਰਣਸਿੰਘ ਤੋਂ ਇਲਾਵਾ ਡਾ: ਕਾਰਜ ਸਿੰਘ ਰੰਧਾਵਾ, ਸਰਪੰਚ ਜਗਦੀਸ਼ ਸਿੰਘ, ਤਰਸੇਮ ਸਿੰਘ ਸੋਹਲ, ਮਨਜਿੰਦਰ ਸਿੰਘ ਮੰਨੀ, ਡਾ: ਤਸਬੀਰ ਕੌਰ, ਸੱਜਣ ਸਿੰਘ, ਸੁਖਦੇਵ ਸਿੰਘ ਬਾਬਾ ਲੰਗਰ, ਮੈਂਬਰ ਕਸ਼ਮੀਰ ਸਿੰਘ, ਮੈਂਬਰ ਦਲਜੀਤ ਸਿੰਘ, ਮੰਗਤ ਸਿੰਘ ਪੱਧਰੀ ਕਲਾਂ, ਪਲਵਿੰਦਰ ਸਿੰਘ, ਰਣਜੀਤ ਸਿੰਘ ਰਾਣਾ ਭੋਜੀਆਂ ਤੇ ਹੋਰ ਮੋਹਤਬਰ ਵਿਅਕਤੀ ਹਾਜ਼ਰ ਸਨ।

# ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ 'ਚ ਲੱਗੀ ਨੈਸ਼ਨਲ ਲੋਕ ਅਦਾਲਤ

## 7980 ਕੇਸਾਂ ਦਾ ਹੋਇਆ ਨਿਪਟਾਰਾ,173519711 ਰੁਪਏ ਦੇ ਐਵਾਰਡ ਕੀਤੇ ਪਾਸ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਮਾਨਯੋਗ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਤਹਿਤ ਅਤੇ ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੀ ਰਹਿਨੁਮਾਈ ਹੇਠ ਸੁਮਿੱਤ ਭੱਲਾ, ਮਾਨਯੋਗ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਦੁਆਰਾ ਸੈਸ਼ਨਜ਼ ਡਵੀਜ਼ਨ, ਗੁਰਦਾਸਪੁਰ ਅਧੀਨ ਸਮੂਹ ਨਿਆਂਇਕ ਅਦਾਲਤਾਂ ਵੱਲੋਂ ਕੇਸਾਂ ਦੇ ਨਿਪਟਾਰੇ ਲਈ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਲਈ ਗੁਰਦਾਸਪੁਰ ਅਤੇ ਬਟਾਲਾ ਵਿਖੇ ਨਿਆਇਕ ਅਧਿਕਾਰੀਆਂ ਦੇ ਕੁੱਲ 14 ਲੋਕ ਅਦਾਲਤੀ ਬੈਂਚਾਂ ਦਾ ਗਠਨ ਕੀਤਾ ਗਿਆ। ਅੱਜ ਦੀ ਨੈਸ਼ਨਲ ਲੋਕ ਅਦਾਲਤ ਵਿੱਚ ਫੌਜਦਾਰੀ, ਚੈੱਕ ਬਾਊਂਸ, ਬੈਂਕਾਂ ਦੇ ਕੇਸ, ਐਕਸੀਡੈਂਟ ਕਲੇਮ ਕੇਸ ਅਤੇ ਪਰਿਵਾਰਿਕ ਝਗੜੇ ਆਦਿ ਸਬੰਧੀ ਕੇਸ ਲਗਾਏ ਗਏ। ਇਸ ਤੋਂ ਇਲਾਵਾ ਪ੍ਰੀ-ਲਿਟੀਗੇਟਿਵ ਕੇਸ ਜਿਵੇਂ ਕਿ ਬੈਂਕ ਰਿਕਵਰੀ ਕੇਸ, ਲੇਬਰ ਆਦਿ ਕੇਸ ਵੀ ਲਗਾਏ ਗਏ। ਇਸ ਲੋਕ ਅਦਾਲਤ ਵਿੱਚ ਰਾਜ਼ੀਨਾਮਾ ਹੋਣ ਯੋਗ ਕੇਸਾਂ ਦੇ ਨਿਪਟਾਰੇ ਲਈ 8495 ਕੇਸ, ਜੋ ਕਿ ਕੋਰਟਾਂ ਵਿੱਚ ਲੰਬਿਤ ਹਨ, ਸੁਣਵਾਈ ਲਈ ਰੱਖੇ ਗਏ, ਜਿਨ੍ਹਾਂ ਵਿੱਚੋਂ 7021 ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਰਾਹੀਂ ਕਰਵਾਇਆ ਗਿਆ। ਇਸ ਤੋਂ ਇਲਾਵਾ 959 ਪ੍ਰੀ-ਲਿਟੀਗੇਟਿਵ ਕੇਸਾਂ ਦਾ ਨਿਪਟਾਰਾ ਵੀ ਕੀਤਾ ਗਿਆ। ਇਸ ਤਰ੍ਹਾਂ ਨੈਸ਼ਨਲ ਲੋਕ ਅਦਾਲਤ ਵਿੱਚ ਕੁੱਲ 7980 ਕੇਸਾਂ ਦਾ ਨਿਪਟਾਰਾ ਕੀਤਾ ਗਿਆ ਅਤੇ 173519711 ਰੁਪਏ ਦੀ ਰਕਮ ਦੇ ਐਵਾਰਡ ਪਾਸ ਕੀਤੇ ਗਏ। ਇਸ ਮੌਕੇ ਸ੍ਰੀ ਰਜਿੰਦਰ ਅਗਰਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਲੋਕ ਅਦਾਲਤਾਂ ਦਾ ਮੁੱਖ ਮਨੋਰਥ ਦੋਵੇਂ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ ਤਾਂ ਜੋ ਧਿਰਾਂ ਦੇ ਕੀਮਤੀ ਸਮੇਂ ਅਤੇ ਧਨ ਦੀ ਬੱਚਤ ਹੋ ਸਕੇ ਅਤੇ ਆਪਸੀ ਦੁਸ਼ਮਣੀ ਘਟਾਈ ਜਾ ਸਕੇ।

*ਮਾਮਲਾ ਬੰਦੀ ਸਿੰਘਾਂ ਦੀ ਰਿਹਾਈ ਦਾ*

# ਘੱਟ-ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਗਿੱਲ ਦੇ ਪੱਤਰ ਦਾ ਪ੍ਰਧਾਨ ਮੰਤਰੀ ਨੇ ਲਿਆ ਨੋਟਿਸ



**ਬੁਤਾਲਾ, ਰਈਆ (ਨਿਰਮਲ ਸਿੰਘ ਸੰਘਾ/ਡੀ. ਕੇ. ਰੈਡੀ)**-ਬੰਦੀ ਸਿੰਘਾਂ ਦੀ ਰਿਹਾਈ ਨੂੰ ਯਕੀਨੀ ਬਣਾਉਣ ਲਈ ਘੱਟ-ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਦੇ ਪੱਤਰ 'ਤੇ ਕੇਂਦਰ ਨੇ ਦਖਲ ਦੇ ਦਿੱਤਾ ਹੈ। ਕੇਸ ਸਬੰਧੀ ਕੀਤੀ ਗਈ ਚਾਰਾਜੋਈ ਦੇ ਸਬੰਧ 'ਚ ਜਾਣਕਾਰੀ ਦਿੰਦੇ ਹੋਏ ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਅਲੱਗ-ਅਲੱਗ ਕੇਸਾਂ 'ਚ ਮਾਨਯੋਗ ਅਦਾਲਤਾਂ ਵੱਲੋਂ ਸੁਣਾਈ ਸਜ਼ਾ ਕੱਟ ਚੁੱਕੇ ਕੈਦੀਆਂ ਨੂੰ ਜੇਲ੍ਹਾਂ 'ਚ ਡੱਕ ਕੇ ਜੇਲ ਪ੍ਰਸ਼ਾਸਨ ਦੁਆਰਾ ਵਿਆਪਕ ਪੱਧਰ ਤੇ ਮਨੁੱਖੀ ਅਧਿਕਾਰਾਂ ਦੀ ਕੀਤੀ ਜਾ ਰਹੀ ਉਲੰਘਣਾ ਨੂੰ ਠੱਲ੍ਹਣ ਅਤੇ ਕੈਦੀਆਂ ਦੀ ਰਿਹਾਈ ਨੂੰ ਯਕੀਨੀ ਬਣਾਉਂਣ ਲਈ ਉਨ੍ਹਾਂ ਨੇ 01/03/23 ਨੂੰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਪੱਤਰ ਭੇਜ ਕੇ ਜੇਲ ਪ੍ਰਸ਼ਾਸਨ ਵੱਲੋਂ ਜਬਰੀ ਡੱਕੇ ਕੈਦੀਆਂ ਦੇ ਅਧਿਕਾਰਾਂ ਨਾਲ ਕੀਤੇ ਜਾ ਰਹੇ ਅਮਾਨਵੀ ਵਿਵਹਾਰ ਨੂੰ ਰੋਕਣ ਲਈ ਜੇਲ ਪ੍ਰਸ਼ਾਸਨ ਦੀ ਜਵਾਬਤਲਬੀ ਕਰਨ ਅਤੇ ਕੈਦੀਆਂ ਦੀ ਰਿਹਾਈ ਦੇ ਵਿਸ਼ੇ 'ਤੇ ਹਮਦਰਦੀ ਨਾਲ ਵਿਚਾਰ ਕਰਨ ਲਈ ਲਿਖਿਆ ਗਿਆ ਸੀ। ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਲੈਟਰ ਹੈੱਡ ਤੇ ਦਾਇਰ ਕੀਤੀ ਪਟੀਸ਼ਨ ਨੂੰ ਸਵੀਕਾਰ ਕਰਦਿਆਂ ਦਰਸਾਏ ਵਿਸ਼ੇ ਪ੍ਰਤੀ ਸੰਜੀਦਗੀ ਦਿਖਾਉਂਦੇ ਹੋਏ ਪ੍ਰਧਾਨ ਮੰਤਰੀ ਦੇ ਦਿੱਲੀ ਸਥਿਤ ਦਫ਼ਤਰ ਨੇ ਪੰਜਾਬ ਸਰਕਾਰ ਦੇ ਪ੍ਰਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਪਟੀਸ਼ਨਰ ਦੀ ਸੁਣਵਾਈ ਕਰਨ ਬਾਰੇ ਹਦਾਇਤ ਕੀਤੀ ਗਈ। ਇਸ ਸਵਾਲ ਦੇ ਜਵਾਬ 'ਚ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਨੇ ਅਜੇ ਤੱਕ ਮੇਰੇ ਨਾਲ ਰਾਬਤਾ ਨਹੀਂ ਕੀਤਾ ਹੈ। ਇਸ ਮੌਕੇ ਗੋਪਾਲ ਸਿੰਘ ਉਮਰਾ ਨੰਗਲ, ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਪੀਏ ਗੁਰਪ੍ਰੀਤ ਸਿੰਘ ਖਾਲਸਾ, ਅੰਮ੍ਰਿਤਪਾਲ ਸਿੰਘ ਕਲਿਆਣ ਆਦਿ ਹਾਜ਼ਰ ਸਨ।

# ਭੰਗਵਾਂ 'ਚ ਦਰਜਨਾਂ ਪਰਿਵਾਰ ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਦੀ ਸਰਕਾਰ ਦੇ ਕੰਮਾਂ ਅਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਆਮ ਆਦਮੀ ਪਾਰਟੀ ਵਿਕਾਸ ਦੀ ਰਾਜਨੀਤੀ ਕਰ ਰਹੀ ਹੈ ਅਤੇ ਬਿਨਾਂ ਕਿਸੇ ਪੱਖਪਾਤ ਦੇ ਸੂਬੇ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਅੱਜ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਭੰਗਵਾਂ ਦੇ ਦਰਜਨਾਂ ਪਰਿਵਾਰ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਦੇ ਸਮੇਂ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਲੋਕ ਸਾਡੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾਂ ਦੱਸਿਆ ਕਿ ਕਾਂਗਰਸ ਨੂੰ ਛੱਡ ਕੇ ਆਪਣੇ ਪਰਿਵਾਰਾਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਮੰਤਰੀ ਨੇ ਸ਼ਾਮਲ ਹੋਣ ਵਾਲੇ ਪਰਵਾਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਆਮ ਆਦਮੀ ਪਾਰਟੀ ਵਿੱਚ ਤੁਹਾਡਾ ਪੂਰਾ ਬਣਦਾ ਮਾਨ ਸਤਿਕਾਰ ਕੀਤਾ ਜਾਵੇਗਾ ਅਤੇ ਉਨਾਂ ਕਿਹਾ ਕਿ ਪਿੰਡ ਭੰਗਵਾਂ ਦੇ ਵਿਕਾਸ ਕਾਰਜ ਪਹਿਲ ਦੇ ਆਧਾਰ 'ਤੇ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਸੁਖਜਿੰਦਰ ਸਿੰਘ, ਅਮਰਦੀਪ ਸਿੰਘ, ਕਲਬੀਰ ਸਿੰਘ, ਪ੍ਰਭਪਾਲ ਸਿੰਘ, ਜਗਪਾਲ ਸਿੰਘ, ਸਾਹਿਬ ਸਿੰਘ, ਚੇਅਰਮੈਨ, ਲਾਡੀ ਸਿੰਘ, ਪੁਸ਼ਪਿੰਦਰ ਸਿੰਘ, ਮਨਜੋਤ ਸਿੰਘ, ਬਲਜਿੰਦਰ ਸਿੰਘ, ਮੰਗਲ ਸਿੰਘ, ਬਲਕਾਰ ਸਿੰਘ ਮੁਨਸ਼ੀ, ਗੁਰਚੇਤ ਸਿੰਘ, ਦਾਰਾ ਸਿੰਘ ਠੇਕੇਦਾਰ, ਹਰਦੀਪ ਸਿੰਘ, ਸੁਰਜੀਤ ਸਿੰਘ, ਅਮਰਦੀਪ ਸਿੰਘ ਅੰਬੂ, ਲਵਦੀਪ ਸਿੰਘ, ਲੱਬਾ ਪ੍ਰਧਾਨ, ਹਰਦੇਵ ਸਿੰਘ, ਅੱਬੀਜੋਤ ਸਿੰਘ, ਸੁੱਚਾ ਸਿੰਘ, ਸ਼ਮਸ਼ੇਰ ਸਿੰਘ, ਬਲਵਿੰਦਰ ਸਿੰਘ ਵੱਡੀ ਗਿਣਤੀ ਵਿਚ ਲੋਕ ਸ਼ਾਮਲ ਹੋਏ ਹਨ ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਕਰਵਾਇਆ ਨੀਲੀ ਰਾਵੀ ਮੱਝਾਂ ਦਾ ਦੁੱਧ ਚੁਆਈ ਮੁਕਾਬਲਾ



**ਪੱਟੀ, (ਬਲਦੇਵ ਸਿੰਘ ਸੰਧੂ)**-ਗੁਰੂ ਅੰਗਦ ਦੇਵ ਵੈਟਰਨਰੀ ਤੇ ਪਸ਼ੂ ਵਿਗਿਆਨ ਯੂਨੀਵਰਸਿਟੀ, ਪਸਾਰ ਸਿੱਖਿਆ ਨਿਰਦੇਸ਼ਾਲਾ, ਖੇਤਰੀ ਖੋਜ ਸਿਖਲਾਈ ਕੇਂਦਰ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ ਬੂਹ ਵਲੋਂ ਪਿੰਡ ਹਰੀਕੇ ਵਿਖੇ ਨੀਲੀ ਰਾਵੀ ਮੱਝਾਂ ਦਾ ਦੁੱਧ ਚੁਆਈ ਮੁਕਾਬਲਾ ਕਰਵਾਇਆ ਗਿਆ। ਇਹ ਮੇਲਾ 7 ਦਸੰਬਰ ਨੂੰ ਸ਼ੁਰੂ ਹੋਇਆ ਸੀ। ਮੇਲੇ ਦੀ ਪ੍ਰਧਾਨਗੀ ਕਰਦੇ ਹੋਏ ਲਾਲਜੀਤ ਸਿੰਘ ਭੁੱਲਰ, ਕੈਬਨਿਟ ਮੰਤਰੀ ਪੇਂਡੂ ਵਿਕਾਸ ਅਤੇ ਟਰਾਂਸਪੋਰਟ ਨੇ ਕਿਹਾ ਕਿ ਇਸ ਮੇਲੇ ਦਾ ਉਦੇਸ਼ ਮਾਝਾ ਖੇਤਰ ਵਿੱਚ ਨੀਲੀ ਰਾਵੀ ਮੱਝਾਂ ਬਾਰੇ ਪਸ਼ੂ ਪਾਲਕ ਵੀਰਾਂ ਨੂੰ ਜਾਗਰੂਕ ਕਰਨਾ ਹੈ। ਉਨ੍ਹਾਂ ਕਿਹਾ ਕਿ ਨੀਲੀ ਰਾਵੀ ਮੱਝ ਮਾਝਾ ਖੇਤਰ ਦੀ ਹੈ ਅਤੇ ਇਸਨੂੰ ਬਚਾਉਣ ਦੀ ਬਹੁਤ ਜ਼ਰੂਰਤ ਹੈ।

ਡਾ. ਇੰਦਰਜੀਤ ਸਿੰਘ ਉਪ ਕੁਲਪਤੀ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਲੁਧਿਆਣਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਕਿਹਾ ਕਿ ਨੀਲੀ ਰਾਵੀ ਮੱਝ ਦਾ ਪਿਛੋਕੜ ਮਾਝਾ ਖੇਤਰ ਹੀ ਹੈ ਅਤੇ ਨੀਲੀ ਰਾਵੀ ਮੱਝਾਂ ਦੇ ਦੁੱਧ ਚੁਆਈ ਮੁਕਾਬਲੇ ਦਾ ਉਦੇਸ਼ ਕਿਸਾਨਾਂ ਨੂੰ ਇਸ ਨਸਲ ਬਾਰੇ ਜਾਗਰੂਕ ਕਰਨਾ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕਰਨਾ ਹੈ। ਦੁੱਧ ਉਤਪਾਦਨ ਵਿੱਚ ਨੀਲੀ ਰਾਵੀ ਨਸਲ ਵੀ ਮੁੱਰਾਹ ਨਸਲ ਤੋਂ ਘੱਟ ਨਹੀਂ ਹੈ। ਡਾ. ਪ੍ਰਕਾਸ਼ ਸਿੰਘ ਬਰਾੜ, ਨਿਰਦੇਸ਼ਕ ਪਸਾਰ ਸਿੱਖਿਆ ਨੇ ਕਿਹਾ ਕਿ ਜੇਤੂ ਪਸ਼ੂ ਪਾਲਕਾਂ ਨੂੰ ਯੂਨੀਵਰਸਿਟੀ ਵੱਲੋਂ ਇਨਾਮ ਵਜੋਂ ਕੁੱਝ ਨਕਦ ਰਾਸ਼ੀ, ਸਨਮਾਨ ਚਿੰਨ੍ਹ ਅਤੇ ਸਰਟੀਫੀਕੇਟ ਵੰਡੇ ਗਏ ਜਿਸ ਨਾਲ ਕਿਸਾਨ ਵੀਰਾਂ ਦੀ ਹੌਸਲਾ ਅਫਜ਼ਾਈ ਹੁੰਦੀ ਹੈ। ਇਸ ਸਮੇਂ ਸੀਨੀਅਰ ਵੈਟਰਨਰੀ ਅਫਸਰ, ਪੱਟੀ ਡਾ. ਤੇਜਬੀਰ ਸਿੰਘ ਰੰਧਾਵਾ ਨੇ ਪਸ਼ੂਆਂ ਨੂੰ ਹੋਣ ਵਾਲੀਆਂ ਵੱਖ-ਵੱਖ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਨੀਲੀ ਰਾਵੀ ਮੱਝ ਦੀ ਨਸਲ ਸੁਧਾਰ ਬਾਰੇ ਪਸ਼ੂਪਾਲਕ ਵੀਰਾਂ ਨਾਲ ਜਾਣਕਾਰੀ ਸਾਂਝੀ ਕੀਤੀ। ਕੇ. ਵੀ. ਕੇ. ਬੂਹ ਦੇ ਡਿਪਟੀ ਡਾਇਰੈਕਟਰ ਡਾ. ਪੁਨੀਤ ਮਲਹੋਤਰਾ ਨੇ ਆਏ ਹੋਏ ਮਹਿਮਾਨਾਂ ਅਤੇ ਸਾਇੰਸਦਾਨਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਮੇਲੇ ਦੌਰਾਨ ਦੁੱਧ ਚੁਆਈ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਪਸ਼ੂਪਾਲਕ ਵੀਰ ਆਪਣੀਆਂ ਮੱਝਾਂ ਲੈ ਕੇ ਪਹੁੰਚੇ ਅਤੇ ਤਿੰਨ ਦਿਨ ਦੀ ਦੁੱਧ ਦੀ ਔਸਤ ਕੱਢ ਕੇ 5 ਕਿਸਾਨ ਵੀਰ ਜੇਤੂ ਰਹੇ ਜਿਸ ਵਿੱਚ ਲਖਬੀਰ ਸਿੰਘ ਕੋਹਾੜਾ ਦੀ ਮੱਝ ਨੇ ਪਹਿਲਾ, ਗੁਰਲਾਲ ਸਿੰਘ ਜਮਾਲਪੁਰ ਨੇ ਦੂਜਾ, ਮਨਦੀਪ ਸਿੰਘ ਅੰਮ੍ਰਿਤਸਰ ਨੇ ਤੀਜਾ, ਅਰਸ਼ਦੀਪ ਸਿੰਘ ਖਾਲੜਾ ਨੇ ਚੌਥਾ ਅਤੇ ਗੁਰਲਾਲ ਸਿੰਘ ਸਭਰਾ ਨੇ ਪੰਜਵਾਂ ਸਥਾਨ ਹਾਸਿਲ ਕੀਤਾ। ਦੁੱਧ ਪੈਦਾਵਾਰ ਵਿੱਚ ਪਹਿਲਾ ਸਥਾਨ ਹਾਸਿਲ ਕਰਨ ਵਾਲੀ ਮੱਝ ਦੇ ਮਾਲਕ ਨੂੰ 51 ਹਜ਼ਾਰ ਰੁਪਏ, ਦੂਜੇ ਨੂੰ 31 ਹਜ਼ਾਰ, ਤੀਜੇ ਨੂੰ 21 ਹਜ਼ਾਰ, ਚੌਥੇ ਨੂੰ11 ਹਜ਼ਾਰ ਰੁਪਏ ਤੇ ਪੰਜਵਾਂ ਸਥਾਨ ਹਾਸਿਲ ਕਰਨ ਵਾਲੇ ਨੂੰ 5100 ਰੁਪਏ ਨਕਦ ਰਾਸ਼ੀ ਦਿੱਤੀ ਗਈ। ਇਸ ਸਮੇਂ ਭਾਰਤੀ ਮੱਝ ਵਿਕਾਸ ਸੋਸਾਇਟੀ ਵਲੋਂ ਛੇਵੇਂ ਤੋਂ ਦਸਵਾਂ ਸਥਾਨ ਹਾਸਿਲ ਕਰਨ ਵਾਲੇ ਹਰੇਕ ਪਸ਼ੂਪਾਲਕ ਨੂੰ 5100 ਰੁਪਏ ਦੀ ਨਕਦ ਰਾਸ਼ੀ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਮੇਲੇ ਦੌਰਾਨ ਕੇ. ਵੀ. ਕੇ. ਬੂਹ ਅਤੇ ਵੱਖ-ਵੱਖ ਪ੍ਰਾਈਵੇਟ ਕੰਪਨੀਆਂ ਨੇ ਵੀ ਆਪਣੇ ਸਟਾਲ ਲਗਾਏ। ਸਟੇਜ ਦੀ ਜ਼ਿੰਮੇਵਾਰੀ ਡਾ. ਪਿਵਰਜੀਤ ਕੌਰ ਢਿੱਲੋਂ ਅਤੇ ਡਾ. ਅਨਿਲ ਕੁਮਾਰ ਨੇ ਬਾਖੂਬੀ ਨਿਭਾਈ। ਇਸ ਮੌਕੇ ਚੇਅਰਮੈਨ ਦਿਲਬਾਗ ਸਿੰਘ, ਤਰਸੇਮ ਸਿੰਘ ਸੋਨੂੰ ਭੁੱਲਰ ਕਿਰਤੋਵਾਲ ਸਮੇਤ ਇਲਾਕੇ ਦੇ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।



ਜੁਡੀਸ਼ੀਅਲ ਕੋਰਟ ਕੰਪਲੈਕਸ ਨਾਭਾ ਵਿਖੇ 9 ਦਸੰਬਰ ਨੂੰ ਨੈਸ਼ਨਲ ਲੋਕ ਅਦਾਲਤ ਲਗਾਈ ਗਈ। ਜਿਸ ਵਿੱਚ 570 ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਦੋ ਬੈਂਚ ਲਗਾਏ ਗਏ। ਇੱਕ ਬੈਂਚ ਬਲਕਾਰ ਸਿੰਘ ਜੇ ਐੱਮ ਆਈ ਸੀ ਨਾਭਾ ਅਤੇ ਦੂਜਾ ਬੈਂਚ ਅੰਕਿਤਾ ਮਿੱਤਲ ਜੇ ਐੱਮ ਆਈ ਸੀ ਨਾਭਾ ਦਾ ਲਗਾਇਆ ਗਿਆ। ਇਸ ਲੋਕ ਅਦਾਲਤ ਵਿੱਚ ਕੁੱਲ ਸੈਟਲਮੈਂਟ ਰਕਮ 25698868 ਰੁਪਏ ਹੋਏਗਾ।

11-Dec-PAGE-4.qxd 12/10/2023 10:53 PM Page 1



# ਇੱਕ ਹੋਰ ਵਜ਼ੀਫਾ ਖਤਰੇ 'ਚ

ਹੋਣਹਾਰ ਵਿਦਿਆਰਥੀ ਲੱਭਣ ਲਈ ਨੈਸ਼ਨਲ ਟੇਲੈਂਟ ਸਰਚ ਐਗਜ਼ਾਮੀਨੇਸ਼ਨ (ਐੱਨ ਟੀ ਐੱਸ ਈ) 1963 ਵਿਚ ਸ਼ੁਰੂ ਕੀਤਾ ਗਿਆ ਸੀ ਤੇ ਇਹ ਸਾਲਾਨਾ ਟੈੱਸਟ ਦਸਵੀਂ ਦੇ ਵਿਦਿਆਰਥੀਆਂ ਦਾ ਸਭ ਤੋਂ ਪਸੰਦੀਦਾ ਟੈੱਸਟ ਹੁੰਦਾ ਸੀ, ਕਿਉਂਕਿ ਕੌਮੀ ਪੱਧਰ 'ਤੇ ਟੈੱਸਟ ਪਾਸ ਕਰ ਲੈਣ 'ਤੇ ਉਹ ਪੀ ਐੱਚ ਡੀ ਤੱਕ ਦੀ ਪੜ੍ਹਾਈ ਲਈ ਵਜ਼ੀਫੇ ਦੇ ਹੱਕਦਾਰ ਹੋ ਜਾਂਦੇ ਸਨ। ਮੋਦੀ ਸਰਕਾਰ ਨੇ ਅਕਤੂਬਰ 2021 ਤੋਂ ਇਹ ਟੈੱਸਟ ਲੈਣਾ ਬੰਦ ਕਰ ਦਿੱਤਾ ਹੈ। ਇਹ ਟੈੱਸਟ ਦੋ-ਪੜਾਵੀ ਹੁੰਦਾ ਸੀ। ਪਹਿਲਾਂ ਵਿਦਿਆਰਥੀ ਆਪਣੇ-ਆਪਣੇ ਰਾਜਾਂ 'ਚ ਟੈੱਸਟ ਦਿੰਦੇ ਸਨ ਅਤੇ ਹਰੇਕ ਰਾਜ ਦਾ ਆਬਾਦੀ ਦੇ ਹਿਸਾਬ ਨਾਲ ਕੋਟਾ ਹੁੰਦਾ ਸੀ। ਉਹ ਕੁੱਲ 8 ਹਜ਼ਾਰ ਵਿਦਿਆਰਥੀਆਂ ਦੀ ਚੋਣ ਕਰਦੇ ਸਨ, ਜਿਹੜੇ ਅੱਗੇ ਕੌਮੀ ਪੱਧਰ ਦਾ ਟੈੱਸਟ ਦਿੰਦੇ ਸਨ ਤੇ ਉਨ੍ਹਾਂ ਵਿੱਚੋਂ 2 ਹਜ਼ਾਰ ਚੁਣੇ ਜਾਂਦੇ ਸਨ। ਦਸੰਬਰ 2021 ਵਿਚ ਨੈਸ਼ਨਲ ਕੌਂਸਲ ਆਫ ਐਜੂਕੇਸ਼ਨਲ ਰਿਸਰਚ ਐਂਡ ਟਰੇਨਿੰਗ (ਐੱਨ ਸੀ ਈ ਆਰ ਟੀ) ਨੇ ਕਿਹਾ ਕਿ 2021-22 ਦਾ ਟੈੱਸਟ ਕੁਝ ਪ੍ਰਸ਼ਾਸਕੀ ਕਾਰਨਾਂ ਕਰਕੇ ਅੱਗੇ ਪਾ ਦਿੱਤਾ ਗਿਆ ਹੈ। ਸਰਕਾਰ ਨੇ ਐੱਨ ਸੀ ਈ ਆਰ ਟੀ ਨੂੰ ਕਿਹਾ ਸੀ ਕਿ ਉਹ ਸਕਾਲਰਸ਼ਿਪ ਸਕੀਮ 'ਤੇ ਨਜ਼ਰਸਾਨੀ ਕਰਕੇ ਤਬਦੀਲੀਆਂ ਸੁਝਾਵੇ। ਸਤੰਬਰ 2022 ਵਿਚ ਇਕ ਕਮੇਟੀ ਨੇ ਰਿਪੋਰਟ ਦਿੱਤੀ ਕਿ ਅਸਲ ਹੋਣਹਾਰ ਵਿਦਿਆਰਥੀ ਲੱਭਣ ਦਾ ਉਦੇਸ਼ ਕੋਚਿੰਗ ਸੈਂਟਰਾਂ ਕਾਰਨ ਫੇਲ੍ਹ ਹੋ ਰਿਹਾ ਹੈ, ਕਿਉਂਕਿ ਕੋਚਿੰਗ ਲੈਣ ਵਾਲੇ ਸ਼ਹਿਰੀ ਵਿਦਿਆਰਥੀ ਜ਼ਿਆਦਾ ਚੁਣੇ ਜਾਂਦੇ ਹਨ। ਕਮੇਟੀ ਨੇ ਇਹ ਸੁਝਾਅ ਦਿੱਤਾ ਕਿ ਸਕਾਲਰਸ਼ਿਪ ਪੇਂਡੂ-ਸ਼ਹਿਰੀ ਅਨੁਪਾਤ ਨਾਲ ਜ਼ਿਲ੍ਹਾ-ਵਾਰ ਰਿਜ਼ਰਵ ਕਰ ਦਿੱਤੀ ਜਾਵੇ। ਇਸ ਨੇ ਰਾਜ-ਪੱਧਰੀ ਟੈੱਸਟ ਪਾਸ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਅੱਠ ਗੁਣਾ ਵਧਾਉਣ ਦਾ ਵੀ ਸੁਝਾਅ ਦਿੱਤਾ।

ਇਸ ਵੇਲੇ ਪਾਸ ਵਿਦਿਆਰਥੀਆਂ ਨੂੰ ਗਿਆਰ੍ਹਵੀਂ ਤੇ ਬਾਰ੍ਹਵੀਂ ਵਿਚ 1250 ਰੁਪਏ ਮਹੀਨਾ ਵਜ਼ੀਫਾ ਮਿਲਦਾ ਹੈ, ਜਦਕਿ ਅੰਡਰ-ਗ੍ਰੈਜੂਏਟ ਤੇ ਪੋਸਟ-ਗ੍ਰੈਜੂਏਟ ਪੱਧਰ 'ਤੇ 2000 ਰੁਪਏ ਮਹੀਨਾ ਮਿਲਦੇ ਹਨ। ਪੀ ਐੱਚ ਡੀ ਕਰਨ ਵਾਲਿਆਂ ਨੂੰ 37500 ਰੁਪਏ ਮਹੀਨਾ ਮਿਲਦੇ ਹਨ, ਜਿਹੜੇ ਕਿ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਵੱਲੋਂ ਜੂਨੀਅਰ ਰਿਸਰਚ ਫੈਲੋਸ਼ਿਪ ਵਾਲਿਆਂ ਨੂੰ ਦਿੱਤੇ ਜਾਂਦੇ ਹਨ। ਕਮੇਟੀ ਵੱਲੋਂ ਦਿੱਤੇ ਸੁਝਾਵਾਂ 'ਤੇ ਕੇਂਦਰ ਸਰਕਾਰ ਨੇ ਅਜੇ ਤੱਕ ਕੋਈ ਫੈਸਲਾ ਨਹੀਂ ਕੀਤਾ ਤੇ ਟੈੱਸਟ ਬੰਦ ਹੋਏ ਪਏ ਹਨ। ਸਿੱਖਿਆ ਮਾਹਰ ਇਸ ਦਾ ਕਾਰਨ ਨਵੀਂ ਸਿੱਖਿਆ ਨੀਤੀ-2020 ਵਿਚ ਦੇਖਦੇ ਹਨ। ਨਵੀਂ ਨੀਤੀ ਨਿੱਜੀਕਰਨ ਅਤੇ ਕਿੱਤਾ ਸਿੱਖਿਆ 'ਤੇ ਜ਼ੋਰ ਦਿੰਦੀ ਹੈ, ਜਦਕਿ ਐੱਨ ਟੀ ਐੱਸ ਈ ਵਿਦਿਆਰਥੀਆਂ ਨੂੰ ਸਿੱਖਣ ਤੇ ਪੜ੍ਹਾਈ ਪੂਰੀ ਕਰਨ ਲਈ ਪ੍ਰੇਰਦਾ ਹੈ। ਮਾਹਰਾਂ ਮੁਤਾਬਕ ਸਰਕਾਰ ਨੂੰ ਸਾਰੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਕੋਈ ਚਿੰਤਾ ਨਹੀਂ। ਉਹ ਸਮਝਦੀ ਹੈ ਕਿ ਜਿਨ੍ਹਾਂ ਕੋਲ ਪੈਸੇ ਹਨ, ਉਹ ਨਿੱਜੀ ਅਦਾਰਿਆਂ ਵਿਚ ਆਪੇ ਪੜ੍ਹ ਲੈਣਗੇ। ਜਿਨ੍ਹਾਂ ਕੋਲ ਪੈਸੇ ਨਹੀਂ, ਉਹ ਕਿੱਤਾ ਕੋਰਸ ਕਰਨਗੇ ਜਾਂ ਆਨਲਾਈਨ ਪੜ੍ਹ ਲੈਣਗੇ। ਸੀਮਾਂਤ ਵਰਗਾਂ ਦੇ ਹੱਕਾਂ ਲਈ ਲੜਨ ਵਾਲੇ ਗੁਰਿੰਦਰ ਆਜ਼ਾਦ ਦਾ ਕਹਿਣਾ ਹੈ ਕਿ ਸਰਕਾਰ ਜਨ ਕਲਿਆਣ 'ਤੇ ਪੈਸੇ ਨਹੀਂ ਖਰਚਣਾ ਚਾਹੁੰਦੀ। ਉਸ ਨੇ ਆਪਣੇ ਸਾਰੇ ਵਿੱਦਿਅਕ ਅਦਾਰਿਆਂ ਨੂੰ ਕਹਿ ਦਿੱਤਾ ਹੈ ਕਿ ਉਹ ਆਪਣੇ ਖਰਚੇ ਦਾ ਖੁਦ ਪ੍ਰਬੰਧ ਕਰਨ। ਸਰਕਾਰ ਨੇ ਉਪਰੋਕਤ ਟੈੱਸਟ ਹੀ ਬੰਦ ਨਹੀਂ ਕੀਤਾ, ਘੱਟ ਗਿਣਤੀ ਭਾਈਚਾਰਿਆਂ ਦੇ ਵਿਦਿਆਰਥੀਆਂ ਲਈ ਪੀ ਐੱਚ ਡੀ ਮੌਲਾਨਾ ਆਜ਼ਾਦ ਨੈਸ਼ਨਲ ਫੈਲੋਸ਼ਿਪ ਵੀ ਬੰਦ ਕਰ ਦਿੱਤੀ ਹੈ। ਸਰਕਾਰ ਨਹੀਂ ਚਾਹੁੰਦੀ ਕਿ ਗਰੀਬਾਂ, ਘੱਟ ਗਿਣਤੀਆਂ ਤੇ ਦਲਿਤਾਂ ਦੇ ਬੱਚੇ ਪੜ੍ਹ-ਲਿਖ ਕੇ ਮੁੱਖ ਧਾਰਾ ਵਿਚ ਸ਼ਾਮਲ ਹੋਣ।

## ਮਸੂਮ ਆਵਾਜ ਦੀ ਇੱਛਾ

ਮੈਂ ਤਾਂ ਖੇਡਦੀ ਗੁੱਡੀਆਂ-ਪਟੋਲੇ,
ਮਿਲ ਕੇ ਸਹੇਲੀਆਂ ਨਾਲ ਗਾਵਾਂ ਕਿਕਲੀ ਕਲੀਰ ਦੀ।
ਰਲ-ਮਿਲ ਪਾਵਾਂ ਗਿੱਧਾ ਮੈਂ ਖੁਸ਼ੀਆਂ ਦਾ,
ਸਕੂਲੇ ਜਾਮਾਂ ਫੱਟੀਆਂ ਪੋਚ।
ਕਦੇ ਮੈਂ ਪੜ੍ਹਾਂ ਕਦੇ ਮੈਂ ਲੜਾਂ ਕਦੇ ਮੈਂ ਰੌਲਾ ਪਾਵਾਂ,
ਮੈਂ ਤਾਂ ਮਸਤ ਜ਼ਿੰਦਗੀ ਦੀਆਂ ਉਡਾਰਾਂ ਮਾਰਾਂ।
ਦੇਖ ਪਰਿੰਦਿਆਂ ਨੂੰ ਉੱਪਰ ਉਡਦੇ ਲੈਂਦੀ ਮੈਂ ਸੁਪਨੇ,
ਮੈਂ ਕੀ ਜਾਣਾ ਕੀ ਗਾਜ਼ਾ ਤੇ ਕੀ ਇਸਰਾਇਲ।
ਇਹ ਤਿੱਖੀਆਂ ਆਵਾਜ਼ਾਂ ਮੈਨੂੰ ਡਰਾਉਂਦੀਆਂ ਨੇ,
ਸਕੂਲ ਤਾਂ ਮੇਰੇ ਬੰਦ ਹੋ ਗਏ।
ਸਹੇਲੀਆਂ ਮੇਰੀਆਂ ਦਿਖਦੀਆਂ ਨਹੀਂ,
ਵੀਰ ਤੇ ਭੈਣ ਮੇਰੀ ਨਜ਼ਰ ਨਹੀਂ ਆਉਂਦੇ।
ਕਿੱਥੇ ਗਏ ਨੇ ਮੇਰੇ ਅੰਮੀ, ਅੱਬਾ,
ਮੈਨੂੰ ਕੁਝ ਨਹੀਂ ਸੁਝਦਾ, ਮੈਨੂੰ ਕੁਝ ਨਹੀਂ ਲੱਗਦਾ ਪਤਾ।
ਮੈਨੂੰ ਤਾਂ ਬਸ ਖੁਸ਼ੀਆਂ ਚਾਹੀਦੀਆਂ,
ਮੈਨੂੰ ਚਾਹੀਦੇ ਖੇਡ ਦੇ ਮੈਦਾਨ।

**ਡਾ. ਅਰੁਣ ਮਿੱਤਰਾ**

# ਚੰਦਰਯਾਨ ਕੰਟਰੋਲ ਹੋ ਸਕਦੈ, ਪ੍ਰੰਤੂ ਵੋਟਿੰਗ ਮਸ਼ੀਨਾਂ ਨਹੀਂ


ਹਰਜਿੰਦਰ ਸਿੰਘ ਗੁਲਪੁਰ

2014 ਤੋਂ ਬਾਅਦ ਭਾਰਤ ਦੇਸ਼ ਦੋ ਖੇਮਿਆਂ ਵਿਚ ਵੰਡਿਆ ਗਿਆ ਹੈ। ਸਾਰੀਆਂ ਰਾਜਸੀ ਪਾਰਟੀਆਂ ਦੀ ਤਾਸੀਰ ਬਦਲ ਗਈ ਹੈ ਜਾਂ ਬਦਲ ਰਹੀ ਹੈ। ਜਿਹੜੇ ਕਾਨੂੰਨ ਕਾਂਗਰਸ ਦੀ ਅਗਵਾਈ ਹੇਠ ਲੋਕਾਂ ਨੂੰ ਡਰਾਉਣ ਅਤੇ ਦਬਾਉਣ ਲਈ ਬਣਾਏ ਗਏ ਸਨ, ਉਹਨਾਂ ਦੀ ਵਰਤੋਂ ਮੋਦੀ ਸਰਕਾਰ ਕਾਂਗਰਸ ਅਤੇ ਉਸ ਦੇ ਸਹਿਯੋਗੀਆਂ ਨੂੰ ਖਤਮ ਕਰਨ ਲਈ ਖੁੱਲ੍ਹ ਕੇ ਕਰ ਰਹੀ ਹੈ। ਜਿੱਥੇ ਉਸ ਨੂੰ ਲੋੜ ਮਹਿਸੂਸ ਹੁੰਦੀ ਹੈ, ਉਹ ਇਹਨਾਂ ਕਾਨੂੰਨਾਂ ਨੂੰ ਹੋਰ ਵੀ ਸਖਤ ਬਣਾ ਰਹੀ ਹੈ। ਇਸ ਵਕਤ ਜਿੱਥੇ ਇੱਕ ਤਰਫ ਸੰਘ ਪਰਵਾਰ ਨਾਲ ਜੁੜੀਆਂ ਤਾਕਤਾਂ ਹਨ, ਉਥੇ ਦੂਜੀ ਤਰਫ ਧਰਮ ਨਿਰਪੱਖ ਤਾਕਤਾਂ ਦਾ ਜੋੜ ਮੇਲਾ ਹੈ।

ਨਰਿੰਦਰ ਮੋਦੀ ਨੇ ਰਾਜਸੀ ਤਿਕੜਮਬਾਜ਼ੀ ਵਿੱਚ ਮੁਹਾਰਤ ਦੇ ਬਲਬੂਤੇ ਸਾਰੀਆਂ ਵਿਰੋਧੀ ਧਿਰਾਂ ਨੂੰ ਇੱਕ ਤਰਾਂ ਨਾਲ ਹਾਸ਼ੀਏ 'ਤੇ ਧੱਕ ਦਿੱਤਾ ਹੈ। ਸਾਮ, ਦਾਮ, ਦੰਡ, ਭੇਦ ਦੀ ਨੀਤੀ 'ਤੇ ਚਲਦਿਆਂ ਉਸ ਨੇ ਰਾਜਸੀ ਨੈਤਿਕਤਾ ਦਾ ਭੋਗ ਪਾ ਦਿੱਤਾ ਹੈ। ਹੁਣ ਤੱਕ ਦੇ ਸਾਢੇ ਨੌਂ ਸਾਲਾ ਕਾਰਜਕਾਲ ਦੌਰਾਨ ਉਸ ਨੇ ਸਰਕਾਰ ਦੀ ਕਾਰਜ ਸ਼ੈਲੀ 'ਤੇ ਨਜ਼ਰ ਰੱਖਣ ਵਾਲੀਆਂ ਦੇਸ਼ ਦੀਆਂ ਸਾਰੀਆਂ ਸੰਵਿਧਾਨਕ ਸੰਸਥਾਵਾਂ ਨੂੰ ਆਪਣੇ ਹੱਥ ਹੇਠ ਕਰ ਲਿਆ ਹੈ। ਸਭ ਤੋਂ ਤਾਕਤਵਰ ਸੰਸਥਾ ਸੁਪਰੀਮ ਕੋਰਟ ਨੂੰ ਵੀ ਬੇਵੱਸ ਕਰ ਦਿੱਤਾ ਹੈ। ਨਾਂਅ ਬਦਲੇ ਜਾ ਰਹੇ ਹਨ, ਇਤਿਹਾਸ ਬਦਲਿਆ ਜਾ ਰਿਹਾ ਹੈ। ਸਰਕਾਰ ਦੀ ਆਲੋਚਨਾ ਕਰਨ ਵਾਲੇ ਲੋਕ ਪ੍ਰਤੀਨਿਧਾਂ ਨੂੰ ਜੇਲ੍ਹਾਂ ਅੰਦਰ ਬੰਦ ਕਰਨ ਸਮੇਤ ਉਹਨਾਂ ਦੀਆਂ ਮੈਂਬਰੀਆਂ (ਮਹੂਆ ਮੋਇਤਰਾ ਸਾਂਸਦ ਟੀ ਐੱਮ ਸੀ) ਖਤਮ ਕੀਤੀਆਂ ਜਾ ਰਹੀਆਂ ਹਨ। ਖਲਨਾਇਕਾਂ ਨੂੰ ਹੀਰੋ ਬਣਾਇਆ ਜਾ ਰਿਹਾ ਹੈ ਅਤੇ ਨਾਇਕਾਂ ਨੂੰ ਵਿਲਨ। ਇਸ ਦੇ ਬਾਵਜੂਦ ਦੇਸ਼ ਜਾਗ ਰਿਹਾ ਹੈ। ਅੰਗਰੇਜ਼ੀ ਸ਼ਾਸਕਾਂ ਨਾਲ ਬਗਲਗੀਰ ਰਹੇ ਇਹਨਾਂ ਨਫਰਤੀ ਪਾਤਰਾਂ ਨੇ ਪਾੜੋ ਅਤੇ ਰਾਜ ਕਰੋ ਦੀ ਸਿੱਖਿਆ ਤੋਂ ਬਿਨਾ ਹੋਰ ਕੁਝ ਸਿੱਖਿਆ ਹੀ ਨਹੀਂ। ਇਸ ਨੀਤੀ ਤੇ ਚਲਦਿਆਂ ਇਹ ਲੋਕ ਦੇਸ਼ ਦੀ ਭਾਈਚਾਰਕ ਸਾਂਝ ਨੂੰ ਤਹਿਸ-ਨਹਿਸ ਕਰਨ 'ਤੇ ਤੁਲੇ ਹੋਏ ਹਨ।

ਹੱਦ ਤਾਂ ਉਦੋਂ ਹੋ ਗਈ, ਜਦੋਂ ਹਾਲ ਹੀ ਵਿਚ ਹੋਈਆਂ ਵਿਧਾਨ ਸਭਾਈ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਈ ਵੀ ਐੱਮ 'ਤੇ ਉਂਗਲਾਂ ਉੱਠਣ ਲੱਗ ਪਈਆਂ ਹਨ।

ਉਂਗਲਾਂ ਭਾਵੇਂ ਪਹਿਲਾਂ ਵੀ ਉੱਠ ਰਹੀਆਂ ਸਨ, ਪਰ ਇਸ ਵਾਰ ਤਾਂ ਵਿਰੋਧੀ ਧਿਰਾਂ ਦੇ ਆਗੂ ਵੀ ਇਸ ਵਿਚ ਸ਼ਾਮਲ ਹੋ ਗਏ ਸਨ। ਈ ਵੀ ਐੱਮ ਦੀ ਕਾਰਗੁਜ਼ਾਰੀ 'ਤੇ ਉਂਗਲ ਉਠਾਉਣ ਦੀ ਪਹਿਲਕਦਮੀ ਭਾਜਪਾ ਦੇ ਵੱਡੇ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੇ ਉਦੋਂ ਕੀਤੀ ਸੀ, ਜਦੋਂ ਕਾਂਗਰਸ ਨੇ ਦੂਜੀ ਵਾਰ ਜਿੱਤ ਪ੍ਰਾਪਤ ਕੀਤੀ ਸੀ। ਭਾਜਪਾ ਨਾਲ ਸੰਬੰਧਤ ਪ੍ਰਸਿੱਧ ਸਾਇਫੋਲੋਜਿਸਟ ਜੀ ਵੀ ਐੱਲ ਨਰਸਿਮ੍ਹਾ ਰਾਓ ਨੇ ਤਾਂ ਇਸ ਮਾਮਲੇ 'ਤੇ ਇੱਕ ਕਿਤਾਬ 'ਡੈਮੋਕ੍ਰੇਸੀ ਐਟ ਰਿਸਕ' ਵੀ ਲਿਖੀ ਹੈ। ਇਸ ਕਿਤਾਬ ਦਾ ਮੁੱਖ ਬੰਦ ਲਾਲ ਕ੍ਰਿਸ਼ਨ ਅਡਵਾਨੀ ਨੇ ਲਿਖਿਆ ਸੀ। ਇਸ ਕਿਤਾਬ ਦੇ ਰਿਲੀਜ ਸਮਾਗਮ ਵਿੱਚ ਉਹ ਖੁਦ ਹਾਜ਼ਰ ਹੋਏ ਸਨ। ਸਮੇਂ ਦਾ ਗੇੜ ਕਿ ਅੱਜ ਭਾਜਪਾ ਇਸ ਮਸ਼ੀਨ ਦੀ ਵਕਾਲਤ ਕਰ ਰਹੀ ਹੈ। ਈ ਵੀ ਐਮ ਦੀ ਆਲੋਚਨਾ ਦੇ ਚਲਦਿਆਂ ਚੋਣ ਕਮਿਸ਼ਨ ਨੇ ਦੇਸ਼ ਵਾਸੀਆਂ ਦੇ ਸ਼ੰਕੇ ਮਿਟਾਉਣ ਦੀ ਥਾਂ ਉਹਨਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਜਿਹੜਾ ਵਿਅਕਤੀ ਈ ਵੀ ਐੱਮ ਦੇ ਖਿਲਾਫ ਬੋਲੇਗਾ, ਉਸ ਨੂੰ ਸਬੂਤ ਪੇਸ਼ ਕਰਨ ਲਈ ਨੋਟਿਸ ਦਿੱਤਾ ਜਾਵੇਗਾ। ਇਲੈਕਸ਼ਨ ਕਮਿਸ਼ਨ ਦੇ ਇਸ ਬਿਆਨ ਨੂੰ ਬਹੁਤ ਸਾਰੇ ਚਿੰਤਕ ਧਮਕੀ ਵਜੋਂ ਪੇਸ਼ ਕਰ ਰਹੇ ਹਨ। ਤਕਨੀਕ ਹਰ ਪਲ ਬਦਲ ਰਹੀ ਹੈ। 1998 ਵਿੱਚ ਲਾਗੂ ਕੀਤੀਆਂ ਇਹ ਮਸ਼ੀਨਾਂ 25 ਸਾਲ ਬਾਅਦ ਵੀ ਅਬਦਲ ਕਿਉ ਹਨ? ਇੱਕ ਪਾਸੇ ਜੇ ਚੰਦਰਯਾਨ ਨੂੰ ਜ਼ਮੀਨ 'ਤੇ ਬਹਿ ਕੇ ਕੰਟਰੋਲ ਕੀਤਾ ਜਾ ਸਕਦਾ ਹੈ ਤਾਂ ਵੋਟ ਮਸ਼ੀਨਾਂ ਨੂੰ ਕੰਟਰੋਲ ਕਿਉਂ ਨਹੀਂ ਕੀਤਾ ਜਾ ਸਕਦਾ?

ਕਿਸੇ ਵੀ ਦੇਸ਼ ਦਾ ਸਭ ਤੋਂ ਤਰਜੀਹੀ ਕੰਮ ਪਾਰਦਰਸ਼ੀ ਢੰਗ ਨਾਲ ਸਰਕਾਰ ਚੁਣਨਾ ਮੰਨਿਆ ਜਾਂਦਾ ਹੈ। ਜੇ ਇਸ ਕੰਮ ਵਿੱਚ ਵੀ ਪਾਰਦਰਸਤਾ ਨਹੀਂ ਹੋਵੇਗੀ ਤਾਂ ਸਰਕਾਰ ਚੁਣਨ ਦੀ ਪ੍ਰਕਿਰਿਆ 'ਤੇ ਪ੍ਰਸ਼ਨ ਚਿੰਨ੍ਹ ਲੱਗਿਆ ਰਹੇਗਾ। ਏਨਾ ਕੁਝ ਹੋਣ ਦੇ ਬਾਵਯੂਦ ਭਾਜਪਾ ਨੂੰ ਵਾਕ ਓਵਰ ਮਿਲਣ ਦੀ ਸੰਭਾਵਨਾ ਨਹੀਂ ਹੈ। ਭਾਰਤੀ ਲੋਕ ਘੜੀ ਦੀ ਘੜੀ ਜਜ਼ਬਾਤਾਂ ਦੇ ਵਹਿਣ ਵਿਚ ਵਹਿ ਜਾਂਦੇ ਹਨ, ਜਿਸ ਦਾ ਲਾਭ ਭਾਜਪਾ ਉਠਾਉਂਦੀ ਆ ਰਹੀ ਹੈ। ਕਾਠ ਦੀ ਹਾਂਡੀ ਵਾਰ-ਵਾਰ ਨਹੀਂ ਚੜ੍ਹਦੀ ਹੁੰਦੀ। ਮੋਦੀ ਜੀ ਰਿਕਾਰਡ ਤੋੜਨ ਅਤੇ ਬਣਾਉਣ ਦੇ ਸ਼ੌਕੀਨ ਹਨ ਇਸ ਲਈ ਉਹ ਜਨਵਰੀ ਦੀ 11 ਤਰੀਕ ਨੂੰ ਰੋਟੀ, ਰੋਜ਼ੀ ਵਰਗੇ ਮੁੱਦਿਆਂ ਨੂੰ ਰਾਮ ਮੰਦਰ ਦੀ ਭੇਟ ਕਰਨ ਜਾ ਰਹੇ ਹਨ। ਇਸ ਦਿਨ 'ਜੈ ਸ੍ਰੀ ਰਾਮ' ਨੂੰ 'ਸਬਰੀ' ਦੇ ਪਰਵਾਰ ਨਾਲੋਂ ਤੋੜ ਦਿੱਤਾ ਜਾਵੇਗਾ ਜਾਂ ਜੋੜ ਦਿੱਤਾ ਜਾਵੇਗਾ। ਫੇਰ ਵੀ 2024 ਦੀਆਂ ਲੋਕ ਸਭਾਈ ਚੋਣਾਂ ਦਾ ਭਵਜਲ ਤਰਨਾ ਉਨ੍ਹਾ ਲਈ ਆਸਾਨ ਨਹੀਂ ਹੋਵੇਗਾ। ਇੰਡੀਆ ਅਲਾਇੰਸ ਦੇ ਪਾਰਟਨਰਾਂ ਵਿੱਚ ਭਾਵੇਂ ਮਤਭੇਦ ਹਨ, ਪਰ ਮਨਭੇਦ ਨਹੀਂ ਹਨ। 'ਇੰਡੀਆ' ਗਠਜੋੜ ਮਜ਼ਬੂਤੀ ਨਾਲ ਦੇਸ਼ ਦੇ ਸਾਹਮਣੇ ਆ ਰਿਹਾ ਹੈ। ਇੱਕਮੁਠਤਾ ਤੋਂ ਬਿਨਾਂ ਵਿਰੋਧੀ ਧਿਰਾਂ ਕੋਲ ਹੋਰ ਕੋਈ ਬਦਲ ਨਹੀਂ। ਇਹ ਚੋਣਾਂ ਹਿੰਦੂਤਵ ਦੇ ਏਜੰਡੇ ਖਿਲਾਫ ਸਮਾਜਿਕ ਨਿਆਂ ਦਾ ਏਜੰਡਾ ਲੜੇਗਾ।

80 ਕਰੋੜ ਲੋਕਾਂ ਨੂੰ 5 ਕਿਲੋ ਰਾਸ਼ਨ ਦੇ ਕੇ ਰੋਜ਼ਮਰ੍ਹਾ ਦੀਆਂ ਸਮੱਸਿਆਵਾਂ ਨੂੰ ਦਰੀਆਂ ਹੇਠ ਲੁਕਾਇਆ ਨਹੀਂ ਜਾ ਸਕਦਾ। ਜੇ ਅਜਿਹਾ ਹੁੰਦਾ ਹੈ ਤਾਂ ਇਹ ਹਿੰਦੂਤਵੀ ਮਹਾਂ ਵਾਕ 'ਭੂਖੇ ਭਜਨ ਨਾ ਹੋਇ ਗੋਪਾਲਾ' ਪੂਰੀ ਤਰ੍ਹਾਂ ਰੱਦ ਹੋ ਜਾਵੇਗਾ।

*# ਸੰਪਰਕ : 79735-01892*

**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**

# ਨਿਰਾਸ਼ਾ ਤੇ ਖ਼ੁਦਕੁਸ਼ੀ



ਨਿਰਾਸ਼ਾ ਤੇ ਖ਼ੁਦਕੁਸ਼ੀ ਦਾ ਆਪਸ ਵਿੱਚ ਗੂੜ੍ਹਾ ਸੰਬੰਧ ਹੈ । ਦਿਨੋਂ-ਦਿਨ ਵੱਖ-ਵੱਖ ਕਾਰਨਾਂ ਕਾਰਨ ਲੋਕ ਨਿਰਾਸ਼ਾ ਵੱਲ ਵਧ ਰਹੇ ਹਨ । ਭਾਰਤੀ ਸਮਾਜ ਵਿੱਚ ਨਿਰਾਸ਼ਾ ਨੂੰ ਕੋਈ ਰੋਗ ਹੀ ਨਹੀਂ ਮੰਨਿਆ ਜਾਂਦਾ ਜਾਂ ਕਹਿ ਲਵੋ ਨਿਰਾਸ਼ਾ ਵੱਲ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ।

ਖ਼ੁਦਕੁਸ਼ੀਆਂ ਦੇ ਮਾਮਲੇ ਦੁਨੀਆ 'ਚ ਵਧਦੇ ਜਾ ਰਹੇ ਹਨ। ਖ਼ੁਦਕੁਸ਼ੀਆਂ ਦਾ ਵੱਡਾ ਕਾਰਨ ਨਿਰਾਸ਼ਾ ਹੁੰਦੀ ਹੈ। ਜਦੋਂ ਆਪਣੀ ਨਿਰਾਸ਼ਾ ਦਾ ਕੋਈ ਹੱਲ ਨਹੀਂ ਮਿਲਦਾ ਤਾਂ ਵਿਅਕਤੀ ਖ਼ੁਦਕੁਸ਼ੀ ਵੱਲ ਵਧਦਾ ਹੈ।

ਵਿਅਕਤੀ ਦੇ ਵਾਰ-ਵਾਰ ਹਾਰਨ ਨਾਲ ਜਾਂ ਕਿਸੇ ਮਸਲੇ ਦਾ ਹੱਲ ਨਾ ਮਿਲਣ ਕਾਰਨ ਉਸ ਵਿੱਚ ਨਿਰਾਸ਼ਾ ਵਧਦੀ ਹੈ। ਆਰਥਿਕ ਸਮੱਸਿਆ, ਕਰਜ਼ਾ, ਪਿਆਰ ਕਰਨ ਵਾਲੇ ਦੀ ਮੌਤ ਹੋ ਜਾਣਾ, ਪਿਆਰ ਕਰਨ ਵਾਲੇ ਦਾ ਛੱਡ ਕੇ ਚਲੇ ਜਾਣਾ ਜਾਂ ਬੇਵਫ਼ਾ ਨਿਕਲਣਾ, ਨੌਕਰੀ ਛੁੱਟ ਜਾਣਾ, ਕਾਰੋਬਾਰ ਵਿੱਚ ਘਾਟਾ, ਕਿਸੇ ਬਿਮਾਰੀ ਦਾ ਹੋਣਾ, ਵਹਿਮ ਹੋਣਾ, ਪਰਵਾਰ ਵਿੱਚ ਲੜਾਈ-ਝਗੜਾ ਹੁੰਦੇ ਰਹਿਣਾ, ਕੰਮਕਾਰ ਦਾ ਬੋਝ ਅਤੇ ਨਸ਼ੇ ਆਦਿ ਵਿਅਕਤੀ ਨੂੰ ਨਿਰਾਸ਼ਾ ਵੱਲ ਧੱਕਦੇ ਹਨ ਵਿਅਕਤੀ ਡਿਪਰੈਸ਼ਨਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਠੀਕ ਇਲਾਜ ਨਾ ਮਿਲਣ 'ਤੇ ਆਤਮ ਹੱਤਿਆ ਕਰ ਲੈਂਦਾ ਹੈ

ਵੱਡੀ ਗਿਣਤੀ ਵਿੱਚ ਲੋਕ ਨਿਰਾਸ਼ਾ ਦੀ ਹਾਲਤ ਵਿੱਚ ਰੱਬ 'ਤੇ ਭਰੋਸਾ ਕਰਕੇ ਬੈਠ ਜਾਂਦੇ ਹਨ ਜਾਂ ਨਿਰਾਸ਼ਾ ਨੂੰ ਕਿਸਮਤ ਵਿੱਚ ਲਿਖਿਆ ਹੋਇਆ ਸਮਝ ਲੈਂਦੇ ਹਨ। ਵੱਡੀ ਗਿਣਤੀ ਨਿਰਾਸ਼ਾ ਦਾ ਹੱਲ ਲੱਭਣ ਵਾਸਤੇ ਸਾਧਾਂ, ਸੰਤਾਂ ਜਾਂ ਧਾਰਮਕ ਅਸਥਾਨਾਂ ਵੱਲ ਨੂੰ ਮੂੰਹ ਕਰ ਲੈਂਦੇ ਹਨ, ਜਿੱਥੇ ਮਸਲੇ ਦੇ ਹੱਲ ਦੇ ਨਾਂਅ 'ਤੇ ਮਰੀਜ਼ ਦੀ ਆਰਥਿਕ ਤੇ ਸਰੀਰਕ ਲੁੱਟ ਹੁੰਦੀ ਹੈ, ਜਿਸ ਨਾਲ ਮਰੀਜ਼ ਦੀ ਹਾਲਤ ਹੋਰ ਵਿਗੜ ਜਾਂਦੀ ਹੈ ਅਤੇ ਮਰੀਜ਼ ਆਤਮ ਹੱਤਿਆ ਕਰਨ ਲਈ ਮਜਬੂਰ ਹੋ ਜਾਂਦਾ ਹੈ।

ਸਾਡਾ ਸਮਾਜ ਇੱਕ ਝੂਠਾ ਭਰਮ ਪਾਲ ਕੇ ਬੈਠਾ ਰਹਿੰਦਾ ਹੈ ਕਿ ਰੱਬ ਅੱਗੇ ਕੀਤੀ ਪ੍ਰਾਰਥਨਾ ਨਾਲ ਸਭ ਕੁਝ ਠੀਕ ਹੋ ਜਾਂਦਾ ਹੈ, ਜਦਕਿ ਇਸ ਤਰਾਂ ਬਿਲਕੁਲ ਨਹੀਂ ਹੁੰਦਾ, ਇਹ ਝੂਠਾ ਭਰਮ ਮਰੀਜ਼ ਦੀ ਹਾਲਤ ਬਦ ਤੋਂ ਬਦਤਰ ਕਰ ਦਿੰਦਾ ਹੈ। ਜੇ ਰੱਬ ਅੱਗੇ ਕੀਤੀਆਂ ਪ੍ਰਾਰਥਨਾਵਾਂ ਨੇ ਕੰਮ ਕੀਤਾ ਹੁੰਦਾ ਤਾਂ ਭਾਰਤ ਵਿੱਚ ਕੋਈ ਸਮੱਸਿਆ ਹੀ ਨਹੀਂ ਰਹਿਣੀ ਸੀ, ਕਿਉਂਕਿ ਅਬਾਦੀ ਦੇ ਹਿਸਾਬ ਨਾਲ ਸਭ ਤੋਂ ਵੱਧ ਪ੍ਰਾਰਥਨਾਵਾਂ ਭਾਰਤ ਵਿੱਚ ਹੀ ਹੁੰਦੀਆਂ ਹਨ।

ਲੋੜ ਹੈ ਨਿਰਾਸ਼ਾ ਦੇ ਕਾਰਨਾਂ ਨੂੰ ਲੱਭ ਕੇ ਨਿਰਾਸ਼ਾ ਨੂੰ ਦੂਰ ਕਰਨ ਦੀ ਜੇਕਰ ਤੁਹਾਡੇ ਲਾਗੇ ਕੋਈ ਵੀ ਮਰੀਜ਼ ਨਿਰਾਸ਼ਾ ਵਿੱਚ ਹੈ ਤਾਂ ਉਸ ਦਾ ਇਲਾਜ ਕਰਵਾਉਣ ਦੀ ਲੋੜ ਹੁੰਦੀ ਹੈ । ਇਲਾਜ ਮਾਨਸਿਕ ਰੋਗਾਂ ਦੇ ਮਾਹਰ ਕਰ ਸਕਦੇ ਹਨ। ਬਹੁਤੀ ਵਾਰ ਕਾਉਂਸਲਿੰਗ ਨਾਲ ਹੀ ਮਰੀਜ਼ ਨਿਰਾਸ਼ਾ ਤੋਂ ਰਾਹਤ ਮਹਿਸੂਸ ਕਰਨ ਲੱਗ ਪੈਂਦਾ ਹੈ। ਇਲਾਜ ਦੇ ਨਾਲ-ਨਾਲ ਮਰੀਜ਼ ਦੇ ਮਨ 'ਤੇ ਅਸਰ ਪਾਉਣ ਵਾਲਾ ਮਹੌਲ ਬਦਲਣ ਦੀ ਲੋੜ ਹੁੰਦੀ ਹੈ, ਤਾਂ ਕਿ ਉਹ ਮਾਨਸਿਕ ਰੋਗ ਤੋਂ ਠੀਕ ਹੋ ਸਕੇ। ਅਗਾਂਹਵਧੂ ਕਿਤਾਬਾਂ ਨੂੰ ਪੜ੍ਹ ਕੇ ਤੇ ਅਗਾਂਹਵਧੂ ਵਿਅਕਤੀਆਂ ਦੀ ਸੰਗਤ ਕਰਕੇ ਨਿਰਾਸ਼ਾ ਤੋਂ ਕਾਫੀ ਹੱਦ ਤੱਕ ਰਾਹਤ ਪਾਈ ਜਾ ਸਕਦੀ ਹੈ।

**# ਸੰਪਰਕ: 006421392147**

# ...ਜਦੋਂ ਮਜ਼ਦੂਰਾਂ ਨੇ ਕਿਸਾਨ ਘੋਲ ਦੀ ਪ੍ਰਦਰਸ਼ਨੀ ਨੂੰ ਨਿਹਾਰਿਆ


ਨਰਾਇਣ ਦੱਤ

ਚੰਡੀਗੜ੍ਹ ਵਿਖੇ ਬੀਤੀ 26 ਨਵੰਬਰ ਤੋਂ 28 ਨਵੰਬਰ ਤੱਕ ਐੱਸ ਕੇ ਐਮ ਦੇ ਸੱਦੇ 'ਤੇ ਤਿੰਨ ਰੋਜ਼ਾ ਮੋਰਚਾ ਸਮੇਂ ਮੋਦੀ ਹਕੂਮਤ ਵੱਲੋਂ ਤਿੰਨ ਖੇਤੀਬਾੜੀ ਵਿਰੋਧੀ ਕਾਲੇ ਕਾਨੂੰਨਾਂ ਨੂੰ ਪਾਸ ਕਰਨ ਤੋਂ ਰੱਦ ਕਰਨ ਤੱਕ ਚੱਲੇ ਇਤਿਹਾਸਕ ਕਿਸਾਨ ਸੰਘਰਸ਼ ਦੀਆਂ ਮਹੱਤਵਪੂਰਨ ਤਸਵੀਰਾਂ ਨੂੰ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦਾ 'ਇਤਿਹਾਸਕ ਕਿਸਾਨ ਘੋਲ ਦੀਆਂ ਇਤਿਹਾਸਕ ਤਸਵੀਰਾਂ' ਪ੍ਰਦਰਸ਼ਤ ਕਰਨ ਦਾ ਸਜਿੰਦ ਉਪਰਾਲਾ ਸਦੀਵੀ ਯਾਦ ਬਣਾਉਣ ਵੱਲ ਸਫਲ ਯਤਨ ਸੀ। ਇਸ ਪ੍ਰਦਰਸ਼ਨੀ ਨੂੰ ਤਿੰਨ ਰੋਜ਼ਾ ਠਹਿਰ ਦੌਰਾਨ ਹਜ਼ਾਰਾਂ ਜੁਝਾਰੂ ਮਰਦ-ਔਰਤਾਂ ਕਿਸਾਨ ਕਾਫਲਿਆਂ ਨੇ ਤਾਂ ਵੇਖਿਆ ਹੀ, ਸਰਕਾਰੀ ਸਕੂਲ ਵਿੱਚ ਪੜ੍ਹਦੇ ਛੇ ਨੌਜਵਾਨਾਂ ਨੇ ਇਸ ਪ੍ਰਦਰਸ਼ਨੀ ਵਿੱਚ ਬੇਹੱਦ ਦਿਲਚਸਪੀ ਲਈ ਤੇ ਜਾਣਕਾਰੀ ਹਾਸਲ ਕੀਤੀ।

ਪ੍ਰਦਰਸ਼ਨੀ ਦਾ ਸਿਖਰ ਉਦੋਂ ਹੋ ਨਿੱਬੜਿਆ, ਜਦੋਂ ਰੱਦੀ ਇਕੱਠੀ ਕਰਦੇ ਦੋ ਨੌਜਵਾਨਾਂ ਨੇ ਇਸ ਪ੍ਰਦਰਸ਼ਨੀ ਨੂੰ ਪੂਰੇ ਗਹੁ ਨਾਲ ਵੇਖਿਆ। ਇਨ੍ਹਾਂ ਮਜ਼ਦੂਰਾਂ ਦੇ ਪੈਰਾਂ ਵਿੱਚ ਇੱਕ ਦੇ ਟੁੱਟੀਆਂ ਚੱਪਲਾਂ, ਜਦ ਕਿ ਦੂਜੇ ਦੇ ਪੈਰ ਬਿਲਕੁਲ ਨੰਗੇ ਸਨ। ਅੱਧਾ ਘੰਟੇ ਤੋਂ ਵੱਧ ਸਮੇਂ ਦੀ ਠਹਿਰ ਦੌਰਾਨ ਇਤਿਹਾਸਕ ਕਿਸਾਨ ਘੋਲ ਦੀ ਜਾਣਕਾਰੀ ਹਾਸਲ ਕੀਤੀ। ਇੱਕ ਹੋਰ ਹਾਸਿਲ ਕਿਸਾਨ ਕਾਫਲੇ ਵਿੱਚ ਆਇਆ, ਵਹਿੰਗੀ ਤੇ ਇੱਕ ਲੱਤ ਤੋਂ ਆਹਰਾ ਕਿਸਾਨ ਨੌਜਵਾਨ ਵੀ ਸੀ। ਇੱਕ ਕਿਸਾਨ ਕਾਰਕੁਨ ਇਸ ਫੋਟੋ ਪ੍ਰਦਰਸ਼ਨੀ ਵਿੱਚੋਂ ਆਪਣੇ ਆਪ ਨੂੰ ਤਲਾਸ਼ਣ ਦਾ ਨੇੜਿਉਂ ਹੋ ਕੇ ਬਹੁਤ ਨੀਝ ਨਾਲ ਵੇਖ ਰਿਹਾ ਸੀ। ਪੈਪਸੂ ਮੁਜ਼ਾਰਾ ਲਹਿਰ ਕਿਸ਼ਨਗੜ੍ਹ ਦੀ ਧਰਤੀ ਦੇ ਵਾਰਿਸ ਕਿਸਾਨ ਕਾਰਕੁਨਾਂ ਨੇ ਜਦ ਆਪਣੇ ਆਪ ਨੂੰ ਇਨ੍ਹਾਂ ਤਸਵੀਰਾਂ ਵਿੱਚੋਂ ਤੱਕਿਆ ਤਾਂ ਅਕਾਸ਼ ਗੁੰਜਾਊ ਨਾਹਰਿਆਂ ਨਾਲ ਸੰਘਰਸ਼ ਜਾਰੀ ਰੱਖਣ ਦਾ ਅਹਿਦ ਕਰ ਰਹੇ ਸਨ। ਸੈਂਕੜੇ ਨੌਜਵਾਨ ਇਸ ਪ੍ਰਦਰਸ਼ਨੀ ਨੂੰ ਆਪਣੇ ਕੈਮਰਿਆਂ ਵਿੱਚ ਕੈਦ ਕਰ ਰਹੇ ਸਨ। ਇਨ੍ਹਾਂ ਨੌਜਵਾਨ ਕਿਸਾਨਾਂ ਨੇ ਕਿਹਾ ਕਿ ਅਸੀਂ ਇਹ ਆਪਣਾ ਇਤਿਹਾਸ ਪਿੰਡ ਦੀਆਂ ਸੱਥਾਂ ਤੱਕ ਲੈ ਕੇ ਜਾਵਾਂਗੇ। ਵੱਡੀ ਗਿਣਤੀ ਵਿੱਚ ਪਹੁੰਚੇ ਮਰਦ-ਔਰਤਾਂ ਦੇ ਕਿਸਾਨ ਕਾਫਲਿਆਂ ਨੇ ਆਪਣੇ ਆਪ ਦੀ ਇਤਿਹਾਸਕ ਕਿਸਾਨ ਘੋਲ ਵਿੱਚ ਤਸਵੀਰਾਂ ਦੀ ਜ਼ੁਬਾਨੀ ਪਾਈ ਜਾ ਰਹੀ ਬਾਤ ਵਿੱਚ ਤਲਾਸ਼ ਕੀਤੀ। ਅਖ਼ਬਾਰਾਂ, ਰਸਾਲਿਆਂ ਨੇ ਜਿਵੇਂ ਇਸ ਇਤਿਹਾਸਕ ਕਿਸਾਨ ਨੂੰ ਚਿਤਵਿਆ, ਉਹ ਵੀ ਵੱਖਰੀ ਵੰਨਗੀ ਸੀ। ਕਲਾ ਰਾਹੀਂ ਸਿਰਜੀਆਂ ਤਸਵੀਰਾਂ ਨੇ ਮੁੜ ਆਪਣੀਆਂ ਯਾਦਾਂ ਨੂੰ ਤਾਜ਼ਾ ਕਰਵਾ ਦਿੱਤਾ। ਇਨ੍ਹਾਂ ਤਸਵੀਰਾਂ ਰਾਹੀਂ ਕਲਮ, ਕਲਾ ਅਤੇ ਸੰਗਰਾਮ ਦੀ ਜੋਟੀ ਨੂੰ ਹੋਰ ਪੀਡਾ ਕੀਤਾ। ਹਜ਼ਾਰਾਂ ਲੋਕਾਂ ਨੇ ਇਸ ਪ੍ਰਦਰਸ਼ਨੀ ਨੂੰ ਵੇਖਦਿਆਂ ਪ੍ਰਬੰਧਕਾਂ ਦੇ ਇਸ ਵਡਮੁੱਲੇ ਉਪਰਾਲੇ ਪ੍ਰਤੀ ਉਨ੍ਹਾਂ ਨੂੰ ਸੰਗਰਾਮੀ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਸ਼ਾਲਾ, ਸੰਘਰਸ਼ਾਂ ਦੇ ਪਿੜ ਵਿੱਚ ਅਜਿਹੇ ਉਪਰਾਲੇ ਜਾਰੀ ਰਹਿਣ।

ਕਲਾ ਬਾਰੇ ਐਡਰੀਅਨ ਰਿਚ: 'ਕਲਾ ਦੇ ਅਰਥ, ਜਿਵੇਂ ਮੈਂ ਸਮਝਦੀ ਹਾਂ, ਪ੍ਰਸ਼ਾਸਨ ਦੀ ਸਨਕੀ ਪਹੁੰਚ ਨਾਲ ਮੇਲ ਨਹੀਂ ਖਾਂਦੇ... ਮੈਂ ਕਲਾ ਦੀ ਸਮਾਜਿਕ ਪਹੁੰਚ ਵਿਚ ਵਿਸ਼ਵਾਸ ਰੱਖਦੀ ਹਾਂ, ਪਹੁੰਚ ਜੋ ਸਰਕਾਰੀ ਵਾਰਾਂ ਚੁੱਪਾਂ ਨੂੰ ਤੋੜੇ ਤੇ ਉਨ੍ਹਾਂ ਦੀ ਆਵਾਜ਼ ਬਣੇ, ਜਿਨ੍ਹਾਂ ਦੀਆਂ ਆਵਾਜ਼ਾਂ ਨੂੰ ਅਣਗੌਲਿਆ/ਅਣਸੁਣਿਆ ਕਰ ਦਿੱਤਾ ਜਾਂਦਾ ਹੈ...।' ਤੇ ਉਸ ਨੇ ਬੁਲੰਦ ਆਵਾਜ਼ ਵਿਚ ਕਿਹਾ, 'ਕਲਾ ਦਾ ਕੋਈ ਮਤਲਬ ਨਹੀਂ, ਜੇ ਇਸ ਨੇ ਹਕੂਮਤ ਦੇ ਖਾਣੇ ਦੇ ਮੇਜ਼ ਦਾ ਸ਼ਿੰਗਾਰ ਬਣਨਾ ਹੈ, ਹਕੂਮਤ ਕਲਾ ਨੂੰ ਬੰਧਕ ਬਣਾਉਣਾ ਲੋਚਦੀ ਹੈ।'

ਜਦੋਂ ਦਿੱਲੀ ਦੇ ਬਾਰਡਰਾਂ 'ਤੇ ਇਤਿਹਾਸਕ ਕਿਸਾਨ ਘੋਲ ਲੜਿਆ ਗਿਆ ਤਾਂ ਮੋਦੀ ਹਕੂਮਤ ਨੇ ਇਸ ਕਿਸਾਨ ਘੋਲ ਖਿਲਾਫ ਕਈ ਤਰ੍ਹਾਂ ਦੀਆਂ ਸਾਜਿਸ਼ਾਂ ਰਚੀਆਂ। ਕਦੇ ਇਸ ਘੋਲ ਨੂੰ ਅਰਬਨ ਨਕਸਲ, ਕਦੇ ਮਾਓਵਾਦੀ, ਕਦੇ ਕਾਮਰੇਡ ਅਤੇ ਸਿੱਖ, ਕਦੇ ਅੰਦੋਲਨਜੀਵੀ ਆਖ ਕੇ ਭੰਡਣ ਦਾ ਖੂਬ ਯਤਨ ਕੀਤਾ। ਮੁੱਖ ਧਾਰਾਈ ਮੀਡੀਆ ਅਤੇ ਫਿਲਮੀ ਕਲਾਕਾਰ ਵੀ ਮੋਦੀ ਹਕੂਮਤ ਦੀ ਸਾਜ਼ਿਸ਼ ਦਾ ਹਿੱਸਾ ਬਣੇ। ਸੰਘਰਸ਼ ਵਿੱਚ ਸ਼ਾਮਲ ਹੋਣ ਵਾਲੀਆਂ ਕਿਸਾਨ ਔਰਤ ਕਾਰਕੁਨਾਂ ਨੂੰ 500-500 ਰੁਪਏ ਭਾੜੇ 'ਤੇ ਲਿਆਂਦੀਆਂ ਆਖ ਬਦਨਾਮ ਕਰਨ ਦੀ ਹਰ ਸਾਜ਼ਿਸ਼ ਰਚੀ। ਅਜਿਹੀਆਂ ਸਾਰੀਆਂ ਸਾਜ਼ਿਸ਼ਾਂ ਨੂੰ ਟਰਾਲੀ ਟਾਈਮਜ਼ ਰਾਹੀਂ, ਕਲਾ ਕ੍ਰਿਤਾਂ, ਗੀਤਾਂ, ਸੰਪਾਦਕੀਆਂ, ਲੇਖਾਂ, ਨਾਟਕਾਂ, ਸੋਸ਼ਲ ਮੀਡੀਆ ਰਾਹੀਂ ਬਣਦੀ ਤਵੱਜੋ ਦਿੱਤੀ ਗਈ। ਇਨ੍ਹਾਂ ਜੁਅਰਤਮੰਦ ਕਦਮਾਂ ਮੋਦੀ ਹਕੂਮਤ ਦੀ ਹਰ ਸਾਜ਼ਿਸ਼ ਨੂੰ ਨਾਕਾਮ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ। ਇਤਿਹਾਸਕਾਰ ਤੇ ਸਿਆਸੀ ਆਲੋਚਕ ਨੌਮਚੌਮਸਕੀ ਵਰਗੇ ਜਾਣੇ ਪਛਾਣੇ ਬੁੱਧੀਜੀਵੀਆਂ , ਵਾਤਾਵਰਣ ਪ੍ਰੇਮੀਆਂ, ਪੌਪ ਸਿੰਗਰ ਤੱਕ ਦੀ ਹਮਾਇਤ ਹਾਸਲ ਕੀਤੀ। ਕਿਸਾਨਾਂ ਦਾ ਸੁਨੇਹਾ ਸ਼ੁਰੂ ਤੋਂ ਹੀ ਸਪੱਸ਼ਟ ਸੀ: ਸਾਡਾ ਸੰਘਰਸ਼ ਖਤਮ ਨਹੀਂ ਹੋਵੇਗਾ; ਜਦੋਂ ਤੱਕ ਨਫਰਤ ਭਰੇ ਖੇਤੀ ਕਾਨੂੰਨ ਵਾਪਸ ਨਹੀਂ ਲਏ ਜਾਂਦੇ, ਅਸੀਂ ਆਪਣਾ ਸ਼ਾਂਤਮਈ ਵਿਰੋਧ ਤੇਜ ਕਰਾਂਗੇ। ਸੰਘਰਸ ਦੇ ਲੰਮੇ ਅਰਸੇ ਦੌਰਾਨ ਕਿਸੇ ਵੀ ਸਮੇਂ ਅੰਦੋਲਨ ਆਪਣੀਆਂ ਮੰਗਾਂ ਜਾਂ ਮੰਗਾਂ ਨੂੰ ਪੂਰਾ ਕਰਨ ਦੇ ਆਪਣੇ ਦ੍ਰਿੜ੍ਹ ਇਰਾਦੇ ਵਿੱਚ ਨਹੀਂ ਢਿੱਲਾ ਹੋਇਆ। ਕਿਸਾਨ ਆਪਣੇ ਵਿਸ਼ਵਾਸ ਵਿੱਚ ਨਿਡਰ ਸਨ। ਰਾਸ਼ਟਰਵਾਦੀ ਕਵੀ ਸੁਬਰਾਮਨੀਅਮ ਭਾਰਤੀ ਦੇ ਸ਼ਬਦ ਉਨ੍ਹਾਂ ਦੇ ਸੰਕਲਪ ਦਾ ਢੁਕਵਾਂ ਵਰਣਨ ਪ੍ਰਦਾਨ ਕਰਦੇ ਹਨ: 'ਭਾਵੇਂ ਅਸਮਾਨ ਟੁੱਟ ਜਾਵੇ ਅਤੇ ਡਿੱਗ ਜਾਵੇ, ਸਾਨੂੰ ਕੋਈ ਡਰ ਨਹੀਂ ਹੈ ਸਾਨੂੰ ਕੋਈ ਡਰ ਨਹੀਂ ਹੈ, ਸਾਨੂੰ ਕੋਈ ਡਰ ਨਹੀਂ ਹੈ।' ਦਰਅਸਲ, ਕਿਸਾਨਾਂ ਨੇ ਆਪਣੀ ਕਾਰਵਾਈ ਨਾਲ ਵਿਰੋਧੀਆਂ ਦੇ ਮਨਾਂ ਵਿੱਚ ਡਰ ਬੀਜਿਆ ਹੈ।

ਲੈਨਿਨ ਨੇ ਇੱਕ ਵਾਰ ਕਿਹਾ ਸੀ: 'ਕੁੱਝ ਦਹਾਕੇ ਅਜਿਹੇ ਹੁੰਦੇ ਹਨ, ਜਿਹਨਾਂ 'ਚ ਕੁਝ ਨਹੀਂ ਹੁੰਦਾ ਅਤੇ ਕੁਝ ਹਫਤੇ ਅਜਿਹੇ ਹੁੰਦੇ ਹਨ, ਜਿਨ੍ਹਾਂ 'ਚ ਦਹਾਕੇ ਹੁੰਦੇ ਹਨ।'' ਭਾਰਤੀ ਕਿਸਾਨਾਂ ਨੇ ਆਪਣੇ ਇੱਕਜੁੱਟ ਸੰਘਰਸ਼ ਦੁਆਰਾ ਹਾਰ ਦੀਆਂ ਭਵਿੱਖਬਾਣੀਆਂ ਨੂੰ ਟਾਲ ਦਿੱਤਾ ਅਤੇ ਕਿਰਤੀ ਲੋਕਾਂ ਦੇ ਦੂਜੇ ਵਰਗਾਂ ਦੇ ਬੇਮਿਸਾਲ ਸਮਰਥਨ ਨਾਲ ਇੱਕ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੂੰ ਕਿਸਾਨਾਂ ਤੋਂ ਮੁਆਫੀ ਮੰਗਣ ਅਤੇ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਮਜਬੂਰ ਹੋਣਾ ਪਿਆ।

ਇਸ ਪ੍ਰਦਰਸ਼ਨੀ ਨੂੰ ਇਨਕਲਾਬੀ ਕੇਂਦਰ ਪੰਜਾਬ ਦੇ ਨੌਜਵਾਨ ਆਗੂਆਂ ਹਰਪ੍ਰੀਤ, ਜਗਮੀਤ ਅਤੇ ਸੁਖਵਿੰਦਰ ਨੇ ਹਫਤਾ ਭਰ ਦੀ ਸਖਤ ਘਾਲਣਾ ਨਾਲ ਤਿਆਰ ਕੀਤਾ। ਇਸ ਸਮੇਂ ਇਸ ਫੋਟੋ /ਕਲਾ ਪ੍ਰਦਰਸ਼ਨੀ ਬਾਰੇ ਗੱਲਬਾਤ ਕਰਦਿਆਂ ਭਾਅ ਜੀ ਗੁਰਸ਼ਰਨ ਸਿੰਘ ਦੀ ਵਿਰਾਸਤ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਆਖਦੇ ਹਨ ਕਿ ਕਲਾ, ਸਾਹਿਤ ਨੂੰ ਸੰਗਰਾਮਾਂ ਦੇ ਪਿੜ ਵਿੱਚ ਪ੍ਰਦਰਸ਼ਤ ਕਰਨਾ ਸੁਚੇਤ ਕਦਮ ਹੈ। ਖੇਤੀ ਇੱਕ ਅਜਿਹਾ ਵਿਸ਼ਾਲ ਲੋਕਾਈ ਨਾਲ ਜੁੜਿਆ ਵਿਸ਼ਾ ਹੈ, ਜਿਸ ਨਾਲ ਕਰੋੜਾਂ-ਕਰੋੜ ਪੇਂਡੂ ਲੋਕਾਂ ਦਾ ਸੱਭਿਆਚਾਰ ਜੁੜਿਆ ਹੈ। ਸਦੀਆਂ ਤੋਂ ਜ਼ਮੀਨ ਦੀ ਰਾਖੀ ਦੇ ਸਵਾਲ ਨੂੰ ਪੀੜ੍ਹੀ-ਦਰ-ਪੀੜ੍ਹੀ ਦਰਪੇਸ਼ ਰਿਹਾ ਹੈ। ਦੁੱਲਾ ਭੱਟੀ ਤੋਂ ਲੈ ਕੇ ਮੌਜੂਦਾ ਇਤਿਹਾਸਕ ਕਿਸਾਨ ਅੰਦੋਲਨ ਨੂੰ ਇੱਕ ਥਾਂ 'ਤੇ ਪੇਸ਼ ਕਰਨਾ ਵੱਡਾ ਇਨਕਲਾਬੀ ਕਦਮ ਹੈ। ਦੁੱਲੇ ਭੱਟੀ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ, ਬਿਰਸਾ ਮੁੰਡਾ ਅਤੇ ਪਗੜੀ ਸੰਭਾਲ ਜੱਟਾ ਲਹਿਰ ਦੇ ਬਾਨੀ ਆਗੂ ਸ਼ਹੀਦ ਭਗਤ ਸਿੰਘ ਦੇ ਚਾਚਾ ਅਜੀਤ ਸਿੰਘ ਦੀਆਂ ਤਸਵੀਰਾਂ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ। ਸਾਥੀ ਖੰਨਾ ਕਹਿੰਦੇ ਹਨ ਕਿ ਮੈਨੂੰ ਯਾਦ ਹੈ ਕਿ ਮਹਿਲ ਕਲਾਂ ਲੋਕ ਘੋਲ ਦੀ ਦੋ ਦਹਾਕਿਆਂ ਦੀ ਸੰਘਰਸ਼ਮਈ ਗਾਥਾ ਨੂੰ ਦਰਸਾਉਂਦੀ ਪ੍ਰਦਰਸ਼ਨੀ ਵੀ ਹਜ਼ਾਰਾਂ ਕਿਰਤੀ, ਕਿਸਾਨਾਂ ਸਮੇਤ ਹੋਰ ਮਿਹਨਤਕਸ਼ ਤਬਕਿਆਂ ਲਈ ਖਿੱਚ ਦਾ ਕੇਂਦਰ ਬਣੀ ਸੀ। ਲੋਕਾਂ ਦੇ ਆਪਣੇ ਹੱਥੀਂ ਸਿਰਜੇ ,ਬੀਤੇ ਸਮੇਂ ਦੇ ਸ਼ਾਨਾਮੱਤੇ ਵਿਰਸੇ ਨੂੰ ਲੋਕ ਮਨਾਂ ਦਾ ਹਿੱਸਾ ਬਣਾਇਆ ਹੈ। ਹੱਕ, ਸੱਚ, ਇਨਸਾਫ ਲਈ ਜੂਝਦੇ ਕਾਫਲਿਆਂ ਦੇ ਗੌਰਵਮਈ ਇਤਿਹਾਸ ਨੂੰ ਸਾਂਭਣ ਦਾ ਇਹ ਕਦਮ ਆਉਣ



# ਦੂਜੇ ਦਿਨ ਵੀ ਖੇਤੀਬਾੜੀ ਮੰਤਰੀ ਦੇ ਘਰ ਅੱਗੇ ਡਟੇ ਰਹੇ ਮਜ਼ਦੂਰ



**ਲੰਬੀ (ਪੱਤਰ ਪ੍ਰੇਰਕ)**

'ਆਪ' ਸਰਕਾਰ ਦੀ ਵਾਅਦਾਖਿਲਾਫ਼ੀ ਤੇ ਮਜ਼ਦੂਰ ਵਿਰੋਧੀ ਨੀਤੀਆਂ ਤੋਂ ਸਤੇ ਸੈਂਕੜੇ ਮਜ਼ਦੂਰ ਮਰਦ ਔਰਤਾਂ ਦੂਜੇ ਦਿਨ ਵੀ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਘਰ ਅੱਗੇ ਡਟੇ ਰਹੇ। ਧਰਨੇ ਦੌਰਾਨ ਸੈਂਕੜੇ ਮਜ਼ਦੂਰ ਔਰਤਾਂ ਵੱਲੋਂ ਅਨੇਕਾਂ ਦੁਸ਼ਵਾਰੀਆਂ ਦੇ ਬਾਵਜੂਦ ਰਾਤ ਵੀ ਇਥੇ ਹੀ ਗੁਜ਼ਾਰੀ ਗਈ। ਧਰਨੇ ਨੂੰ ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ, ਪੇਂਡੂ ਮਜਦੂਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਤੀਰਥ ਸਿੰਘ ਕੋਠਾਗੁਰੂ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਪ੍ਰਿਤਪਾਲ ਸਿੰਘ, ਖੇਤ ਮਜ਼ਦੂਰ ਸਭਾ ਦੇ ਆਗੂ ਮਹਿੰਗਾ ਸਿੰਘ ਦੋਦਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਆਗੂ ਤੋਤਾ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਕੁਲਵੰਤ ਸਿੰਘ ਸੇਲਬਰਾਹ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮਜ਼ਦੂਰ ਜਥੇਬੰਦੀਆਂ ਨੂੰ ਵਾਰ ਵਾਰ ਮੀਟਿੰਗਾਂ ਦੇ ਕੇ ਮੁੱਕਰਣ ਐ 12 ਘੰਟੇ ਕੰਮ ਦਿਹਾੜੀ ਦਾ ਨੋਟੀਫਿਕੇਸ਼ਨ ਜਾਰੀ ਕਰਨ ਨੇ ਇਸਦਾ ਮਜ਼ਦੂਰ ਦੋਖੀ ਚਿਹਰਾ ਬੇਨਕਾਬ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਨਕਲਾਬ ਦੇ ਝੂਠੇ ਨਾਅਰੇ ਅਤੇ ਬਦਲਾਅ ਦੇ ਲਾਰੇ ਲਾ ਕੇ ਵੋਟਾਂ ਵਟੋਰਨ ਤੋਂ ਬਾਅਦ 'ਆਪ' ਸਰਕਾਰ ਲਗਾਤਾਰ ਕਾਰਪੋਰੇਟ ਘਰਾਣਿਆਂ, ਸੂਦਖੋਰਾਂ ਤੇ ਜਗੀਰਦਾਰਾਂ ਪੱਖੀ ਤੇ ਮਜ਼ਦੂਰ ਤੇ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਸੱਤਾ ਬਦਲੀ ਦੀ ਪੌਣੀ ਸਦੀ ਦੇ ਬਾਅਦ ਵੀ ਮਜ਼ਦੂਰਾਂ ਨੂੰ ਜਾਤਪਾਤੀ ਜਬਰ ਤੋਂ ਮੁਕਤੀ ਨਹੀਂ ਮਿਲੀ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਜਾਤਪਾਤੀ ਧਕੇ ਵਿਤਕਰੇ ਤੋਂ ਮੁਕਤ ਬਰਾਬਰੀ ਵਾਲਾ ਰੁਤਬਾ ਹਾਸਲ ਕਰਨ ਲਈ ਮਜ਼ਦੂਰ ਵਰਗ ਨੂੰ ਵਿਸ਼ਾਲ, ਸਾਂਝੇ ਤੇ ਦਿਰੜ ਘੋਲਾਂ ਦੇ ਰਾਹ ਪੈਣ ਦੀ ਲੋੜ ਹੈ। ਉਨ੍ਹਾਂ ਐਲਾਨ ਕੀਤਾ ਕਿ ਆਪ ਸਰਕਾਰ ਵੱਲੋਂ ਦਿੱਤੀਆਂ ਚੋਣ ਗਰੰਟੀਆਂ ਲਾਗੂ ਕਰਾਉਣ, ਕਰਜ਼ਾ ਮੁਆਫੀ, ਰੁਜ਼ਗਾਰ ਦੀ ਗਰੰਟੀ ਕਰਨ, ਮਜਦੂਰੀ ਰੇਟਾਂ 'ਚ ਵਾਧਾ ਕਰਨ, ਜ਼ਮੀਨੀ ਹੱਦਬੰਦੀ ਕਾਨੂੰਨ ਸਖਤੀ ਨਾਲ ਲਾਗੂ ਕਰਾਉਣ, ਪੰਚਾਇਤੀ ਜ਼ਮੀਨਾਂ ਦਾ ਤੀਜਾ ਹਿੱਸਾ ਪੈਨਸ਼ਨਾਂ ਦੀ ਰਾਸ਼ੀ 'ਚ ਵਾਧਾ ਕਰਾਉਣ, ਮਜ਼ਦੂਰਾਂ ਕਿਸਾਨਾਂ ਤੇ ਅੰਦੋਲਨਾਂ ਦੌਰਾਨ ਬਣੇ ਕੇਸ ਵਾਪਸ ਕਰਾਉਣ ਆਦਿ ਮੰਗਾਂ ਦੀ ਪੂਰਤੀ ਲਈ ਸੰਘਰਸ਼ ਜਾਰੀ ਰੱਖਿਆ ਜਾਵੇਗਾ।

# ਤਰਕਸ਼ੀਲ ਸੁਸਾਇਟੀ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ 'ਤੇ ਤੁਰੰਤ ਪਾਬੰਦੀ ਲਾਉਣ ਦੀ ਮੰਗ



**ਮੁਕਤਸਰ (ਸ਼ਮਿੰਦਰਪਾਲ, ਪੂਜਾ)**

ਤਰਕਸ਼ੀਲ ਸੁਸਾਇਟੀ ਪੰਜਾਬ ਨੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਹੇਠ ਵੱਖ-ਵੱਖ ਧਾਰਮਿਕ ਸਥਾਨਾਂ ਦੀ ਕਰਾਈ ਜਾ ਰਹੀ ਯਾਤਰਾ ਨੂੰ ਸਰਾਸਰ ਗੈਰ ਸੰਵਿਧਾਨਕ ਅਤੇ ਕਰੋੜਾਂ ਰੁਪਏ ਦੇ ਜਨਤਕ ਸਰਮਾਏ ਦੀ ਬਰਬਾਦੀ ਕਰਾਰ ਦਿੰਦਿਆਂ ਇਸ ਫ਼ਜ਼ੂਲ ਖਰਚੀ ਉਤੇ ਤੁਰੰਤ ਰੋਕ ਲਾਉਣ ਅਤੇ ਪੰਜਾਬ ਸਰਕਾਰ ਨੂੰ ਧਾਰਮਿਕ ਆਸਥਾ ਦੀ ਬਜਾਏ ਆਮ ਲੋਕਾਂ ਦੀਆਂ ਦੀਆਂ ਸਿੱਖਿਆ, ਸਿਹਤ ਤੇ ਰੁਜ਼ਗਾਰ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵੱਲ ਵਧ ਧਿਆਨ ਦੇਣ ਦੀ ਜ਼ੋਰਦਾਰ ਮੰਗ ਕੀਤੀ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੂਬਾ ਕਮੇਟੀ ਆਗੂਆਂ ਮਾਸਟਰ ਰਾਜਿੰਦਰ ਭਦੌੜ, ਹੇਮ ਰਾਜ ਸਟੈਨੋ, ਬਲਬੀਰ ਲੌਂਗੋਵਾਲ, ਰਾਜਪਾਲ ਸਿੰਘ, ਸੁਮੀਤ ਅੰਮ੍ਰਿਤਸਰ, ਜਸਵੰਤ ਮੋਹਾਲੀ ਤੇ ਜੋਗਿੰਦਰ ਕੁੱਲੇਵਾਲ ਨੇ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਭਾਰਤੀ ਸਟੇਟ ਦਾ ਇਕ ਧਰਮ ਨਿਰਪੱਖ ਆਧਾਰ ਹੈ ਅਤੇ ਧਰਮ ਨੂੰ ਮੰਨਣ ਜਾਂ ਨਾ ਮੰਨਣ ਦਾ ਹਰੇਕ ਵਿਅਕਤੀ ਦਾ ਨਿੱਜੀ ਮਾਮਲਾ ਹੈ। ਇਸ ਲਈ ਮੌਜੂਦਾ ਹਕੂਮਤ ਵੱਲੋਂ ਲੋਕਾਂ ਤੋਂ ਟੈਕਸਾਂ ਦੇ ਰੂਪ ਵਿੱਚ ਇਕੱਠੇ ਕੀਤੇ ਕੀਮਤੀ ਜਨਤਕ ਸਰਮਾਏ ਨੂੰ ਕਿਸੇ ਵੀ ਧਰਮ ਨੂੰ ਪ੍ਰੋਤਸਾਹਿਤ ਕਰਨ ਅਤੇ ਧਾਰਮਿਕ ਕਾਰਜਾਂ ਉਤੇ ਫ਼ਜ਼ੂਲ ਖਰਚ ਕਰਨ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ ਤੇ ਇਹ ਭਾਰਤੀ ਸੰਵਿਧਾਨ ਦੀ ਧਾਰਾ 51- ਏ (ਐਚ) ਤਹਿਤ ਨਾਗਰਿਕਾਂ ਦੇ ਵਿਗਿਆਨਕ ਚੇਤਨਾ ਦੇ ਵਿਕਾਸ ਦੀ ਭਾਵਨਾ ਦੇ ਬਿਲਕੁਲ ਉਲਟ ਵੀ ਹੈ।

ਤਰਕਸ਼ੀਲ ਆਗੂਆਂ ਨੇ ਇਸ ਯੋਜਨਾ ਦਾ ਡਟਵਾਂ ਵਿਰੋਧ ਕਰਦਿਆਂ ਕਿਹਾ ਕਿ ਤੀਰਥ ਯਾਤਰਾ ਯੋਜਨਾ ਦਾ ਆਮ ਲੋਕਾਂ ਦੇ ਬੁਨਿਆਦੀ ਵਿਕਾਸ ਜਾਂ ਬੁਨਿਆਦੀ ਲੋੜਾਂ ਦੀ ਪੂਰਤੀ ਨਾਲ ਕੋਈ ਸੰਬੰਧ ਨਹੀਂ ਹੈ ਅਤੇ ਇਹ ਯੋਜਨਾ ਕੁੱਝ ਸਾਲ ਪਹਿਲਾਂ ਸੁਪਰੀਮ ਕੋਰਟ ਵਲੋਂ ਸਟੇਟ ਬਨਾਮ ਰਫੀਕ ਸੇਖ ਕੇਸ ਵਿੱਚ ਦਿੱਤੇ ਗਏ ਉਸ ਫ਼ੈਸਲੇ ਦੀ ਵੀ ਘੋਰ ਉਲੰਘਣਾ ਹੈ, ਜਿਸ ਵਿੱਚ ਕੇਂਦਰੀ ਹਕੂਮਤ ਨੂੰ ਹੱਜ ਯਾਤਰਾ ਉਤੇ ਜਾਂਦੇ ਯਾਤਰੀਆਂ ਨੂੰ ਦਿੱਤੀ ਜਾਂਦੀ ਸਬਸਿਡੀ ਨੂੰ ਦਸ ਸਾਲ ਵਿੱਚ ਖਤਮ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਉਨ੍ਹਾਂ ਸਵਾਲ ਕੀਤਾ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਅਕਾਲੀ-ਭਾਜਪਾ ਸਰਕਾਰ ਵੇਲੇ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਨੂੰ ਵਾਪਸ ਲੈਣ ਦੇ ਹੁਕਮ ਦਿੱਤੇ ਗਏ ਸਨ ਤਾਂ ਫਿਰ ਆਪ ਸਰਕਾਰ ਵੱਲੋਂ ਇਹ ਯੋਜਨਾ ਕਿਸ ਅਧਾਰ ਤੇ ਦੁਬਾਰਾ ਲਾਗੂ ਕੀਤੀ ਗਈ ਹੈ?

ਤਰਕਸ਼ੀਲ ਆਗੂਆਂ ਨੇ ਦੋਸ਼ ਲਾਇਆ ਕਿ ਇਕ ਪਾਸੇ ਪੰਜਾਬ ਸਰਕਾਰ ਵੱਲੋਂ ਫੰਡਾਂ ਦੀ ਘਾਟ ਕਰਕੇ ਪੰਜਾਬ ਦੇ ਪੜ੍ਹੇ-ਲਿਖੇ ਲੱਖਾਂ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਤੋਂ ਵਾਂਝਿਆਂ ਰੱਖਿਆ ਜਾ ਰਿਹਾ ਹੈ, ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਨਹੀਂ ਕੀਤਾ ਜਾ ਰਿਹਾ ਅਤੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਅਧਿਆਪਕਾਂ ਦੀਆਂ ਹੱਕੀ ਆਰਥਿਕ ਮੰਗਾਂ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ, ਪਰ ਇਸਦੇ ਬਿਲਕੁਲ ਉਲਟ ਲੋਕਾਂ ਦੀ ਧਾਰਮਿਕ ਆਸਥਾ ਦੀ ਆੜ ਹੇਠ ਵੋਟਾਂ ਬਟੋਰਨ ਦੀ ਫ਼ਿਰਕੂ ਸਿਆਸਤ ਕਰਕੇ ਕਰੋੜਾਂ ਰੁਪਏ ਦੀ ਬਰਬਾਦੀ ਕੀਤੀ ਜਾ ਰਹੀ ਹੈ। ਤਰਕਸ਼ੀਲ ਸੁਸਾਇਟੀ ਨੇ ਪੰਜਾਬ ਤੇ ਹਰਿਆਣਾ ਹਾਈਕੋਰਟ ਤੋਂ ਜ਼ੋਰਦਾਰ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਦੇ ਜਨਤਕ ਸਰਮਾਏ ਦੀ ਕੀਤੀ ਜਾ ਰਹੀ ਬਰਬਾਦੀ ਨੂੰ ਰੋਕਣ ਲਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਉਤੇ ਤੁਰੰਤ ਪਾਬੰਦੀ ਲਾਈ ਜਾਵੇ।

# ਗੁਰਮੀਤ ਸਿੰਘ ਖੁੱਡੀਆਂ ਨੇ ਗ਼ਰੀਬ ਪਰਵਾਰਾਂ ਨੂੰ ਪਲਾਟ ਕੀਤੇ ਅਲਾਟ



**ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਕੋਈ ਗ਼ਰੀਬ ਬੇਘਰ ਨਹੀਂ ਰਹੇਗਾ। ਇਸੇ ਲੜੀ ਤਹਿਤ ਹਲਕਾ ਲੰਬੀ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਹਲਕਾ ਲੰਬੀ ਦੇ ਪਿੰਡ ਧੌਲਾ ਵਿਖੇ ਪੰਚਾਇਤੀ ਜ਼ਮੀਨ ਵਿੱਚ 109 ਦੇ ਕਰੀਬ ਬੇਘਰ ਗ਼ਰੀਬ ਲੋੜਵੰਦ ਪਰਵਾਰਾਂ ਨੂੰ 5-5 ਮਰਲੇ ਦੇ ਪਲਾਂਟ ਅਲਾਂਟ ਕੀਤੇ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਬੇਘਰ ਲੋੜਵੰਦ ਲੋਕਾਂ ਨੂੰ ਪਲਾਟਾਂ ਦੇ ਸਰਟੀਫ਼ਿਕੇਟ ਵੰਡਣ ਉਪਰੰਤ ਕਿਹਾ ਕਿ ਸਰਕਾਰ ਦੀ ਹਮੇਸ਼ਾ ਸੋਚ ਰਹੀ ਹੈ ਕਿ ਹਰ ਵਰਗ ਨੂੰ ਜ਼ਰੂਰਤਾਂ ਮੁਤਾਬਕ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ, ਜਿਸ ਤਹਿਤ ਪਿੰਡ ਧੌਲਾ ਵਿਖੇ 109 ਦੇ ਕਰੀਬ ਲੋੜਵੰਦ ਗਰੀਬ ਪਰਵਾਰਾਂ ਨੂੰ 5-5 ਮਰਲੇ ਦੇ ਪਲਾਂਟ ਦਿੱਤੇ ਗਏ ਤਾਂ ਜੁ ਉਹ ਲੋਕ ਆਪਣੇ ਘਰ ਬਣਾ ਕੇ ਆਪਣਾ ਜੀਵਨ ਬਸਰ ਕਰ ਸਕਣ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੋਰ ਪਿੰਡਾਂ ਵਿੱਚ ਜਿਵੇਂ-ਜਿਵੇਂ ਲੋੜ ਹੋਵੇਗੀ ਪੰਚਾਇਤੀ ਜ਼ਮੀਨ ਦੇਖ ਕੇ ਲੋੜਵੰਦ ਲੋਕਾਂ ਦੀ ਜ਼ਰੂਰਤ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗ। ਉਨ੍ਹਾਂ ਕਿਹਾ ਕਿ ਪੰਚਾਇਤੀ ਜ਼ਮੀਨਾਂ ਦੇ ਨਜ਼ਾਇਜ ਕਬਜ਼ੇ ਛੁਡਵਾਉਣ ਲਈ ਸਰਕਾਰ ਦੀ ਮੁਹਿੰਮ ਜਾਰੀ ਹੈ। ਦੂਜੇ ਪਾਸੇ ਪਿੰਡ ਦੇ ਸਰਪੰਚ ਨੇ ਦੱਸਿਆ ਕਿ ਪੰਚਾਇਤ ਦੀ ਇਹ ਕਰੀਬ 3 ਏਕੜ ਰਮੀਨ ਬੇਆਬਾਦ ਪਈ ਸੀ, ਜਿਸ ਨੂੰ ਆਬਾਦ ਕਰਾ ਕੇ ਪਿੰਡ ਦੇ ਕਰੀਬ 109 ਗਰੀਬ ਪਰਿਵਾਰਾਂ ਨੂੰ ਪਲਾਂਟ ਅਲਾਂਟ ਕੀਤੇ ਗਏ ਹਨ, ਜਿਨ੍ਹਾਂ ਨੂੰ ਕੈਬਨਿਟ ਮੰਤਰੀ ਨੇ ਵੰਡਿਆ। ਇਸ ਮੌਕੇ 'ਤੇ ਪਲਾਂਟ ਲੈਣ ਵਾਲੇ ਗ਼ਰੀਬ ਪਰਵਾਰ ਵੀ ਕਾਫੀ ਖੁਸ਼ ਨਜ਼ਰ ਆਏ, ਜਿਨ੍ਹਾਂ ਨੇ ਕੈਬਨਿਟ ਮੰਤਰੀ ਤੇ ਪਿੰਡ ਦੀ ਪੰਚਾਇਤ ਦਾ ਧੰਨਵਾਦ ਕੀਤਾ।

## ਕਾਤਰਾਂ

### ਜ਼ਿਲ੍ਹਾ ਪੁਲਸ ਕਰੇਗੀ ਖੇਡਾਂ ਨੂੰ ਉਤਸ਼ਾਹਤ : ਐੱਸ ਪੀ ਸਿਰਸਾ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਨਸ਼ਿਆਂ ਦੀ ਦਲਦਲ ਵਿੱਚ ਧਸਦੇ ਜਾ ਰਹੇ ਸਿਰਸਾ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਜ਼ਿਲ੍ਹਾ ਪੁਲਸ ਨੇ ਨਵੀਂ ਪਹਿਲ ਕੀਤੀ ਹੈ।ਐਸਪੀ ਵਿਕਰਾਂਤ ਭੂਸ਼ਣ ਦੀ ਨਸ਼ਾ ਛੁਡਾਊ ਜਾਗਰੂਕਤਾ ਮੁਹਿੰਮ ਵਿੱਚ ਖੇਡਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਐਸ ਪੀ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪੇਂਡੂ ਖੇਤਰਾਂ ਵਿੱਚ ਖੇਡ ਗਤੀਵਿਧੀਆਂ ਨੂੰ ਉਤਸ਼ਾਹਤ ਕੀਤਾ ਜਾਵੇਗਾ।ਐਸਪੀ ਵਿਕਰਾਂਤ ਭੂਸ਼ਣ ਨੇ ਕਿਹਾ ਕਿ ਪਿੰਡਾਂ 'ਚ ਖੇਡਾਂ ਨੂੰ ਉਤਸ਼ਾਹਤ ਕਰਨ ਦੀਆਂ ਅਪਾਰ ਸੰਭਾਵਨਾਵਾਂ ਹਨ ਤੇ ਇਸ ਲਈ ਨੌਜਵਾਨਾਂ ਦੀ ਰੁਚੀ ਨੂੰ ਵਧਾਉਣੀ ਜ਼ਰੂਰੀ ਹੈ।ਇਸੇ ਲੜੀ ਵਿੱਚ ਉਨ੍ਹਾਂ ਨੇ ਜ਼ਿਲ੍ਹਾ ਪੁਲਸ ਮੁਲਾਜ਼ਮਾਂ ਦੀਆਂ ਪੰਜ ਵੱਖ-ਵੱਖ ਖੇਡ ਟੀਮਾਂ ਦਾ ਗਠਨ ਕੀਤਾ ਹੈ, ਜਿਸ ਵਿੱਚ ਵਾਲੀਬਾਲ, ਬਾਸਕਟਬਾਲ, ਹੈਂਡਬਾਲ, ਕਬੱਡੀ ਤੇ ਕ੍ਰਿਕਟ ਦੀਆਂ ਟੀਮਾਂ ਸ਼ਾਮਲ ਹਨ।ਪੁਲਸ ਮੁਲਾਜ਼ਮਾਂ ਦੀ ਇਹ ਟੀਮਾਂ ਹੁਣ ਪਿੰਡ-ਪਿੰਡ ਜਾ ਕੇ ਸਥਾਨਕ ਨੌਜਵਾਨਾ ਨਾਲ ਸੰਪਰਕ ਕਰਨਗੀਆਂ।

### ਚਿੱਟੇ ਸੋਨੇ ਦੀ ਫੈਕਟਰੀ 'ਚ ਲੱਗੀ ਅੱਗ, ਲੱਖਾਂ ਰੁਪਏ ਦਾ ਨੁਕਸਾਨ

**ਮਲੋਟ (ਗੁਰਮੀਤ ਸਿੰਘ ਮੱਕੜ)**-ਮਲੋਟ-ਸ੍ਰੀ ਮੁਕਤਸਰ ਸਾਹਿਬ ਰੋਡ 'ਤੇ ਮੱਕੜ ਕੋਟਨ ਫੈਕਟਰੀ ਵਿੱਚ ਅੱਜ ਸਵੇਰੇ ਰੂੰ ਦੀਆਂ ਗੱਠਾਂ ਨੂੰ ਅੱਗ ਲੱਗ ਗਈ। ਸੂਚਨਾ ਮਿਲਣ 'ਤੇ ਮਲੋਟ ਫਾਇਰ ਬ੍ਰਿਗੇਡ ਦੀ ਟੀਮ ਨੇ ਮੌਕੇ 'ਤੇ ਪੁੱਜ ਕੇ ਅੱਗ 'ਤੇ ਕਾਬੂ ਪਾਇਆ, ਪ੍ਰੰਤੂ ਅੱਗ ਲੱਗਣ ਨਾਲ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਹਰਦੀਪ ਸਿੰਘ ਸਬ ਫਾਇਰ ਅਫ਼ਸਰ ਨੇ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਮਲੋਟ ਫਾਇਰ ਬ੍ਰਿਗੇਡ ਦੀ ਟੀਮ ਮੌਕੇ 'ਤੇ ਪੁੱਜ ਗਈ। ਅੱਗ ਜ਼ਿਆਦਾ ਹੋਣ ਕਰਕੇ ਮੌਕੇ 'ਤੇ ਇੱਕ ਹੋਰ ਗੱਡੀ ਬੁਲਾਈ ਗਈ ਅਤੇ ਬੜੀ ਮੁਸ਼ਕਿਲ ਨਾਲ ਅੱਗ ਉੱਤੇ ਕਾਬੂ ਪਾਇਆ। ਫੈਕਟਰੀ ਮਾਲਕ ਸੁਰਿੰਦਰ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ ਪੰਜ ਵਜੇ ਅੱਗ ਲੱਗਣ ਦਾ ਪਤਾ ਲੱਗਾ। ਉਨ੍ਹਾਂ ਨੇ ਦੱਸਿਆ ਕਿ 135-140 ਗੱਠਾਂ ਨੂੰ ਅੱਗ ਲੱਗ ਗਈ। ਅੱਗ ਲੱਗਣ ਨਾਲ ਕਰੀਬ 30-35 ਲੱਖ ਰੁਪਏ ਦਾ ਨੁਕਸਾਨ ਹੋ ਗਿਆ।

### ਨਾਰਦਨ ਰੇਲਵੇ ਪੈਸੇਂਜਰ ਸੰਮਤੀ ਨੇ ਰੇਲਵੇ ਵਿਭਾਗ ਨੂੰ ਭੇਜਿਆ ਪੱਤਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨਾਰਦਨ ਰੇਲਵੇ ਪੈਸੇਂਜਰ ਸੰਮਤੀ ਫ਼ਾਜ਼ਿਲਕਾ ਦੇ ਪ੍ਰਧਾਨ ਵਿਨੋਦ ਕੁਮਤਰ ਭਾਵਨੀਆਂ ਤੇ ਸ਼ਾਮ ਲਾਲ ਗੋਇਲ ਨੇ ਪੱਤਰ ਲਿਖ ਕੇ ਪ੍ਰਧਾਨ ਮੰਤਤੀ ਤੇ ਰੇਲਵੇ ਮੰਤਰੀ ਨੂੰ ਮੁਕਤਸਰ ਦਾ ਰੇਲਵੇ ਸਟੇਸ਼ਨ ਅਪਗ੍ਰੇਡ ਕਰਕੇ ਉਸਾਰੀ ਦੇ ਕੰਮ ਚੱਲਣ ਲਈ ਧੰਨਵਾਦ ਕੀਤਾ ਹੈ ਤੇ ਰੇਲਵੇ ਮੰਤਰੀ ਅਤੇ ਹੋਰ ਉੱਚ ਅਧਿਕਾਰੀਆਂ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਮਾਘੀ ਮੇਲਾ ਲੱਗਣ ਸਮੇਂ ਲੰਮੀ ਦੂਰੀ ਦੀਆਂ ਸਪੈਸ਼ਲ ਗੱਡੀਆਂ 14-15-16 ਜਨਵਰੀ ਨੂੰ ਚਲਾਈਆਂ ਜਾਣ। ਸ੍ਰੀ ਮੁਕਤਸਰ ਸਾਹਿਬ ਰੇਲਵੇ ਸਟੇਸ਼ਨ ਦੀ ਉਸਾਰੀ ਪਹਿਲਾ ਪੂਰੀ ਕਰਾ ਕੇ ਸਟੇਸ਼ਨ ਤੋਂ ਵਾਧੂ ਮਲਬ ਚੁਕਾਇਆ ਜਾਵੇ। ਮੁਕਤਸਰ ਸਟੇਸ਼ਨ 'ਤੇ ਸਫ਼ਾਈ, ਪੀਣ ਦੇ ਪਾਣੀ, ਪਖਾਨਿਆਂ, ਬਿਜਲੀ ਅਤੇ ਹੋਰ ਸਹੂਲਤਾਂ ਦਾ ਪੂਰਾ ਪ੍ਰਬੰਧ ਕੀਤਾ ਜਾਵੇ। ਸਟੇਸ਼ਨ ਤੱਕ ਪਹੁੰਚ ਮਾਰਗ ਪੂਰਾ ਕੀਤਾ ਜਾਵੇ। ਇਸ ਸਮੇਂ ਉਨ੍ਹਾਂ ਨਾਲ ਬਲਦੇਵ ਸਿੰਘ ਬੇਦੀ, ਗੋਬਿੰਦ ਸਿੰਘ ਦਾਬੜਾ, ਜਸਵੰਤ ਸਿੰਘ ਬਰਾੜ, ਭਵਰ ਲਾਲ ਸ਼ਰਮਾ, ਪ੍ਰਮੋਦ ਆਰੀਆ, ਓਮ ਪ੍ਰਕਾਸ਼ ਵਲੇਚਾ ਤੇ ਬਲਜੀਤ ਸਿੰਘ ਅਦਿ ਹਾਜ਼ਰ ਸਨ।

# ਜਿਨਸੀ ਪ੍ਰੇਸ਼ਾਨੀ ਦੀ ਰੋਕਥਾਮ ਸੰਬੰਧੀ ਪ੍ਰੋਗਰਾਮ ਆਯੋਜਿਤ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਭਾਰਤ ਸਰਕਾਰ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ ਸਥਾਨਕ ਐਸ ਐਸ ਡੀ ਗਰਲਜ਼ ਕਾਲਜ ਵਿਖੇ 4 ਤੋਂ 9 ਦਸੰਬਰ ਤੱਕ ਕਿਸੇ ਵੀ ਕੰਮ ਕਰਨ ਵਾਲੀ ਥਾਂ 'ਤੇ ਜਿਨਸੀ ਪ੍ਰੇਸ਼ਾਨੀ ਸੰਬੰਧੀ ਰੋਕਥਾਮ ਹਫਤਾ ਪ੍ਰੋਗਰਾਮ ਦਾ ਆਯੋਜਿਨ ਕੀਤਾ ਗਿਆ। ਇਸ ਮੌਕੇ ਜਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਸੁਮੀਤ ਮਲਹੋਤਰਾ-ਕਮ-ਸਕੱਤਰ, ਸੁਰੇਸ਼ ਗੋਇਲ ਡਿਪਟੀ ਚੀਫ, ਲੀਗਲ ਏਡ ਡਿਫੈਂਸ ਕੌਂਸਲ ਰੋਹਿਤ ਖੱਟਰ ਅਤੇ ਕਿਰਨਪਾਲ ਕੌਰ ਐਡਵੋਕੇਟ, ਸਹਾਇਕ ਮੁਖੀ, ਕਾਨੂੰਨੀ ਸੇਵਾਵਾਂ ਅਥਾਰਟੀ, ਬਠਿੰਡਾ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਪ੍ਰੋਗਰਾਮ ਦੇ ਆਖਰੀ ਦਿਨ ਐਨ ਐਸ ਐਸ ਅੰਦਰੂਨੀ ਸ਼ਿਕਾਇਤ ਕਮੇਟੀ ਅਤੇ ਵੂਮੈਨ ਡਿਵੈਲਪਮੈਂਟ ਸੈੱਲ ਦੁਆਰਾ ਉਕਤ ਵਿਸ਼ੇ 'ਤੇ ਇੱਕ ਐਕਸਟੈਨਸ਼ਨ ਲੈਕਚਰ ਦਾ ਆਯੋਜਨ ਕੀਤਾ ਗਿਆ ਸੀ। ਇਸ ਦੌਰਾਨ ਮੁੱਖ ਬੁਲਾਰਿਆਂ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਕਿਸਮਾਂ ਦੀਆਂ ਪ੍ਰੇਸ਼ਾਨੀਆਂ ਦੇ ਮਾਮਲੇ ਵਿੱਚ ਅਧਿਕਾਰੀਆਂ ਤੱਕ ਪਹੁੰਚ ਕਰਨ, ਜ਼ੀਰੋ ਐਫ ਆਈ ਆਰ ਅਤੇ ਮੁਆਵਜੇ ਦਾ ਦਾਅਵਾ ਕਰਨ ਦੀ ਪ੍ਰਕਿਰਿਆ ਬਾਰੇ ਵੀ ਜਾਗਰੂਕ ਕੀਤਾ ਗਿਆ। ਕਾਲਜ ਦੇ ਪ੍ਰਧਾਨ ਐਡਵੋਕੇਟ ਸੰਜੇ ਗੋਇਲ, ਜਨਰਲ ਸਕੱਤਰ ਵਿਕਾਸ ਗਰਗ ਅਤੇ ਪ੍ਰਿੰਸੀਪਲ ਡਾ. ਨੀਰੂ ਗਰਗ ਵੱਲੋਂ ਅੰਦਰੂਨੀ ਸ਼ਿਕਾਇਤ ਕਮੇਟੀ ਅਤੇ ਵੂਮੈਨ ਡਿਵੈਲਪਮੈਂਟ ਸੈੱਲ ਦੇ ਇੰਚਾਰਜਾਂ ਡਾ. ਆਸ਼ਾ ਸਿੰਗਲਾ, ਡਾ. ਸਿਮਰਜੀਤ ਕੌਰ, ਮੈਡਮ ਅਮਨਦੀਪ ਕੌਰ, ਮੈਡਮ ਰਸਮੀ ਤਿਵਾੜੀ ਅਤੇ ਮੈਡਮ ਸੀਮਾ ਜੈਨ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਅੰਨ੍ਹੇ ਕਤਲ ਦੀ ਗੁੱਥੀ ਸੁਲਝੀ, ਭਰਾ ਹੀ ਨਿਕਲਿਆ ਕਾਤਲ



**ਮੋਗਾ (ਅਮਰਜੀਤ ਬੱਬਰੀ)**

ਥਾਣਾ ਧਰਮਕੋਟ ਅੰਦਰ ਪੈਂਦੇ ਪਿੰਡ ਕੋਕਰੀ ਵਹਿਣੀਵਾਲ ਵਿਚ ਬੀਤੇ ਦਿਨੀਂ ਹੋਏ ਨੌਜਵਾਨ ਦੇ ਕਤਲ ਦੀ ਵਾਰਦਾਤ ਨੂੰ ਪੁਲਸ ਨੇ ਕੁਝ ਹੀ ਦਿਨਾਂ ਵਿਚ ਸੁਲਝਾਉਂਦੇ ਹੋਏ ਇਕ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸੰਬਧੀ ਪੁਲਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰਚੰਦ ਸਿੰਘ ਵਾਸੀ ਕੋਕਰੀ ਵਹਿਣੀਵਾਲ ਨੇ ਪੁਲਸ ਕੋਲ ਆਪਣਾ ਬਿਆਨ ਲਿਖਵਾਇਆ ਸੀ ਕਿ 27 ਨਵੰਬਰ 2023 ਸਮਾਂ ਸ਼ਾਮ 5:30 ਉਸ ਦਾ ਲੜਕਾ ਕੁਲਦੀਪ ਸਿੰਘ ਉਰਫ ਲਾਡੀ ਉਮਰ ਕਰੀਬ 31 ਸਾਲ ਖੇਤ ਗੇੜਾ ਮਾਰਨ ਗਿਆ ਸੀ। ਜਦੋਂ ਕਾਫੀ ਸਮਾਂ ਕੁਲਦੀਪ ਸਿੰਘ ਉਰਫ ਲਾਡੀ ਘਰ ਵਾਪਸ ਨਹੀਂ ਆਇਆ ਤਾਂ ਉਹ ਉਸ ਦੇ ਪਿੱਛੇ ਖੇਤ ਗਿਆ ਤਾਂ ਖੇਤ ਵਾਲੇ ਕੱਚੇ ਰਸਤੇ 'ਤੇ ਉਸ ਦਾ ਲੜਕਾ ਡਿੱਗਿਆ ਪਿਆ ਸੀ। ਜਦੋਂ ਉਸ ਨੇ ਨਜ਼ਦੀਕ ਜਾ ਕੇ ਦੇਖਿਆ ਤਾਂ ਕੁਲਦੀਪ ਸਿੰਘ ਉਰਫ ਲਾਡੀ ਦੇ ਸਿਰ, ਹੱਥਾਂ ਅਤੇ ਬਾਂਹਾਂ 'ਤੇ ਤੇਜ਼ ਹਥਿਆਰ ਨਾਲ ਕੱਟ ਲੱਗੇ ਹੋਏ ਸਨ, ਜਿਨ੍ਹਾਂ ਵਿਚੋਂ ਕਾਫੀ ਖੂਨ ਨਿਕਲ ਰਿਹਾ ਸੀ। ਜਦੋਂ ਉਸ ਨੇ ਆਪਣੇ ਬੇਟੇ ਨੂੰ ਹਿਲਾ ਕੇ ਦੇਖਿਆ ਤਾਂ ਉਸ ਦੇ ਬੇਟੇ ਦੀ ਮੌਤ ਹੋ ਚੁੱਕੀ ਸੀ। ਹਰਚੰਦ ਸਿੰਘ ਕਾਫੀ ਘਬਰਾ ਗਿਆ ਸੀ ਤੇ ਜਲਦੀ ਨਾਲ ਘਰ ਵਾਪਸ ਆ ਗਿਆ ਤੇ ਘਰ ਵਿਚ ਆ ਕੇ ਆਪਣੇ ਬੇਟੇ ਹਰਦੀਪ ਸਿੰਘ ਨੂੰ ਸਾਰੀ ਗੱਲ ਦੱਸੀ ਤੇ ਦੋਵੇਂ ਜਾਣੇ ਕੁਲਦੀਪ ਸਿੰਘ ਉਰਫ ਲਾਡੀ ਦੀ ਲਾਸ਼ ਕੋਲ ਪੁੱਜੇ।ਉਹ ਆਪਣੇ ਬੇਟੇ ਹਰਦੀਪ ਸਿੰਘ ਨੂੰ ਆਪਣੇ ਲੜਕੇ ਕੁਲਦੀਪ ਸਿੰਘ ਉਰਫ ਲਾਡੀ ਦੀ ਲਾਸ਼ ਕੋਲ ਛੱਡ ਕੇ ਆਪਣੇ ਭਰਾ ਮੁਕੰਦ ਸਿੰਘ ਨੂੰ ਨਾਲ ਲੈ ਕੇ ਲੜਕੇ ਦਾ ਕਤਲ ਕਰਨ ਵਾਲੇ ਅਣਪਛਾਤੇ ਵਿਅਤਕੀਆਂ ਦੀ ਆਪਣੇ ਤੌਰ 'ਤੇ ਭਾਲ ਕਰਦਾ ਰਿਹਾ ਪਰ ਕੁਲਦੀਪ ਸਿੰਘ ਦਾ ਕਤਲ ਕਰਨ ਵਾਲੇ ਵਿਅਕਤੀਆਂ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ।ਘਟਨਾ ਸਬੰਧੀ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਧਰਮਕੋਟ ਵਿਖੇ ਦਰਜ ਕਰਵਾਇਆ ਗਿਆ। ਇਸ ਮੌਕੇ ਐੱਸ ਐੱਸ ਪੀ ਵਿਵੇਕਸ਼ੀਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਜੇ ਰਾਜ, ਪੀ ਪੀ ਐੱਸ ਕਪਤਾਨ ਪੁਲਸ (ਇੰਨਵੈ) ਮੋਗਾ ਦੀ ਹੁਕਮਾਂ ਤਹਿਤ ਹਰਿੰਦਰ ਸਿੰਘ ਡੋਡ, ਉਪ ਕਪਤਾਨ ਪੁਲਸ (ਇੰਨਵੈ) ਮੋਗਾ ਅਤੇ ਰਵਿੰਦਰ ਸਿੰਘ, ਉਪ ਕਪਤਾਨ ਪੁਲਸ ਧਰਮਕੋਟ ਦੀ ਅਗਵਾਈ ਹੇਠ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਇੰਸਪੈਕਟਰ ਦਲਜੀਤ ਸਿੰਘ ਇੰਚਾਰਜ ਸੀ ਆਈ ਏ ਸਟਾਫ ਮਹਿਣਾ ਅਤੇ ਇੰਸਪੈਕਟਰ ਨਵਦੀਪ ਸਿੰਘ ਭੱਟੀ ਮੁੱਖ ਅਫਸਰ ਥਾਣਾ ਧਰਮਕੋਟ ਵੱਲੋਂ ਵੱਖ-ਵੱਖ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਅਤੇ ਖੁਫੀਆ ਜਾਣਕਾਰੀ ਲਈ ਗਈ।ਤਫਤੀਸ਼ ਕਰਨ 'ਤੇ ਜਾਣਕਾਰੀ ਮਿਲੀ ਕਿ ਮ੍ਰਿਤਕ ਕੁਲਦੀਪ ਸਿੰਘ ਦਾ ਕਤਲ ਉਸ ਦੇ ਵੱਡੇ ਭਾਈ ਹਰਦੀਪ ਸਿੰਘ ਨੇ ਹੀ ਕੀਤਾ ਹੈ, ਜੋ ਉਸ ਦੀ ਜਾਇਦਾਦ ਲੈਣਾ ਚਹੁੰਦਾ ਸੀ।

ਮੁਲਜ਼ਮ ਨੂੰ ਤਫਤੀਸ਼ ਦੌਰਾਨ ਮ੍ਰਿਤਕ ਕੁਲਦੀਪ ਸਿੰਘ ਦੇ ਮਾਸੀ ਦੇ ਲੜਕੇ ਹਰਪਿੰਦਰ ਸਿੰਘ ਵਾਸੀ ਭਿੰਡਰ ਕਲਾਂ ਦੇ ਬਿਆਨਾਂ 'ਤੇ ਹਰਦੀਪ ਸਿੰਘ ਨੂੰ ਦੋਸ਼ੀ ਨਾਮਜ਼ਦ ਕੀਤਾ ਗਿਆ। ਮੁਲਜ਼ਮ ਵੱਲੋਂ ਜਿਸ ਹਥਿਆਰ ਨਾਲ ਆਪਣੇ ਭਾਈ ਦਾ ਕਤਲ ਕੀਤਾ ਗਿਆ ਸੀ, ਉਹ ਟੋਕਾ ਲੋਹਾ ਵੀ ਪੁਲਸ ਨੇ ਬਰਾਮਦ ਕਰ ਲਿਆ ਹੈ।

# ਅੰਗਹੀਣਾਂ ਨੇ ਵਿਧਾਇਕ ਵਿਜੈ ਸਿੰਗਲਾ ਨੂੰ ਸੌਂਪਿਆ ਯਾਦ ਪੱਤਰ



**ਮਾਨਸਾ (ਪਮਾਰ)**-ਅੰਗਹੀਣ ਵਰਗ ਦੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਨੂੰ ਸੁਲਝਾਉਣ ਲਈ ਫ਼ਿਜ਼ੀਕਲੀ ਹੈਂਡੀਕੈਪਡ ਐਸੋਸੀਏਸ਼ਨ ਵੱਲੋਂ ਬਾਲ ਭਵਨ ਵਿਖੇ ਵਿਧਾਇਕ ਵਿਜੇ ਸਿੰਗਲਾ ਨੂੰ ਯਾਦ ਪੱਤਰ ਸੌਂਪਿਆ ਗਿਆ।

ਆਗੂਆਂ ਨੇ ਦੱਸਿਆ ਕਿ ਅੰਗਹੀਣ ਵਰਗ ਲਈ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ, ਪੜ੍ਹੇ-ਲਿਖੇ ਅੰਗਹੀਣਾਂ ਨੂੰ ਯੋਗਤਾ ਅਨੁਸਾਰ ਸਰਕਾਰੀ ਨੌਕਰੀਆਂ, ਅੰਗਹੀਣ ਅਤੇ ਉਨ੍ਹਾਂ ਦੇ ਆਸ਼ਰਿਤ ਅਤੇ ਨਿਆਸ਼ਰਤਾਂ ਨੂੰ ਇਲਾਜ ਸਮੇਤ ਦਵਾਈਆਂ ਅਤੇ ਹਰ ਤਰ੍ਹਾਂ ਦੇ ਟੈੱਸਟ ਬਿਲਕੁਲ ਮੁਫ਼ਤ ਕਰਨ ਤੋਂ ਇਲਾਵਾ ਉਨ੍ਹਾਂ ਦੇ ਜੀਵਨ ਲਈ ਲੋੜੀਦੀਆਂ ਹੋਰ ਬੁਨਿਆਦੀ ਸਹੂਲਤਾਂ ਦੇਣ ਲਈ ਉਹ ਲੰਮੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ, ਜਿਸ ਦੇ ਅਧੀਨ ਉਨ੍ਹਾਂ ਵੱਲੋਂ ਵਿਧਾਇਕਾਂ ਨੂੰ ਦੋ ਵਾਰ ਮੰਗ ਪੱਤਰ ਵੀ ਦਿੱਤੇ ਗਏ ਸਨ, ਪਰ ਕਿਸੇ ਵੀ ਵਿਧਾਇਕ ਨੇ ਉਨ੍ਹਾਂ ਦੇ ਮਸਲਿਆਂ ਸਬੰਧੀ ਵਿਧਾਨ ਸਭਾ ਵਿੱਚ ਕੋਈ ਪੱਤਰ ਵਿਹਾਰ ਜਾਂ ਸਵਾਲ ਨਹੀਂ ਉਠਾਇਆ। ਇਸ ਕਾਰਨ ਅੰਗਹੀਣਾਂ ਵਿੱਚ ਰੋਸ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਦੇ ਲੀਡਰਾਂ ਵੱਲੋਂ ਅੱਜ ਤੱਕ ਉਨ੍ਹਾਂ ਦੀਆਂ ਸਮੱਸਿਆਵਾਂ ਸੁਲਝਾਉਣ ਲਈ ਪਹਿਲਕਦਮੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਹੁਣ ਯਾਦ ਪੱਤਰ ਦੇਣ ਦੇ ਨਾਲ ਉਨ੍ਹਾਂ ਨੂੰ ਸੁਚੇਤ ਵੀ ਕੀਤਾ ਜਾ ਰਿਹਾ ਹੈ ਕਿ ਜੇਕਰ ਉਨ੍ਹਾਂ ਵੱਲੋਂ ਹੁਣ ਵੀ ਅਮਲ ਨਾ ਕੀਤਾ ਗਿਆ ਤਾਂ ਉਨ੍ਹਾਂ ਦੇ ਘਰ ਅੱਗੇ ਮੋਰਚਾ ਲਾਇਆ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਰਕਾਰ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਦੀ ਬਜਾਏ ਮਸਲਿਆਂ ਨੂੰ ਲਮਕਾ ਰਹੀ ਹੈ, ਜਿਸ ਕਾਰਨ ਅੰਗਹੀਣਾਂ ਦੇ ਹਾਲਾਤ ਬਦਲ ਤੋਂ ਬਦਤਰ ਹੋ ਗਏ ਹਨ।

ਆਗੂਆਂ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਪੰਜਾਬ ਸਰਕਾਰ ਵੱਲੋਂ ਉਨ੍ਹਾਂ ਦੇ ਮਸਲਿਆਂ ਨੂੰ ਸੁਲਝਾਉਣ ਸਬੰਧੀ ਕਾਰਵਾਈ ਅਮਲ ਵਿੱਚ ਨਾ ਲਿਆਂਦੀ ਗਈ ਤਾਂ ਉਹ 23 ਦਸੰਬਰ ਨੂੰ ਇੱਕ ਭਰਵੀਂ ਮੀਟਿੰਗ ਕਰਕੇ ਪੰਜਾਬ ਸਰਕਾਰ ਖਿਲਾਫ਼ ਸਖਤ ਐਕਸ਼ਨ ਉਲੀਕਿਆ ਜਾਵੇਗਾ। ਮੀਟਿੰਗ ਦੌਰਾਨ ਰਣਵੀਰ ਕੌਰ ਨੂੰ ਲੇਡੀਜ਼ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ।

# ਵਿਦਿਆਰਥੀ ਖੁਦਕੁਸ਼ੀ ਮਾਮਲੇ 'ਚ ਸਕੂਲ ਪ੍ਰਿੰਸੀਪਲ ਤੇ ਦੋ ਅਧਿਆਪਕਾਂ 'ਤੇ ਕੇਸ ਦਰਜ

## ਪਤਲੀ ਡਾਬਰ ਦੇ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦਾ ਸੀ ਵਿਦਿਆਰਥੀ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਪਿੰਡ ਭਾਵਦੀਨ ਦੇ ਸਕੂਲ ਦੇ ਪ੍ਰਿੰਸੀਪਲ ਤੇ ਗਣਿਤ ਅਧਿਆਪਕ ਸਮੇਤ 3 ਵਿਅਕਤੀਆਂ ਖਿਲਾਫ਼ ਪੁਲਸ ਨੇ ਵਿਦਿਆਰਥੀ ਨੂੰ ਖੁਦਕੁਸ਼ੀ ਲਈ ਉਕਸਾਉਣ ਦਾ ਮਾਮਲਾ ਦਰਜ ਕਰ ਲਿਆ ਹੈ। ਮਾਮਲੇ ਵਿੱਚ ਵਿਦਿਆਰਥੀ ਨਵਦੀਪ ਸਿੰਘ ਦੇ ਹਰਿਆਣਾ ਪੁਲਿਸ ਵਿੱਚ ਕਾਂਸਟੇਬਲ ਪਿਤਾ ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਉਸਦਾ ਛੋਟਾ ਲੜਕਾ ਨਵਦੀਪ ਸਿੰਘ ਪਿੰਡ ਪਤਲੀ ਡਾਬਰ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਵਿੱਚ 10ਵੀਂ ਜਮਾਤ ਵਿੱਚ ਪੜ੍ਹਦਾ ਸੀ।ਬੀਤੇ ਦਿਨ ਉਸਦੀ ਪਤਨੀ ਦੇ ਮੋਬਾਈਲ 'ਤੇ ਸਕੂਲ ਤੋਂ ਸ਼ਿਕਾਇਤ ਮਿਲੀ ਸੀ ਕਿ ਵਿਦਿਆਰਥੀ ਸਕੂਲ ਚ ਸ਼ਰਾਰਤਾਂ ਕਰ ਰਿਹਾ ਹੈ।ਸਕੂਲ ਪ੍ਰਿੰਸੀਪਲ ਨੇ ਫੋਨ 'ਤੇ ਦੱਸਿਆ ਕਿ ਉਨ੍ਹਾਂ ਦਾ ਲੜਕਾ ਨਵਦੀਪ ਸਿੰਘ ਬਹੁਤ ਸ਼ਰਾਰਤਾਂ ਕਰਦਾ ਹੈ। ਇਸ ਤੋਂ ਬਾਅਦ ਨਵਦੀਪ ਨੇ ਅਗਲੇ ਦਿਨ ਸਕੂਲ ਜਾਣ ਤੋਂ ਇਨਕਾਰ ਕਰ ਦਿੱਤਾ।ਜਦੋਂ ਪਰਵਾਰ ਵਾਲਿਆਂ ਨੇ ਨਵਦੀਪ ਤੋਂ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਸਕੂਲ ਦੇ ਪ੍ਰਿੰਸੀਪਲ ਤੇ ਗਣਿਤ ਅਧਿਆਪਕ ਉਸ ਨੂੰ ਬਹੁਤ ਤੰਗ ਕਰਦੇ ਹਨ। ਬਲਵਿੰਦਰ ਸਿੰਘ ਦਾ ਕਹਿਣਾ ਹੈ ਕਿ ਨਵਦੀਪ ਆਪਣੀ ਮਾਂ ਦੇ ਕਹਿਣ 'ਤੇ ਸਕੂਲ ਗਿਆ ਸੀ।ਬਲਵਿੰਦਰ ਨੇ ਕਿਹਾ ਕਿ ਨਵਦੀਪ ਨੇ ਸਕੂਲ ਤੋਂ ਘਰ ਆ ਕੇ ਪੱਖੇ ਨਾਲ ਰੱਸੀ ਬੰਨ੍ਹ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਸੂਚਨਾ ਮਿਲਣ 'ਤੇ ਥਾਣਾ ਡਿੰਗ ਦੀ ਪੁਲਿਸ ਨੇ ਸਕੂਲ ਦੇ ਪ੍ਰਿੰਸੀਪਲ, ਮੈਥ ਟੀਚਰ ਅਤੇ ਇਕ ਹੋਰ ਮੈਡਮ ਦੇ ਖਿਲਾਫ ਆਈਪੀਸੀ ਦੀ ਧਾਰਾ 306 ਤਹਿਤ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ 'ਚ ਮਾਮਲਾ ਦਰਜ ਕਰ ਲਿਆ ਗਿਆ ਹੈ।

# ਬੰਦੀ ਸਿੰਘਾਂ ਦੀ ਤੁਰੰਤ ਰਿਹਾਈ ਸੰਬੰਧੀ ਸੌਂਪਿਆ ਮੰਗ ਪੱਤਰ



**ਧਰਮਕੋਟ (ਅਰੋੜਾ)**-ਬੰਦੀ ਸਿੰਘਾਂ ਦੀ ਰਿਹਾਈ ਲਈ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਤੋਂ 10 ਵਜੇ ਰਵਾਨਾ ਹੋ ਕੇ ਸਾਰੇ ਜਥੇ ਗੁਰਦੁਆਰਾ ਬੰਗਲਾ ਸਾਹਿਬ ਨਤਮਸਤਕ ਹੋਣ ਤੋਂ ਬਾਅਦ ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਜਸਬੀਰ ਸਿੰਘ ਰੋਡੇ ਜੀ ਨੇ ਅਰਦਾਸ ਕੀਤੀ। ਉਸ ਤੋਂ ਬਾਅਦ ਵੱਡੀ ਗਿਣਤੀ ਵਿੱਚ ਹਜ਼ਾਰਾਂ ਸੰਗਤਾਂ ਨੇ ਹੱਥਾਂ ਵਿੱਚ ਖਾਲਸਾਈ ਝੰਡਿਆਂ ਨਾਲ ਸੰਗਤਾਂ ਨੇ ਰੋਸ ਮਾਰਚ ਦੀ ਰਵਾਨਗੀ ਕੀਤੀ ਗਈ, ਜਿਸ ਵਿੱਚ ਸੂਬਾ ਪ੍ਰਧਾਨ ਬਲਵੰਤ ਸਿੰਘ ਬਹਿਰਾਮਕੇ, ਸੂਬਾ ਸਕੱਤਰ ਮਲਕੀਤ ਸਿੰਘ ਅਮੀਵਾਲਾ, ਗੁਰਮੇਲ ਸਿੰਘ ਗਿੱਲ ਸ਼ਹਿਰੀ ਪ੍ਰਧਾਨ ਧਰਮਕੋਟ, ਜਗੀਰ ਸਿੰਘ ਸਾਦੀਵਾਲਾ ਐਗਜਿਕਟਿਵ ਮੈਂਬਰ ਪੰਜਾਬ, ਤੋਤਾ ਸਿੰਘ ਬਹਿਰਾਮਕੇ ਐਗਜ਼ੈਕਟਿਵ ਮੈਂਬਰ ਪੰਜਾਬ, ਜਗਰੂਪ ਸਿੰਘ ਰੰਡਿਆਲਾ ਜ਼ਿਲ੍ਹਾ ਪ੍ਰਧਾਨ ਮੋਗਾ, ਬਲਵੀਰ ਸਿੰਘ ਮਾਨ, ਚਮਕੌਰ ਸਿੰਘ ਬੱਡੂਵਾਲਾ, ਆਦਿ ਬੀਕੇਯੂ ਬਹਿਰਾਮਕੇ ਜਥੇਬੰਦੀ ਦੇ ਸੈਂਕੜੇ ਕਿਸਾਨਾਂ ਤੇ ਵਰਕਰਾਂ ਨੇ ਸ਼ਮੂਲੀਅਤ ਕੀਤੀ।

ਇਸ ਦੌਰਾਨ ਰੋਸ ਮਾਰਚ ਕਰਦਿਆਂ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਿਛਲੇ ਲੰਮੇਂ ਸਮੇਂ ਤੋਂ ਸਿੱਖ ਬੰਦੀ ਸਿੰਘ ਵੱਖ-ਵੱਖ ਜੇਲ੍ਹਾਂ ਵਿੱਚ ਸਜ਼ਾਵਾਂ ਕੱਟਣ ਤੋਂ ਇਲਾਵਾ ਵੀ ਕਾਲ ਕੋਠੜੀਆਂ ਵਿੱਚ ਨਜ਼ਰਬੰਦ ਹਨ। ਹੁਣ ਤੱਕ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਸੈਂਕੜੇ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਸਿੰਘ ਸਾਹਿਬ ਵੱਲੋਂ 10 ਮੈਂਬਰੀ ਬਣਾਈ ਕਮੇਟੀ ਬਲਵੰਤ ਸਿੰਘ ਬਹਿਰਾਮਕੇ, ਬਲਵਿੰਦਰ ਸਿੰਘ ਪ੍ਰਧਾਨ ਲੋਕ ਅਧਿਕਾਰ, ਗੁਰਦੀਪ ਸਿੰਘ ਬਠਿੰਡਾ, ਕਿਰਪਾ ਸਿੰਘ ਨੱਥੂਵਾਲ, ਬਲਵਿੰਦਰ ਸਿੰਘ ਜਥੇਦਾਰ, ਤਰੁਣ ਕੁਮਾਰ, ਅੱਜ ਵੀ ਪ੍ਰਸਾਸਨ ਨਾਲ ਗੱਲਬਾਤ ਦੌਰਾਨ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਇੱਕ ਦੇਸ ਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਸਮੁੱਚੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਉਠਾਈ ਗਈ। ਪ੍ਰਸ਼ਾਸਨ ਨੇ ਪੂਰਨ ਭਰੋਸਾ ਦਿਵਾਇਆ ਕਿ ਇਹ ਮੰਗ ਪੱਤਰ ਵਿਸ਼ੇਸ਼ ਤੌਰ 'ਤੇ ਗ੍ਰਹਿ ਮੰਤਰੀ ਨੂੰ ਸੌਂਪ ਦਿੱਤਾ ਜਾਵੇਗਾ। ਇਸ ਤੋਂ ਉਪਰੰਤ ਰੋਸ ਮਾਰਚ ਦੀ ਸਮਾਪਤੀ ਕੀਤੀ ਗਈ।

# ਭਾਜਪਾ ਦੀ ਮੀਟਿੰਗ 'ਚ ਸੂਬੇ ਦੀਆਂ 13 ਸੀਟਾਂ 'ਤੇ ਜਿੱਤ ਦਾ ਕੀਤਾ ਦਾਅਵਾ

**ਬਾਘਾ ਪੁਰਾਣਾ (ਮਨੀ ਸਿਗਲਾ)**-ਭਾਜਪਾ ਦਫ਼ਤਰ ਬਾਘਾ ਪੁਰਾਣਾ ਮੰਡਲ ਪ੍ਰਧਾਨ ਦੀਪਕ ਤਲਵਾੜ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ, ਜਿਸ ਦਾ ਵਿਸ਼ਾ ਆਉਣ ਵਾਲੀਆਂ ਲੋਕ ਸਭਾ ਦੀਆਂ ਚੋਣਾਂ ਵਿੱਚ ਵੱਧ ਤੋਂ ਵੱਧ ਲੋਕਾਂ ਦਾ ਮਤਦਾਨ ਕਰਵਾਇਆ ਜਾਵੇ ਅਤੇ ਪੰਜਾਬ ਦੀਆਂ 13 ਦੀਆਂ 13 ਸੀਟਾਂ 'ਤੇ ਭਾਜਪਾ ਜਿੱਤ ਪ੍ਰਾਪਤ ਕਰ ਸਕੇ। ਇਸ ਸਬੰਧ ਵਿਚ ਭਾਜਪਾ ਦਫ਼ਤਰ ਵਿੱਚ ਜੀਵਨ ਗਰਗ ਇੰਚਾਰਜ ਹਲਕਾ ਫਰੀਦਕੋਟ, ਵਿਜੇ ਸ਼ਰਮਾ ਕਨਵੀਨਰ, ਗੁਰਵਿੰਦਰ ਸਿੰਘ ਬਬਲੂ ਕਨਵੀਨਰ, ਪ੍ਰਦੀਪ ਤਲਵਾੜ ਜ਼ਿਲ੍ਹਾ ਸੈਕਟਰੀ, ਰਾਮ ਤੀਰਥ ਗੁੰਬਰ ਜ਼ਿਲ੍ਹਾ ਟੀਮ ਮੈਂਬਰ, ਸੁਰਿੰਦਰ ਪਾਲ ਨੱਥਾ ਜ਼ਿਲ੍ਹਾ ਟੀਮ ਮੈਂਬਰ, ਗਗਨਦੀਪ ਲੂੰਬਾ ਯੁਵਾ ਮੋਰਚਾ ਪ੍ਰਧਾਨ, ਨਵਦੀਪ ਤਲਵਾੜ ਵਾਈਸ ਪ੍ਰਧਾਨ, ਅਜੇ ਗੁੰਬਰ ਵਾਈਸ ਪ੍ਰਧਾਨ, ਪੰਕਜ ਅਰੋੜਾ ਆਈ ਟੀ ਸੈੱਲ ਪ੍ਰਧਾਨ, ਰਾਜ ਹੰਸ ਜਰਨਲ ਸੈਕਟਰੀ, ਜਤਿਨ ਬੱਠਲਾਂ ਵਾਈਸ ਪ੍ਰਧਾਨ ਯੁਵਾ ਮੋਰਚਾ, ਸੁਖਦੇਵ ਸਿੰਘ ਪ੍ਰਧਾਨ ਐਸ. ਸੀ ਮੋਰਚਾ, ਲਖਵਿੰਦਰ ਕੈਂਥ ਓ.ਬੀ.ਸੀ ਮੋਰਚਾ ਪ੍ਰਧਾਨ, ਵਿਨੋਦ ਕੁਮਾਰ ਪ੍ਰਵਾਸੀ ਸੈੱਲ ਪ੍ਰਧਾਨ, ਮਮਤਾ ਸਿੰਗਲਾ ਮਹਿਲਾ ਮੋਰਚਾ ਪ੍ਰਧਾਨ, ਸੋਨੀਆ ਵਾਈਸ ਪ੍ਰਧਾਨ ਮਹਿਲਾ ਮੋਰਚਾ, ਸਵਰਨਜੀਤ ਕੌਰ ਮਹਿਲਾ ਦਿਹਾਤੀ ਮੋਰਚਾ ਪ੍ਰਧਾਨ, ਚਮਨ ਲਾਲ ਸਮਾਲਸਰ ਮੰਡਲ ਪ੍ਰਧਾਨ, ਬਿੱਟੂ ਆਦੀਵਾਲ ਮੰਡਲ ਪ੍ਰਧਾਨ ਭਲੂਰ ਹਾਜ਼ਰ ਰਹੇ ਅਤੇ ਆਉਣ ਵਾਲੀਆਂ ਚੋਣਾਂ ਵਿਚ ਪੂਰੀ ਤਾਕਤ ਨਾਲ ਭਾਜਪਾ ਵਰਕਰਾਂ ਦੇ ਸਹਿਯੋਗ ਨਾਲ ਵੱਧ ਚੜ੍ਹ ਕੇ ਹਿੱਸਾ ਲਵੇਗੀ ਅਤੇ ਤੇਰਾਂ ਦੀਆਂ ਤੇਰਾਂ ਸੀਟਾਂ 'ਤੇ ਜਿੱਤ ਹਾਸਲ ਕਰੇਗੀ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਸੰਪੰਨ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਆਯੋਜਤ ਸਾਲਾਨਾ ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਹਲਕਾ ਭੁੱਚੋ ਦੇ ਵਿਧਾਇਕ ਮਾ. ਜਗਸੀਰ ਸਿੰਘ ਨੇ ਸ਼ਿਰਕਤ ਕੀਤੀ।

ਉਨ੍ਹਾਂ ਨਾਲ ਵਿਸ਼ੇਸ਼ ਮਹਿਮਾਨ ਵਜੋਂ ਡਿਪਟੀ ਡੀ.ਈ.ਓ (ਸੈ.) ਇਕਬਾਲ ਸਿੰਘ ਬੁੱਟਰ, ਡਿਪਟੀ ਡੀ. ਈ. ਓ (ਐ.) ਮਹਿੰਦਰਪਾਲ ਸਿੰਘ, ਬਲਾਕ ਨੋਡਲ ਅਫਸਰ ਪ੍ਰਿੰਸੀਪਲ ਚਮਕੌਰ ਸਿੰਘ, ਪ੍ਰਿੰਸੀਪਲ ਜਸਵੀਰ ਸਿੰਘ ਅਤੇ ਪਿੰਡ ਦੇ ਜੰਮਪਲ ਡਾ. ਜਗਜੀਤ ਸਿੰਘ ਬਾਹੀਆ ਸ਼ਾਮਲ ਸਨ। ਪ੍ਰਿੰਸੀਪਲ ਨਵਨੀਤ ਕੁਮਾਰ ਵੱਲੋਂ ਮਹਿਮਾਨਾਂ ਨੂੰ 'ਜੀ ਆਇਆਂ ਨੂੰ' ਕਹਿਣ ਉਪਰੰਤ ਵਿਦਿਆਰਥੀਆਂ ਨੇ ਸ਼ਾਨਦਾਰ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਦਿਆਂ ਗੀਤ, ਗਿੱਧਾ, ਭੰਗੜਾ, ਹਰਿਆਣਵੀ ਡਾਂਸ ਤੇ ਝੂਮਰ ਆਦਿ ਵੱਖ-ਵੱਖ ਵੰਨਗੀਆਂ ਦੀ ਪੇਸ਼ਕਾਰੀ ਰਾਹੀਂ ਖੂਬ ਰੰਗ ਬੰਨ੍ਹਿਆ। ਮੁੱਖ ਮਹਿਮਾਨ ਸਮੇਤ ਹੋਰਨਾਂ ਬੁਲਾਰਿਆਂ ਨੇ ਬੱਚਿਆਂ ਨੂੰ ਚਰਿੱਤਰ ਨਿਰਮਾਣ, ਸਫ਼ਲਤਾ ਤੇ ਉੱਚ ਮੁਕਾਮ ਪ੍ਰਾਪਤ ਕਰਨ ਲਈ ਲਗਨ ਤੇ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਦੌਰਾਨ ਵਿੱਦਿਅਕ, ਸਹਿ ਵਿੱਦਿਅਕ, ਖੇਡਾਂ ਅਤੇ ਸੱਭਿਆਚਾਰਕ ਆਦਿ ਵਿੱਚ ਵਿਸ਼ੇਸ਼ ਪ੍ਰਾਪਤੀਆਂ ਵਾਲੇ ਵਿਦਿਆਰਥੀਆਂ ਸਮੇਤ ਦਾਨੀ ਸਖਸ਼ੀਅਤਾਂ ਨੂੰ ਵੀ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਨਵਨੀਤ ਕੁਮਾਰ ਨੇ ਸਕੂਲ ਦੀ ਸਲਾਨਾ ਰਿਪੋਰਟ ਪੜ੍ਹਦਿਆਂ ਸਾਰਿਆਂ ਦਾ ਧੰਨਵਾਦ ਕੀਤਾ। ਐਨ. ਐਸ. ਐਸ. ਦੇ ਪ੍ਰੋਗਰਾਮ ਅਫਸਰ ਜਗਮੋਹਨ ਸਿੰਘ ਨੇ ਐਨ. ਐਸ. ਐਸ. ਦੀ ਸਲਾਨਾ ਰਿਪੋਰਟ 'ਤੇ ਚਾਨਣਾ ਪਾਇਆ। ਸਟੇਜ ਸੰਚਾਲਕ ਦੀ ਜ਼ਿੰਮੇਵਾਰੀ ਵਿਲੱਖਣ ਅੰਦਾਜ਼ ਵਿੱਚ ਲੈਕਚਰਾਰ ਅੰਗਰੇਜ਼ੀ ਪਰਮਿੰਦਰ ਕੌਰ ਅਤੇ ਪੰਜਾਬੀ ਮਿਸਟ੍ਰੈਸ ਚਰਨਜੀਤ ਕੌਰ ਨੇ ਬਾਖੂਬੀ ਨਿਭਾਈ।

# ਲੋਕ ਅਦਾਲਤ 'ਚ 7683 ਕੇਸਾਂ ਦਾ ਰਜ਼ਾਮੰਦੀ ਨਾਲ ਨਿਪਟਾਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਕਾਰਜਕਾਰੀ ਚੇਅਰਮੈਨ, ਸ੍ਰੀ ਗੁਰਮੀਤ ਸਿੰਘ, ਸੰਧਾਵਾਲੀਆ, ਜੱਜ ਪੰਜਾਬ ਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਸੈਸ਼ਨ ਡਵੀਜ਼ਨ ਵਿੱਚ ਸ੍ਰੀ ਰਾਜ ਕੁਮਾਰ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਪ੍ਰਧਾਨਗੀ ਹੇਠ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ 07 ਬੈਂਚ ਸ੍ਰੀ ਮੁਕਤਸਰ ਸਾਹਿਬ ਵਿਖੇ ਅਤੇ ਮਲੋਟ ਵਿਖੇ 3 ਅਤੇ ਗਿੱਦੜਬਾਹਾ ਵਿਖੇ 2 ਬੈਂਚ ਲਾਏ ਗਏ। ਇਸ ਨੈਸ਼ਨਲ ਲੋਕ ਅਦਾਲਤ ਵਿੱਚ ਲੈਂਡ ਐਕੁਜ਼ੈਸ਼ਨ ਕੇਸ, ਮੋਟਰ ਐਕਸੀਡੈਂਟ, ਪਰਿਵਾਰਕ ਝਗੜੇ, ਟ੍ਰੈਫ਼ਿਕ ਚਲਾਨ, ਬੈਂਕ ਕੇਸ, ਬਿਜਲੀ ਚੋਰੀ ਦੇ ਕੇਸ, ਸਿਵਲ ਸੂਟ, 138 ਤੇ ਕੈਂਸਲੇਸ਼ਨ, ਐਫ.ਆਈ.ਆਰ ਆਦਿ ਕੇਸਾਂ ਦੀ ਸੁਣਵਾਈ ਕੀਤੀ ਗਈ, ਜਿਸ ਦੀ ਕ੍ਰਮਵਾਰ ਮਿਸ ਗਿਰੀਸ਼, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ, ਮਿਸ ਅਮੀਤਾ ਸਿੰਘ, ਪ੍ਰਿੰਸੀਪਲ ਜੱਜ ਫੈਮਿਲੀ ਕੋਰਟ, ਸ੍ਰੀ ਜਤਿੰਦਰਪਾਲ, ਸਿਵਲ ਜੱਜ (ਸੀਨੀ. ਡਵੀ.), ਰਾਜਪਾਲ ਰਾਵਲ, ਸੀ.ਜੇ.ਐਮ,, ਸ੍ਰੀ ਮਹੇਸ਼ ਕੁਮਾਰ, ਵਧੀਕ ਸਿਵਲ ਜੱਜ (ਸੀਨੀ ਡਵੀ), ਸ੍ਰੀ ਗੁਰਨਾਮ ਸਿੰਘ, ਚੇਅਰਮੈਨ ਪੀ. ਐਲ. ਏ., ਸ੍ਰੀ ਨੀਰਜ ਕੁਮਾਰ, ਵਧੀਕ ਸਿਵਲ ਜੱਜ ਸੀਨੀ. ਡਵੀ. ਮਲੋਟ, ਮਿਸ ਦਿਲਸ਼ਾਦ ਕੌਰ, ਜੇ.ਐਮ.ਆਈ.ਸੀ, ਸ੍ਰੀ ਕੰਵਲਜੀਤ ਸਿੰਘ, ਜੇ.ਐਮ.ਆਈ.ਸੀ, ਮਿਸ ਅਮਨਦੀਪ ਕੌਰ, ਵਧੀਕ ਸਿਵਲ ਜੱਜ ਸੀਨੀ.ਡਵੀ. ਗਿੱਦੜਬਾਹਾ, ਮਿਸ ਏਕਤਾ, ਜੇ.ਐਮ.ਆਈ.ਸੀ, ਗਿੱਦੜਬਾਹਾ ਆਦਿ ਬੈਂਚਾਂ ਵੱਲੋਂ ਧਿਰਾਂ ਦੀ ਸੁਣਵਾਈ ਕੀਤੀ ਗਈ। ਲੋਕ ਅਦਾਲਤ ਵਿੱਚ ਕੁੱਲ 8556 ਕੇਸ ਰੱਖੇ ਗਏ, ਜਿਨ੍ਹਾਂ ਵਿੱਚੋਂ ਕੁੱਲ 7683 ਕੇਸਾਂ ਦਾ ਨਿਪਟਾਰਾ ਕੀਤਾ ਗਿਆ।

# ਬੀ ਕੇ ਯੂ ਬੰਦੀ ਸਿੰਘਾਂ ਦੀ ਰਿਹਾਈ ਲਈ 20 ਨੂੰ ਦਿੱਲੀ ਮਾਰਚ 'ਚ ਸ਼ਾਮਲ ਹੋਵੇਗੀ : ਲੱਖੋਵਾਲ



**ਸਮਰਾਲਾ (ਸੁਰਜੀਤ ਸਿੰਘ)**

ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਪੰਜਾਬ ਦੀ ਮਹੀਨੇਵਾਰ ਮੀਟਿੰਗ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ, ਜਿਸ 'ਚ ਅਵਤਾਰ ਸਿੰਘ ਮੇਹਲੋਂ ਸਰਪ੍ਰਸਤ ਤੇ ਯੂਨੀਅਨ ਦੇ ਅਹੁਦੇਦਾਰ, ਅਗਜੈਕਟਿਵ ਮੈਂਬਰ ਤੇ ਸਾਰੇ ਜਿਲ੍ਹਾ ਪ੍ਰਧਾਨ ਸ਼ਾਮਲ ਹੋਏ ਮੀਟਿੰਗ 'ਚ ਕਿਸਾਨੀ ਮੁੱਦਿਆਂ ਤੇ ਵਿਚਾਰਾਂ ਕੀਤੀਆਂ ਗਈਆਂ।

ਮੀਟਿੰਗ ਦੀ ਜਾਣਕਾਰੀ ਪ੍ਰੈੱਸ ਨੂੰ ਦਿੰਦੇ ਹੋਏ ਹਰਿੰਦਰ ਸਿੰਘ ਲੱਖੋਵਾਲ ਪ੍ਰਧਾਨ ਪੰਜਾਬ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਜੋ ਕਿ ਬੇਅੰਤ ਸਿੰਘ ਕਤਲਕਾਂਡ ਵਿੱਚ ਜੇਲ੍ਹ ਅੰਦਰ ਬੰਦ ਆਪਣੀ ਸਜ਼ਾ ਭੁਗਤ ਰਿਹਾ ਹੈ ਇਸ ਕੇਸ ਦੇ ਸੰਬੰਧ 'ਚ ਸ਼੍ਰੋਮਣੀ ਕਮੇਟੀ ਨੇ ਰਹਿਮ ਦੀ ਅਪੀਲ ਰਾਸ਼ਟਰਪਤੀ ਨੂੰ ਭੇਜੀ ਸੀ ਤੇ ਅੱਗਿਓਂ ਰਾਸ਼ਟਰਪਤੀ ਨੇ ਇਹ ਅਪੀਲ ਕੇਂਦਰ ਸਰਕਾਰ ਨੂੰ ਭੇਜ ਦਿੱਤੀ ਸੀ ਜੋ ਕਿ ਅਜੇ ਤੱਕ ਵੀ ਵਿਚਾਰ ਅਧੀਨ ਚੱਲ ਰਹੀ ਹੈ। ਇਸ ਸੰਬੰਧ 'ਚ ਬੰਦੀ ਸਿੰਘਾਂ ਦੇ ਕੇਸਾਂ ਉੱਪਰ ਨਰਮੀ ਨਾਲ ਵਿਚਾਰ ਕਰਕੇ ਸਾਰੇ ਸਿੰਘਾਂ ਨੂੰ ਜਲਦ ਰਿਹਾਅ ਕੀਤਾ ਜਾਵੇ ਤੇ 20 ਦਸੰਬਰ ਨੂੰ ਸ੍ਰੋਮਣੀ ਕਮੇਟੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਰਾਸ਼ਟਰਪਤੀ ਨੂੰ ਮੰਗ ਪੱਤਰ ਦੇਣ ਲਈ ਦਿੱਲੀ 'ਚ ਮਾਰਚ ਰੱਖਿਆ ਹੈ ਉਸ 'ਚ ਬੀਕੇਯੂ ਲੱਖੋਵਾਲ ਭਾਰੀ ਜਥੇ ਸਮੇਤ ਸ਼ਾਮਲ ਹੋਵੇਗੀ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਰਮਿੰਦਰ ਸਿੰਘ ਪਾਲਮਾਜਰਾ ਅਤੇ ਹਰਮਿੰਦਰ ਸਿੰਘ ਖਹਿਰਾ ਨੇ ਕਿਹਾ ਕਿ ਪੰਜਾਬ ਵਿੱਚ ਇਸ ਸਮੇਂ ਯੂਰੀਆ ਖਾਦ ਦੀ ਭਾਰੀ ਮੰਗ ਹੈ ਕਣਕ ਸਮੇਤ ਸਾਰੀਆਂ ਫਸਲਾਂ ਲਈ ਯੂਰੀਆ ਖਾਦ ਦੀ ਲੋੜ ਪੈਂਦੀ ਹੈ, ਪਰ ਇਸ ਸਮੇਂ ਯੂਰੀਏ ਦੀ ਭਾਰੀ ਕਮੀ ਹੈ ਪ੍ਰਾਈਵੇਟ ਦੁਕਾਨਦਾਰ ਜੋ ਕਿ ਯੂਰੀਏ ਦੇ ਨਾਲ ਨਾਲ ਹੋਰ ਵਸਤਾਂ ਧੱਕੇ ਨਾਲ ਕਿਸਾਨਾਂ ਨੂੰ ਦੇ ਰਹੀਆਂ ਹਨ ਸਰਕਾਰ ਇਸ ਵੱਲ ਤੁਰੰਤ ਧਿਆਨ ਦੇਵੇ ਤੇ ਕਿਸਾਨਾਂ ਨੂੰ ਯੂਰੀਆ ਵਾਅਜਬ ਰੇਟ ਤੇ ਮੁਹੱਈਆ ਕਰਵਾਏ ਤੇ ਜੋ ਦੁਕਾਨਦਾਰ ਯੂਰੀਏ ਦੀ ਕਾਲਾਬਜ਼ਾਰੀ ਕਰ ਰਹੇ ਨੇ ਉਨ੍ਹਾਂ ਖਿਲਾਫ਼ ਤੁਰੰਤ ਐਕਸ਼ਨ ਲੈ ਕੇ ਕੇਸ ਦਰਜ਼ ਕੀਤੇ ਜਾਣ ਤੇ ਕਿਸਾਨਾਂ ਲਈ ਵੱਧ ਤੋਂ ਵੱਧ ਯੂਰੀਆ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਵੇ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਸਰੂਪ ਸਿੰਘ ਰਾਮਾ ਤੇ ਨਿਰਮਲ ਸਿੰਘ ਝੰਡੂਕੇ ਨੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਯੁਧਵੀਰ ਸਿੰਘ ਨੂੰ ਦਿੱਲੀ ਏਅਰਪੋਰਟ ਤੇ ਸਰਕਾਰ ਦੇ ਇਸ਼ਾਰੇ 'ਤੇ ਰੋਕਣ ਦੀ ਯੂਨੀਅਨ ਘੋਰ ਨਿੰਦਾ ਕਰਦੀ ਹੈ। ਪੰਜਾਬ ਸਰਕਾਰ ਵੱਲੋਂ ਝੋਨੇ ਦੀ ਪਰਾਲੀ ਨੂੰ ਅੱਗਾਂ ਲਾਉਣ ਦੇ ਮਾਮਲਿਆਂ 'ਚ ਕਿਸਾਨਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ ਜੋ ਕਿ ਕਿਸਾਨਾਂ ਨਾਲ ਧੱਕਾ ਹੈ ਕਿਉਂਕਿ ਸਰਕਾਰ ਵੱਲੋਂ ਸਮੇਂ ਸਿਰ ਮਸ਼ਿਨਰੀ ਕਿਸਾਨਾਂ ਤੱਕ ਪਹੁੰਚਾਈ ਨਹੀਂ ਗਈ ਤੇ ਕਿਸਾਨਾਂ ਨੂੰ ਮਜ਼ਬੂਰੀ ਵੱਸ ਪਰਾਲੀ ਨੂੰ ਅੱਗ ਲਾਉਣੀ ਪਈ। ਉਨ੍ਹਾ ਕਿਹਾ ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਮਜ਼ਬੂਰੀ ਵੱਸ ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਦੇ ਪਰਚੇ ਤੁਰੰਤ ਰੱਦ ਕੀਤੇ ਜਾਣ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਗੁਰਵਿੰਦਰ ਸਿੰਘ ਕੂੰਮ ਕਲਾਂ ਤੇ ਸੂਰਤ ਸਿੰਘ ਕਾਦਰਵਾਲਾ ਨੇ ਕਿਹਾ ਕਿ ਦਿਵਾਲੀ ਵਾਲੇ ਦਿਨ ਤੋਂ ਬਾਅਦ ਜਿਨ੍ਹਾਂ ਵੀ ਅਨਾਜ਼ ਮੰਡੀਆਂ ਵਿੱਚ ਝੋਨੇ ਦੀ ਖਰੀਦ ਹੋਈ ਸੀ ਉਨ੍ਹਾਂ ਦੇ ਪੈਸੇ ਅਜੇ ਤੱਕ ਵੀ ਕਿਸਾਨਾਂ ਨੂੰ ਨਹੀਂ ਮਿਲੇ ਉਹ ਤੁਰੰਤ ਕਿਸਾਨਾਂ ਦੇ ਖਾਤਿਆਂ ਵਿੱਚ ਪਾਈ ਜਾਵੇ। ਮੀਟਿੰਗ ਵਿੱਚ ਮਨਵੀਰ ਕੌਰ ਰਾਹੀ ਅਹੁਦੇਦਾਰ ਪੰਜਾਬ ਗੁਰਪ੍ਰੀਤ ਸਿੰਘ ਸਾਹਾਬਾਣਾ, ਜਸਵੀਰ ਸਿੰਘ ਖੇੜੀਰਾਜੂ, ਮਨਜੀਤ ਸਿੰਘ ਢੀਡਸਾ, ਭੁਪਿੰਦਰ ਸਿੰਘ ਦੌਲਤਪੁਰ, ਦਲਜੀਤ ਸਿੰਘ ਚਲਾਕੀ, ਦਵਿੰਦਰ ਸਿੰਘ ਦੇਹਕਲਾਂ, ਦਾਰਾ ਸਿੰਘ ਮਾਈਸਰਖਾਨਾ, ਹਰਭਜਨ ਸਿੰਘ ਤਾਰਾਗੜ੍ਹ, ਜੋਗਿੰਦਰ ਸਿੰਘ ਢਿੱਲੋਂ, ਦਾਰਾ ਸਿੰਘ ਮਾਈਸਰਖਾਨਾ, ਸਾਰੇ ਜਿਲ੍ਹਾ ਪ੍ਰਧਾਨ ਜਤਿੰਦਰਪਾਲ ਸਿੰਘ ਖੋਖਰ, ਪਮਨਦੀਪ ਸਿੰਘ ਮੇਹਲੋਂ, ਹਰਿੰਦਰ ਸਿੰਘ ਮਾਗਟ, ਅਜੈਬ ਸਿੰਘ, ਬਲਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸਰਬਜੀਤ ਸਿੰਘ, ਜਸਪਾਲ ਸਿੰਘ ਨਿਆਮੀਆਂ, ਕਾਕਾ ਸਿੰਘ, ਦਰਸ਼ਨ ਸਿੰਘ, ਭੁਪਿੰਦਰ ਸਿੰਘ, ਕਰਨੈਲ ਸਿੰਘ, ਗੁਰਸੇਵਕ ਸਿੰਘ, ਦਲਜੀਤ ਸਿੰਘ, ਰੁਪਿੰਦਰ ਸਿੰਘ, ਲਹਿਣਾ ਸਿੰਘ, ਸਤਵੰਤ ਸਿੰਘ, ਬੂਟਾ ਸਿੰਘ, ਮਲਕੀਤ ਸਿੰਘ, ਸੁਖਦੀਪ ਸਿੰਘ, ਸ਼ਿੰਗਾਰਾ ਸਿੰਘ, ਹਰਜਿੰਦਰ ਸਿੰਘ, ਦਵਿੰਦਰ ਸਿੰਘ ਆਦਿ ਹਾਜ਼ਰ ਸਨ।

# ਦੋ ਰੋਜ਼ਾ ਜ਼ਿਲ੍ਹਾ ਪੱਧਰੀ ਯੁਵਕ ਮੇਲਾ ਸ਼ਾਨੋ-ਸ਼ੌਕਤ ਨਾਲ ਸਮਾਪਤ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਬਾਵਾ ਨਿਹਾਲ ਸਿੰਘ ਬੀ.ਐਡ ਕਾਲਜ ਵਿਖੇ ਜ਼ਿਲ੍ਹਾ ਪ੍ਰਸ਼ਾਸ਼ਨ ਤੇ ਯੁਵਕ ਸੇਵਾਵਾਂ ਵਿਭਾਗ ਵੱਲੋਂ ਆਯੋਜਨ ਦੋ ਰੋਜ਼ਾ ਜ਼ਿਲ੍ਹਾ ਪੱਧਰੀ ਯੁਵਕ ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ। ਮੇਲੇ ਦੀ ਪਹਿਲੇ ਦਿਨ ਦੀ ਸ਼ੁਰੂਆਤ ਤੇ ਬਤੌਰ ਮੁੱਖ ਮਹਿਮਾਨ ਵਜੋਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਰੂਹੀ ਦੁੱਗ (ਆਈ.ਏ.ਐਸ) ਪੁੱਜੇ। ਦੂਜੇ ਤੇ ਆਖਰੀ ਦਿਨ ਬਤੌਰ ਮੁੱਖ ਮਹਿਮਾਨ ਵਜੋਂ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਪੁੱਜੇ। ਇਸ ਮੌਕੇ ਸਹਾਇਕ ਡਾਇਰੈਕਟਰ ਰਘਬੀਰ ਸਿੰਘ ਮਾਨ ਨੇ ਸਾਰਿਆਂ ਨੂੰ ਜੀ ਆਇਆਂ ਆਖਿਆ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਕੈਬਨਟ ਮੰਤਰੀ (ਪੰਜਾਬ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ) ਦੀ ਅਗਵਾਈ ਹੇਠ ਪੂਰੇ ਸੂਬੇ ਦੇ ਜ਼ਿਲ੍ਹਿਆਂ ਵਿੱਚ ਅਜਿਹੇ ਜ਼ਿਲ੍ਹਾ ਪੱਧਰੀ ਯੁਵਕ ਮੇਲੇ ਕਰਾਏ ਜਾ ਰਹੇ ਹਨ। ਡਾਇਰੈਕਟਰ ਹਰਪ੍ਰੀਤ ਸਿੰਘ ਸੂਦਨ ਦੀ ਨਜ਼ਰਸਾਨੀ ਹੇਠ ਹੋਏ ਇਸ ਜ਼ਿਲ੍ਹਾ ਪੱਧਰੀ ਯੁਵਕ ਮੇਲੇ ਵਿੱਚ ਨੌਜਵਾਨ ਲੜਕੇ-ਲੜਕੀਆਂ ਨੇ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਪੇਸ਼ਕਾਰੀਆਂ ਕੀਤੀਆਂ ਤੇ ਸਾਰੇ ਪ੍ਰਤੀਯੋਗੀਆਂ ਨੂੰ ਵਿਭਾਗ ਦੁਆਰਾ ਸਰਟੀਫਿਕੇਟ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਰਾਏ ਗਏ ਲੋਕ ਗੀਤ ਮੁਕਾਬਲੇ ਵਿੱਚ ਪਹਿਲਾ ਸਥਾਨ ਸਿਕੰਦਰ ਸਿੰਘ, ਦੂਜਾ ਸੋਨਮ ਤੇ ਤੀਜਾ ਸਥਾਨ ਜਾਨਵੀ ਸੇਠੀ ਨੇ, ਜਦਕਿ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਲੋਟ ਦੀ ਟੀਮ ਨੇ ਲੁੱਡੀ ਵਿੱਚ ਪਹਿਲਾ ਸਥਾਨ, ਗਿੱਧੇ ਵਿੱਚ ਪਹਿਲਾ ਸਥਾਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸ੍ਰੀ ਮੁਕਤਸਰ ਸਾਹਿਬ, ਦੂਜਾ ਸਥਾਨ ਮੁਕਤਸਰ ਇਸਟੀਚਿਊਸ਼ਨ ਆਫ਼ ਐਜੂਕੇਸ਼ਨ ਤੇ ਤੀਜਾ ਸਥਾਨ ਡੀ.ਏ.ਵੀ ਸਕੂਲ ਸ੍ਰੀ ਮੁਕਤਸਰ ਸਾਹਿਬ ਨੇ ਪ੍ਰਾਪਤ ਕੀਤਾ। ਲੰਬੀ ਹੇਕ ਮੁਕਾਬਲਿਆਂ ਵਿੱਚ ਪਹਿਲੇ ਨੰਬਰ 'ਤੇ ਨਿਸ਼ਾਨ ਅਕੈਡਮੀ ਮਲੋਟ, ਦੂਜੇ ਨੰਬਰ 'ਤੇ ਖਾਲਸਾ ਕਾਲਜ ਆਫ਼ ਐਜੂਕੇਸ਼ਨ ਸ੍ਰੀ ਮੁਕਤਸਰ ਸਾਹਿਬ ਤੇ ਤੀਜੇ ਨੰਬਰ 'ਤੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰਿਹਾ। ਮੇਲੇ ਵਿੱਚ ਜੱਜਾਂ ਦੀ ਭੂਮਿਕਾ ਸੁਖਪਾਲ ਪਾਲੀ, ਮੈਡਮ ਕੋਸ਼ਿਕਾ ਜੈਨ, ਮੈਡਮ ਕਰਮਜੀਤ ਕੌਰ ਧਾਲੀਵਾਲ, ਮਾਸਟਰ ਬਲਜੀਤ ਸਿੰਘ ਅਕਲੀਆਂ, ਗੁਰਨਾਮ ਗਾਮਾ ਤੇ ਸਟੇਜ ਸੈਕਟਰੀ ਵਜੋਂ ਹਰਜਿੰਦਰ ਸਿੰਘ ਕੋਟਲੀ, ਅਮਰਿੰਦਰ ਸਿੰਘ ਤੇ ਪ੍ਰੋ. ਜਸਕਰਨ ਸਿੰਘ ਭਾਗਸਰ ਨੇ ਬਾਖੂਬੀ ਨਿਭਾਈ।

page-6-11-Dec.-2023-(SM).qxd 12/10/2023 10:51 PM Page 1



# ਪਾਕਿਸਤਾਨ ਦੀ ਮਾਰਿਆ ਬੀਬੀ ਨੇ ਕੀਤੀ ਭਾਰਤ ਸਰਕਾਰ ਨੂੰ ਵੀਜ਼ਾ ਦੇਣ ਦੀ ਮੰਗ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਰਾਚੀ (ਪਾਕਿਸਤਾਨ) ਦੀ ਜਾਵੇਰਿਆ ਦੇ ਭਾਰਤ ਪਹੁੰਚਣ ਤੋਂ ਬਾਅਦ ਹੁਣ ਇੱਕ ਹੋਰ ਪਾਕਿਸਤਾਨੀ ਮੰਗੇਤਰ ਸ਼ੇਖ਼ੂਪੁਰਾ ਦੀ ਰਹਿਣ ਵਾਲੀ ਮਾਰਿਆ ਬੀਬੀ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਸ ਦਾ ਵਿਆਹ ਕਾਦੀਆਂ ਦੇ ਨੇੜੇ ਸਥਿਤ ਪਿੰਡ ਸਠਿਆਲੀ ਡਾਕਖ਼ਾਨਾ ਨੈਨੋ ਕੋਟ ਜ਼ਿਲ੍ਹਾ ਗੁਰਦਾਸਪੁਰ ਦੇ ਰਹਿਣ ਵਾਲੇ ਸੋਨੂੰ ਮਸੀਹ ਪੁੱਤਰ ਬਲਦੇਵ ਮਸੀਹ ਨਾਲ ਹੋਣਾ ਤੈਅ ਹੈ। ਉਹ ਫ਼ੇਸਬੁਕ ਰਾਹੀਂ ਸੋਨੂੰ ਦੇ ਸੰਪਰਕ ਵਿੱਚ ਚਾਰ ਸਾਲ ਪਹਿਲਾਂ ਆਈ ਸੀ। ਮਾਪਿਆਂ ਦੀ ਸਹਿਮਤੀ ਤੋਂ ਬਾਅਦ ਉਨ੍ਹਾਂ ਵਿਆਹ ਕਰਨ ਦਾ ਫ਼ੈਸਲਾ ਲਿਆ। ਮਾਰਿਆ ਬੀਬੀ ਦੇ ਮੰਗੇਤਰ ਸੋਨੂੰ ਮਸੀਹ ਨੇ ਦੱਸਿਆ ਕਿ ਉਹ ਪਹਿਲੀ ਵਾਰ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਆਪਣੇ ਮਾਪਿਆਂ ਨਾਲ ਆ ਕੇ ਮਿਲਿਆ ਜਿੱਥੇ ਰਿਸ਼ਤਾ ਤੈਅ ਹੋਣ ਤੋਂ ਬਾਅਦ ਮਾਰਿਆ ਦੇ ਵੀਜ਼ੇ ਲਈ ਕਾਗ਼ਜ਼ਾਤ ਬਣਵਾਉਣ ਲਈ ਨੱਠ ਭੱਜ ਕਰਦਾ ਰਿਹਾ। ਮੰਗੇਤਰ ਨੂੰ ਬੁਲਵਾਉਣ ਲਈ ਸੋਨੂੰ ਮਸੀਹ ਨੇ ਸਪਾਂਸਰਸ਼ਿਪ ਸਰਟੀਫ਼ਿਕੇਟ ਤਸਦੀਕ ਕਰ ਕੇ ਪਾਕਿਸਤਾਨ ਭੇਜਣਾ ਸੀ। ਉਸ ਦੀ ਤਸਦੀਕ ਕਰਨ ਲਈ ਤੇ ਕੋਈ ਵੀ ਗਜ਼ਟਿਡ ਆਫੀਸਰ ਤਿਆਰ ਨਹੀਂ ਸੀ।

ਗ੍ਰਹਿ ਮੰਤਰਾਲੇ ਦੇ ਨਿਯਮਾਂ ਮੁਤਾਬਿਕ ਭਾਰਤ ਦੇ ਕਿਸੇ ਵੀ ਵਿਅਕਤੀ ਨੇ ਜੇ ਪਾਕਿਸਤਾਨ ਤੋਂ ਕਿਸੇ ਨੂੰ ਬੁਲਾਉਣਾ ਹੈ ਤਾਂ ਗਜ਼ਟਿਡ ਆਫੀਸਰ ਹੀ ਭਾਰਤੀ ਵਿਅਕਤੀ ਦੀ ਤਸਦੀਕ ਦੇ ਨਾਲ ਨਾਲ ਆਪਣਾ ਸਰਕਾਰੀ ਆਈ ਡੀ ਕਾਰਡ ਵੀ ਸਪਾਂਸਰ ਕਰਨ ਵਾਲੇ ਭਾਰਤੀ ਨੂੰ ਵੀਜ਼ਾ ਫ਼ਾਈਲ ਵਿੱਚ ਨੱਥੀ ਕਰਨਾ ਜ਼ਰੂਰੀ ਹੈ। ਨੋਟਰਾਈਜ਼ਡ ਸਪਾਂਸਰਸ਼ਿਪ ਨੂੰ ਭਾਰਤ ਸਰਕਾਰ ਮਨਜ਼ੂਰ ਨਹੀਂ ਕਰਦੀ। ਸੋਨੂੰ ਮਸੀਹ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਆਗੂ ਜਗਰੂਪ ਸਿੰਘ ਸੇਖਵਾਂ ਨੇ ਉਸ ਦੀ ਇਸ ਮਾਮਲੇ ਵਿੱਚ ਮਦਦ ਕੀਤੀ। ਬੀਡੀਪੀਓ ਕਾਹਨੂੰਵਾਨ ਕੁਲਵੰਤ ਸਿੰਘ ਨੇ ਸੋਨੂੰ ਮਸੀਹ ਦੀ ਸਪਾਂਸਰਸ਼ਿਪ ਤਸਦੀਕ ਕਰ ਕੇ ਆਈ ਕਾਰਡ ਦੀ ਫ਼ੋਟੋ ਕਾਪੀ ਵੀ ਦੇ ਦਿੱਤੀ। ਉਸ ਦਾ ਸਪਾਂਸਰਸ਼ਿਪ ਸਰਟੀਫ਼ਿਕੇਟ ਤਿਆਰ ਹੋਣ ਤੇ ਉਹ ਦੁਬਾਰਾ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਗਿਆ। ਜਿੱਥੇ ਆਪਣੀ ਮੰਗੇਤਰ ਨਾਲ ਮੁਲਾਕਾਤ ਕੀਤੀ।

ਉਸ ਨੇ ਦੱਸਿਆ ਕਿ ਕਈ ਵਾਰੀ ਉਸ ਦੀ ਮੰਗੇਤਰ ਮਾਰਿਆ ਬੀਬੀ ਆਪਣੇ ਭਾਰਤੀ ਵੀਜ਼ਾ ਫ਼ਾਰਮ ਜਮ੍ਹਾ ਕਰਵਾਉਣ ਲਈ ਵੀਜ਼ਾਟਰੋਨਿਕਸ ਸੈਂਟਰ ਲਾਹੌਰ ਗਈ ਪਰ ਕੋਈ ਨਾ ਕੋਈ ਕਮੀ ਕੱਢ ਕੇ ਉਸ ਦੀ ਫ਼ਾਈਲ ਹੀ ਜਮ੍ਹਾ ਨਹੀਂ ਹੋ ਰਹੀ। ਸੋਨੂੰ ਮਸੀਹ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਸ ਦੀ ਮੰਗੇਤਰ ਨੂੰ ਭਾਰਤ ਦਾ ਵੀਜ਼ਾ ਦਿੱਤਾ ਜਾਵੇ।

# ਢੀਂਗੜਾ ਪਰਵਾਰ ਨੂੰ ਸਦਮਾ, ਜਗਦੀਸ਼ ਢੀਂਗੜਾ ਦਾ ਦੇਹਾਂਤ



ਸਮਾਣਾ ( ਗੁਰਪਿਆਰ ਸਿੰਘ ਬੱਲ) : ਇਲਾਕੇ ਦੀ ਮਾਣਮੱਤੀ ਸ਼ਖ਼ਸੀਅਤ ਅਤੇ ਅਰੋੜਾ ਬਿਰਾਦਰੀ ਦੇ ਪ੍ਰਧਾਨ ਹੈਪੀ ਢੀਂਗੜਾ ਦੇ ਤਾਇਆ ਅਤੇ ਪ੍ਰਵੇਸ਼ ਢੀਂਗੜਾ ਤੇ ਬ੍ਰਿਜ ਭੂਸ਼ਣ ਢੀਂਗੜਾ ਦੇ ਪਿਤਾ ਜਗਦੀਸ਼ ਰਾਏ ਢੀਂਗੜਾ ਦੇ ਬੀਤੀ ਕੱਲ੍ਹ ਅਚਨਚੇਤ ਹੋਏ ਦੇਹਾਂਤ ਕਾਰਨ ਉਨ੍ਹਾਂ ਨੂੰ ਅਤੇ ਸਮੂਹ ਢੀਂਗੜਾ ਪਰਵਾਰ ਨੂੰ ਗਹਿਰਾ ਸਦਮਾ ਲੱਗਾ ਹੈ। ਇਸ ਦੁੱਖ ਦੀ ਘੜੀ ਵਿੱਚ ਕੈਬਨਿਟ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਅਗਰਵਾਲ ਧਰਮਸ਼ਾਲਾ ਪ੍ਰਧਾਨ ਮਦਨ ਮਿੱਤਲ, ਗਿਆਨ ਚੰਦ ਕਟਾਰੀਆ, ਹਰਜਿੰਦਰ ਸਿੰਘ ਮਿੰਟੂ ਜੌੜਾਮਾਜਰਾ, ਬੀ ਕੇ ਗੁਪਤਾ ਮੀਨਾ, ਜਥੇਦਾਰ ਕੁਲਦੀਪ ਸਿੰਘ ਨੱਸੂਪੁਰ, ਅਮਰਜੀਤ ਸਿੰਘ ਪੰਜਰਥ, ਸੁਰਜੀਤ ਸਿੰਘ ਦਈਆ, ਪ੍ਰਵੀਨ ਸ਼ਰਮਾ, ਪਵਨ ਸ਼ਾਸਤਰੀ, ਨਿਸ਼ਾਨ ਸੰਧੂ, ਰਾਣਾ ਸੇਖੋਂ, ਸੰਦੀਪ ਲੂੰਬਾ, ਸੰਜੇ ਮੰਤਰੀ, ਦਵਿੰਦਰ ਜੈ ਸਿੰਘ, ਸੰਜੀਵ ਕੌਸ਼ਿਕ, ਮਹਿੰਦਰਪਾਲ ਕਾਲੜਾ, ਵਿਜੇ ਜੌਹਰੀ ਅਤੇ ਵਿਜੇ ਪਾਹਵਾ ਆਦਿ ਸਮੇਤ ਵੱਡੀ ਗਿਣਤੀ ਵਿਚ ਰਾਜਨੀਤਿਕ ਅਤੇ ਸਮਾਜਿਕ ਆਗੂਆਂ ਨੇ ਢੀਂਗੜਾ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ।

# ਸੰਤ ਨਿਰੰਕਾਰੀ ਵੱਲੋਂ ਪੋਲੀਓ ਬੂੰਦਾਂ ਪਿਆਉਣ ਲਈ ਦਿੱਤਾ ਸਹਿਯੋਗ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)** ਭਾਰਤ ਸਰਕਾਰ ਵੱਲੋਂ ਪੋਲੀਓ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਵੱਡੀ ਮੁਹਿੰਮ ਤਹਿਤ ਐਸ ਐਮ ਓ ਸਮਾਣਾ ਡਾਕਟਰ ਮਨਜੀਤ ਕੌਰ ਅਤੇ ਨੋਡਲ ਅਫਸਰ ਡਾਕਟਰ ਦੀਪਕ ਮੌਂਗਾਂ ਦੀ ਅਗਵਾਈ ਹੇਠ 29 ਪੋਲੀਓ ਬੂਥ ਲਗਾਏ ਗਏ ਜਿਨ੍ਹਾਂ ਵਿੱਚੋਂ ਇੱਕ ਪੋਲੀਓ ਬੂਥ ਸੰਤ ਨਿਰੰਕਾਰੀ ਸਤਿਸੰਗ ਭਵਨ ਸਮਾਣਾ ਵਿਖੇ ਲਗਾਇਆ ਗਿਆ ਜਿੱਥੇ ਸਿਵਲ ਹਸਪਤਾਲ ਦੇ ਅਟੈਂਡਟ ਰਕੇਸ਼ ਕੁਮਾਰ ਦੀ ਅਗਵਾਈ ਹੇਠ ਬੱਚਿਆਂ ਨੂੰ ਪੋਲੀਓ ਬੂੰਦਾਂ ਪਿਆਈਆਂ ਗਈਆਂ।

ਇਸ ਮੌਕੇ ਸੰਤ ਨਿਰੰਕਾਰੀ ਮਿਸ਼ਨ ਸਮਾਣਾ ਬ੍ਰਾਚ ਦੇ ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ ਸੇਵਾਦਲ ਅਧਿਕਾਰੀ ਰਾਮ ਲਾਲ , ਅਮਰਪ੍ਰੀਤ ਸਿੰਘ ਨਾਭਾ ਹਾਜ਼ਰ ਸਨ। ਡਾਕਟਰ ਦੀਪਕ ਮੌਂਗਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਮਾਣਾ ਵਿੱਚ 29 ਪੋਲੀਓ ਬੂਥ ਲਗਾਏ ਗਏ, 2 ਮੋਬਾਈਲ ਟੀਮਾਂ, 2 ਟਰਾਂਜਿਟ ਟੀਮਾਂ ਪੋਲੀਓ ਬੂੰਦਾਂ ਪਿਆਉਣ ਲਈ ਲਗਾਈਆਂ ਗਈਆਂ ਹਨ ਕਰੀਬ 8500 ਬੱਚਿਆਂ ਨੂੰ ਪੋਲੀਓ ਬੂੰਦਾਂ ਪਿਆਈਆਂ ਗਈਆਂ। ਪੋਲੀਓ ਬੂੰਦਾਂ ਪਆਉਣ ਵਾਲੀ ਮੁਹਿੰਮ ਵਿੱਚ ਕਰੀਬ 132 ਸੋਸਲ ਵਰਕਰਾਂ ਨੇ ਸਮੂਲੀਅਤ ਕੀਤੀ। ਡਾਕਟਰ ਦੀਪਕ ਮੌਂਗਾਂ ਨੇ ਸੰਤ ਨਿਰੰਕਾਰੀ ਮਿਸ਼ਨ ਵੱਲੋਂ ਪੋਲੀਓ ਬੂੰਦਾਂ ਪਿਆਉਣ ਲਈ ਦਿੱਤੇ ਜਾਂਦੇ ਸਹਿਯੋਗ ਲਈ ਧੰਨਵਾਦ ਕੀਤਾ।

# ਨਰੇਗਾ ਮਜ਼ਦੂਰਾਂ ਵੱਲੋਂ ਮੰਗਾਂ ਲਈ 13, 14 ਤੇ 15 ਨੂੰ ਡੀ ਸੀ ਦਫਤਰਾਂ ਅੱਗੇ ਐਕਸ਼ਨ ਕੀਤੇ ਜਾਣਗੇ : ਖੋਸਾ



**ਮੋਗਾ (ਅਮਰਜੀਤ ਬੱਬਰੀ)**-ਕੇਂਦਰ ਦੀ ਭਾਜਪਾ ਸਰਕਾਰ ਦੀਆਂ ਨੀਤੀਆਂ ਨਰੇਗਾ ਸਮੇਤ ਮਜ਼ਦੂਰਾਂ ਦੇ ਹਿੱਤਾਂ ਲਈ ਬਣੇ ਕਾਨੂੰਨਾਂ ਨੂੰ ਖਤਮ ਕਰਨ ਵਾਲੀਆਂ ਹਨ । ਜਿਸ ਕਾਰਨ ਨਰੇਗਾ ਮਜ਼ਦੂਰਾਂ ਵਿੱਚ ਬੇਚੈਨੀ ਅਤੇ ਗੁੱਸੇ ਦਾ ਆਲਮ ਹੈ ।ਜੋ ਕਿ ਆਉਣ ਵਾਲੇ ਸਮੇਂ ਵਿੱਚ ਤਕੜੇ ਸੰਘਰਸ਼ ਦਾ ਰੂਪ ਲੈ ਸਕਦਾ ਹੈ ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ (ਏਟਕ) ਦੇ ਸੂਬਾ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਅਤੇ ਜ਼ਿਲ੍ਹਾ ਸਲਾਹਕਾਰ ਕੁਲਦੀਪ ਸਿੰਘ ਭੋਲਾ ਨੇ ਮੋਗਾ ਜ਼ਿਲ੍ਹਾ ਦੇ ਨਰੇਗਾ ਮਜ਼ਦੂਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਸ਼ੇਰ ਸਿੰਘ ਦੌਲਤਪੁਰਾ ਦੀ ਪ੍ਰਧਾਨਗੀ ਵਿੱਚ ਹੋਈ ਮੀਟਿੰਗ ਵਿੱਚ ਵੱਖ ਵੱਖ ਪਿੰਡਾਂ ਦੇ ਮਜ਼ਦੂਰਾਂ ਨੇ ਹਿੱਸਾ ਲਿਆ ।

ਉਨ੍ਹਾ ਅੱਗੇ ਆਖਿਆ ਕਿ ਨਵੀਂ ਬਣੀ ਸਰਕਾਰ ਤੋਂ ਬਾਕੀ ਵਰਗਾਂ ਦੀ ਤਰ੍ਹਾਂ ਨਰੇਗਾ ਮਜ਼ਦੂਰਾਂ ਨੂੰ ਵੀ ਵੱਡੀਆਂ ਆਸਾਂ ਸਨ, ਪਰ ਆਪ ਦੀ ਇਹ ਸਰਕਾਰ ਵੀ ਬਾਕੀ ਸਰਮਾਏਦਾਰੀ ਪਾਰਟੀਆਂ ਵਾਲੇ ਤੌਰ ਤਰੀਕਿਆਂ ਤੇ ਹੀ ਕੰਮ ਕਰ ਰਹੀ ਹੈ ।

ਨਰੇਗਾ ਮਜ਼ਦੂਰਾਂ ਵੱਲੋਂ ਕੀਤੀਆਂ ਸ਼ਿਕਾਇਤਾਂ ਕਾਨੂੰਨ ਅਨੁਸਾਰ ਦਰਜ ਕਰਕੇ ਉਨ੍ਹਾਂ ਦਾ ਕੋਈ ਹੱਲ ਕੀਤਾ ਜਾ ਰਿਹਾ ਹੈ । ਨਰੇਗਾ ਐਕਟ ਬਣਨ ਸਮੇਂ ਮਜ਼ਦੂਰਾਂ ਦੇ ਕੰਮ ਕਰਨ ਦਾ ਸਮਾਂ 6 ਘੰਟੇ ਸੀ, ਜੋ ਕਿ ਬਾਅਦ ਵਿੱਚ 9 ਘੰਟੇ ਦੁਪਹਿਰ ਦੀ ਛੁੱਟੀ ਸਮੇਤ ਕਰ ਦਿੱਤਾ ਗਿਆ ਹੈ ਅਤੇ ਸਰਕਾਰਾਂ ਦਿਹਾੜੀ ਸਮਾਂ 12 ਘੰਟੇ ਕਰਨ ਵੱਲ ਵਧ ਰਹੀਆਂ ਹਨ, ਨਰੇਗਾ ਕਾਮਿਆਂ ਦਾ ਕੰਮ ਸਮਾਂ 6 ਘੰਟੇ ਬਹਾਲ ਕਰਨ ਦੀ ਮੰਗ ਕੀਤੀ ਗਈ।

ਇਸ ਤੋਂ ਇਲਾਵਾ ਮੀਟਿੰਗ ਵਿੱਚ ਕੰਮ ਦੇ ਦਿਨਾਂ ਦੀ ਗਾਰੰਟੀ ਦੋ ਸੌ ਦਿਨ ਅਤੇ ਦਿਹਾੜੀ ਇੱਕ ਹਜ਼ਾਰ ਰੁਪਏ ਕਰਨ ਦੀ ਮੰਗ ਵੀ ਕੀਤੀ ਗਈ। ਨਰੇਗਾ ਕਾਮਿਆਂ ਨੂੰ ਕਾਨੂੰਨ ਅਨੁਸਾਰ ਸੂਬੇ ਦੇ ਖੇਤੀਬਾੜੀ ਕਾਮਿਆਂ ਵਾਲੀ ਦਿਹਾੜੀ ਦਿੱਤੀ ਜਾਣੀ ਚਾਹੀਦੀ ਹੈ ਜੋ ਕਿ ਇਸ ਮੌਕੇ ਪੰਜਾਬ ਵਿੱਚ 431 ਰੁਪਏ ਹਨ ਪਰ ਨਰੇਗਾ ਮਜ਼ਦੂਰਾਂ ਨੂੰ 303 ਰੁਪਏ ਦਿੱਤੇ ਜਾ ਰਹੇ ਹਨ।

ਮੀਟਿੰਗ ਵਿੱਚ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਇਨ੍ਹਾਂ ਮੰਗਾਂ ਲਈ 13,14 ਅਤੇ 15 ਦਸੰਬਰ ਨੂੰ ਜ਼ਿਲ੍ਹਾ ਪੱਧਰ 'ਤੇ ਐਕਸ਼ਨ ਕਰਨ ਦਾ ਫੈਸਲਾ ਕੀਤਾ ਗਿਆ, ਜਿਸ ਵਿੱਚ 13 ਅਤੇ 14 ਦਸੰਬਰ ਨੂੰ ਡੀ ਸੀ ਦਫ਼ਤਰ ਅੱਗੇ 11-11 ਨਰੇਗਾ ਮਜ਼ਦੂਰ ਔਰਤਾਂ ਵੱਲੋਂ ਭੁੱਖ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਅਤੇ 15 ਦਸੰਬਰ ਨੂੰ ਵਿਸ਼ਾਲ ਰੈਲੀ ਕਰਕੇ ਮੰਗ ਪੱਤਰ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਬਿੰਦਰ ਕੌਰ ਘਲੋਟੀ, ਅਮਰਜੀਤ ਸਿੰਘ ਭੱਟੀ, ਕਮਲੇਸ਼ ਸਿੰਘ ਫਿਰੋਜਵਾਲ, ਮੰਗਲ ਸਿੰਘ, ਕੁਲਦੀਪ ਕੌਰ ਇੰਦਗੜ੍ਹ, ਮਨਪ੍ਰੀਤ ਕੌਰ, ਸੁਖਜੀਤ ਕੌਰ ਖੋਸਾ ਕੋਟਲਾ, ਬਿੱਟਾ ਚੁੱਘਾ, ਰਾਜੂ ਸਿੰਘ, ਸੁੱਖਾ ਪੇਂਟਰ, ਪੂਜਾ ਖੋਸਾ, ਬਿੰਦਰ ਫ਼ੰਡੇਆਣਾ, ਬੋਹੜ ਸਿੰਘ ਬੁੱਟਰ, ਜਸਵੀਰ ਕੌਰ ਨੱਥੂਵਾਲਾ, ਬੂਟਾ ਸਿੰਘ, ਮਨਪ੍ਰੀਤ ਸਿੰਘ, ਪਾਲ ਸਿੰਘ ਕੋਕਰੀ ਹੇਰਾਂ, ਸਰਬਜੀਤ ਕੌਰ ਬੁੱਧ ਸਿੰਘ ਵਾਲਾ, ਜਸਵੀਰ ਕੌਰ, ਵੀਰਪਾਲ ਕੌਰ ਠੱਠੀ ਆਦਿ ਹਾਜ਼ਰ ਸਨ।

# ਚਾਰ ਰੋਜ਼ਾ ਫੁੱਟਬਾਲ ਟੂਰਨਾਮੈਂਟ ਸ਼ੁਰੂ



**ਫਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਮੌਰਨਿੰਗ ਫੁੱਟਬਾਲ ਕਲੱਬ ਸਰਹਿੰਦ ਵੱਲੋਂ ਚਾਰ ਰੋਜ਼ਾ ਫੁੱਟਬਾਲ ਟੂਰਨਾਮੈਂਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਰਹਿੰਦ ਦੇ ਖੇਡ ਮੈਦਾਨ ਵਿੱਚ ਆਯੋਜਿਤ ਕਰਵਾਇਆ ਜਾ ਰਿਹਾ ਹੈ। ਇਹ ਫੁੱਟਬਾਲ ਟੂਰਨਾਮੈਂਟ ਸਵਰਗੀ ਸੰਤ ਬਾਬਾ ਅਜੀਤ ਸਿੰਘ ਦੀ ਯਾਦ ਵਿੱਚ 8ਵਾਂ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਤੀਸਰੇ ਦਿਨ ਮੁੱਖ ਮਹਿਮਾਨ ਵਜੋਂ ਚੇਅਰਮੈਨ ਮਾਰਕੀਟ ਕਮੇਟੀ ਸਰਹਿੰਦ ਫਤਿਹਗੜ੍ਹ ਗੁਰਵਿੰਦਰ ਸਿੰਘ ਢਿੱਲੋਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ । ਇਸ ਮੌਕੇ ਪਾਰਟੀ ਆਗੂਆਂ ਨਿਰਮਲ ਸਿੰਘ ਸੀੜਾ, ਬਲਬੀਰ ਸਿੰਘ ਸੋਢੀ, ਗੁਰਚਰਨ ਸਿੰਘ ਬਲੱਗਣ, ਬਲਜਿੰਦਰ ਸਿੰਘ ਗੋਲਾ ਨੇ ਵੀ ਹਾਜ਼ਰ ਹੋ ਕੇ ਪੰਜਾਬ ਸਰਕਾਰ ਵੱਲੋਂ ਖੇਡਾਂ ਵਿੱਚ ਰੁਚੀ ਵਿਖਾਉਣ ਵਾਲੇ ਖਿਡਾਰੀਆਂ ਨੂੰ ਵਿਸ਼ੇਸ਼ ਤੌਰ 'ਤੇ ਉਤਸ਼ਾਹਤ ਕਰਨ ਬਾਰੇ ਜਾਣਕਾਰੀ ਦਿੱਤੀ । ਮਾਰਕੀਟ ਕਮੇਟੀ ਸਰਹਿੰਦ/ ਫਤਿਹਗੜ੍ਹ ਸਾਹਿਬ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਵਿੱਚ ਨਵੀਂ ਸਰਕਾਰ ਆਉਣ 'ਤੇ ਖੇਡਾਂ ਖੇਡਣ ਵਾਲੇ ਖਿਡਾਰੀਆਂ ਨੂੰ ਨਵੀਂ ਆਸ ਜਾਗੀ ਹੈ, ਜਿਸ ਨੂੰ ਭਗਵੰਤ ਮਾਨ ਦੀ ਸਰਕਾਰ ਹਰ ਹੀਲੇ ਬਰਕਰਾਰ ਰੱਖਣ ਲਈ ਉਪਰਾਲੇ ਜਾਰੀ ਰੱਖੇਗੀ।

ਇਸ ਮੌਕੇ ਮੌਰਨਿੰਗ ਫੁੱਟਬਾਲ ਟੂਰਨਾਮੈਂਟ ਦੇ ਪ੍ਰਬੰਧਕਾਂ ਕਲੱਬ ਪ੍ਰਧਾਨ ਮਨਦੀਪ ਸਿੰਘ, ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਲਵਲੀ, ਹਰਮਨ ਅਟਵਾਲ, ਪੁਨੀਤ, ਹਨੀ ਉਬਰਾਏ ਨੇ ਵਿਸ਼ੇਸ਼ ਤੌਰ 'ਤੇ ਸਿਰੋਪਾਓ ਪਾ ਕੇ ਸ੍ਰੀ ਢਿੱਲੋਂ ਦਾ ਸਨਮਾਨ ਕੀਤਾ। ਇਸ ਮੌਕੇ ਆਪ ਆਗੂਆਂ ਗੌਰਵ ਅਰੋੜਾ ਜ਼ਿਲ੍ਹਾ ਸਕੱਤਰ, ਖਜ਼ਾਨਚੀ ਮੋਹਿਤ ਸੂਦ, ਅਸ਼ੀਸ਼ ਅੱਤਰੀ ਨੇ ਹਾਜ਼ਰੀ ਲੁਆਈ।

# ਲੋੜਵੰਦ ਬੱਚਿਆਂ ਨੂੰ ਬੂਟ ਤੇ ਜ਼ੁਰਾਬਾਂ ਵੰਡੀਆਂ




ਧੂਰੀ ( ਸੁਖਦੇਵ ਧੂਰੀ) ਸਰਦੀ ਦੀ ਆਮਦ 'ਤੇ ਧੂਰੀ ਦੀ ਉੱਘੀ ਸਮਾਜ ਸੇਵੀ ਸੰਸਥਾ , ਆਸਰਾ ਫਾਊਂਡੇਸ਼ਨ ਧੂਰੀ ਵੱਲੋਂ ਸ਼ਹੀਦ ਹੌਲਦਾਰ ਬਲਜੀਤ ਸਿੰਘ ਸਰਕਾਰੀ ਪ੍ਰਾਇਮਰੀ ਸਕੂਲ ਸ਼ੇਰਪੁਰ ਸੋਢੀਆ ਨੇੜੇ ਧੂਰੀ ਵਿਖੇ ਜ਼ਰੂਰਤਮੰਦ ਬੱਚਿਆਂ ਨੂੰ ਬੂਟ ਜੁਰਾਬਾਂ ਵੰਡੀਆਂ ਗਈਆਂ।

ਇਸ ਸੰਬੰਧੀ ਆਸਰਾ ਫਾਊਂਡੇਸ਼ਨ ਧੂਰੀ ਦੇ ਆਗੂ ਅਨਵਰ ਬਾਗੜੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਵੱਲੋਂ ਵੱਖ ਵੱਖ ਸਮੇਂ ਸਿਰ ਲੋਕ ਭਲਾਈ ਦੇ ਕੰਮ ਕੀਤੇ ਜਾਂਦੇ ਹਨ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕਾ ਪੂਜਾ ਗੁਪਤਾ ਨੇ ਆਸਰਾ ਫਾਊਂਡੇਸ਼ਨ ਵੱਲੋਂ ਕੀਤੇ ਜਾਂਦੇ ਲੋਕ ਭਲਾਈ ਕੰਮਾਂ ਦੀ ਸ਼ਲਾਘਾ ਕੀਤੀ। ਇਸ ਮੌਕੇ ਸਿੰਕਦਰ ਘਨੌਰ ਪ੍ਰਧਾਨ ਆਸਰਾ ਫਾਊਂਡੇਸਨ ਧੂਰੀ, ਅਧਿਆਪਕ ਜਗਰੂਪ ਸਿੰਘ ਧਾਂਦਰਾ, ਸੰਪੂਰਨ ਸਿੰਘ, ਹਰਭਜਨ ਸਿੰਘ ਨੰਬਰਦਾਰ, ਆਸਰਾ ਫਾਊਂਡੇਸਨ ਧੂਰੀ ਦੇ ਮੁੱਖ ਪ੍ਰਬੰਧਕ ਲਖਵੀਰ ਸਿੰਘ ਧਾਂਦਰਾ ਵੀ ਹਾਜ਼ਰ ਸਨ।

# ਰੋਸ ਮੁਜ਼ਾਹਰੇ 'ਚ ਦੁਹਰਾਈ ਵਧਾਈ ਗਈ 25 ਫੀਸਦੀ




ਗਿੱਦੜਬਾਹਾ, ਲਹਿਰਾਗਾਗਾ (ਜਸਵੰਤ ਗਿੱਲ ਛੱਤਿਆਣਾ, ਪਵਨ ਸ਼ਰਮਾ) ਬੀਤੇ ਦਿਨ ਦਾਣਾ ਮੰਡੀ ਗਿਦੱੜਬਾਹਾ ਵਿਖੇ ਮਜ਼ਦੂਰਾਂ ਵਲੋਂ ਮਾਨ ਸਰਕਾਰ ਵੱਲੋਂ 9 ਮਹੀਨੇ ਪਹਿਲਾਂ ਵਧਾਈ ਗਈ 25% ਮਜ਼ਦੂਰੀ ਨੂੰ ਲੈਣ ਲਈ ਦੂਜੇ ਦਿਨ ਵੀ ਰੋਸ ਮੁਜ਼ਾਹਰੇ ਅਤੇ ਧਰਨੇ ਜਾਰੀ ਰਹੇ। ਇਸ ਮੌਕੇ ਬਿੱਟੂ ਨਾਗਰ ਪ੍ਰਧਾਨ ਅਨਾਜ ਮੰਡੀ ਮਜ਼ਦੂਰ ਯੂਨੀਅਨ ਗਿਦੱੜਬਾਹਾ ਅਤੇ ਸੁਦੇਸ਼ ਪਾਲ ਸਿੰਘ ਮਲੋਟ ਸੂਬਾ ਵਾਇਸ ਪ੍ਰਧਾਨ ਅਨਾਜ ਮੰਡੀ ਮਜ਼ਦੂਰ ਸੰਘ ਪੰਜਾਬ ਨੇ ਕਿਹਾ ਕਿ 'ਦੋ ਸੀਜ਼ਨ' ਖ਼ਤਮ ਹੋ ਗਏ ਹਨ, ਵਧਾਈ ਗਈ ਮਜ਼ਦੂਰੀ ਹੁਣ ਤੱਕ ਨਹੀਂ ਮਿਲੀ। ਮਜ਼ਦੂਰ ਮਜ਼ਬੂਰ ਹੋ ਕੇ ਪੁਰਾਣੀ ਲਿਸਟ ਮੁਤਾਬਕ ਹਿਸਾਬ ਕਰਵਾ ਰਹੇ ਹਨ, ਇਸ ਕਰਕੇ ਸਰਕਾਰ ਨੂੰ ਬੇਨਤੀ ਕੀਤੀ ਕਿ ਜਲਦ ਤੋਂ ਜਲਦ ਵਧਾਈ ਗਈ ਮਜ਼ਦੂਰੀ ਦੀ ਨਵੀਂ ਲਿਸਟ ਮਾਰਕਿਟ ਕਮੇਟੀਆਂ ਨੂੰ ਜਾਰੀ ਕੀਤੀ ਜਾਵੇ। ਧਰਨੇ ਦੀ ਅਗਵਾਈ ਸ਼ਾਮ ਲਾਲ ਲਡਵਾਲ ਸਾਬਕਾ ਪ੍ਰਧਾਨ ਵਲੋਂ ਕੀਤੀ ਗਈ। ਇਸ ਮੌਕੇ ਰਾਜ ਪਾਲ ਇੰਦੌਰਾ ਪ੍ਰਧਾਨ ਇੰਟਰਨੈਸ਼ਨਲ ਧਾਨਕ ਸਮਾਜ ਸੰਗਠਨ, ਜੇ ਕੇ ਖੰਨਾ, ਬਿੱਲੂ ਰਾਮ ਟਾਂਕ ਸੀਨੀਅਰ ਆਗੂ ਬਹੁਜਨ ਸਮਾਜ ਪਾਰਟੀ ਨੇ ਮਜ਼ਦੂਰਾਂ ਦੀ ਮੰਗ ਦਾ ਪੂਰਾ ਸਮਰਥਨ ਕੀਤਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮਲੋਟ ਦੀ ਦਾਣਾ ਮੰਡੀ ਵਿਖੇ 150 ਤੋਂ ਵੱਧ ਰੋਸ ਮੁਜ਼ਾਹਰੇ ਅਤੇ 11 ਦਿਨ ਤੱਕ ਧਰਨੇ ਲਗਾਏ ਚੁੱਕੇ ਹਨ।

ਇਸ ਮੌਕੇ ਰਾਜੇਸ਼ ਕੁਮਾਰ ਮੋਰੀਆ ਸੈਕਟਰੀ ਛੱਜੂ ਰਾਮ ਮੋਰਵਾਲ, ਸ਼ਿਵਦਰਸ਼ਨ ਖਟਕ, ਸੰਦੀਪ ਮੋਰੀਆ ਉਪ ਪ੍ਰਧਾਨ, ਛਿੰਦਾ, ਮਹਾਵੀਰ ਖੰਨਾ, ਰਾਹਲ, ਮੁਕੇਸ਼, ਵਰਿਦਰ ਬਮਨੀਆ, ਸੋਨੂੰ ਕਾਇਤ, ਸੰਜੇ, ਇੰਤਸ਼ਾਰ ਅਤੇ ਹਰਦੀਪ ਸਿੰਘ ਗਰੇਵਾਲ ਆਦਿ ਹਾਜ਼ਰ ਸਨ।

# ਨੈਸ਼ਨਲ ਲੋਕ ਅਦਾਲਤ 'ਚ 7 ਹਜ਼ਾਰ ਤੋਂ ਵੱਧ ਕੇਸਾਂ ਦਾ ਨਿਪਟਾਰਾ : ਅਤੁਲ ਕਸਾਨਾ




ਮੋਗਾ (ਅਮਰਜੀਤ ਬੱਬਰੀ) ਜ਼ਿਲ੍ਹਾ ਮੋਗਾ ਅਤੇ ਇਸ ਦੀਆਂ ਸਬ-ਡਵੀਜ਼ਨਾਂ ਬਾਘਾਪੁਰਾਣਾ ਤੇ ਨਿਹਾਲ ਸਿੰਘ ਵਾਲਾ 'ਚ ਗੁਰਮੀਤ ਸਿੰਘ ਸੰਧਾਵਾਲੀਆ ਮਾਣਯੋਗ ਜੱਜ ਪੰਜਾਬ ਤੇ ਹਰਿਆਣਾ ਹਾਈ ਕੋਰਟ ਚੰਡੀਗੜ੍ਹ -ਕਮ-ਚੇਅਰਮੈਨ ਅਤੇ ਮਨਜਿੰਦਰ ਸਿੰਘ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ ਏ ਐੱਸ ਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੁਲ ਕਸਾਨਾ ਦੀ ਅਗਵਾਈ ਹੇਠ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ ।ਇਸ ਲੋਕ ਅਦਾਲਤ ਵਿੱਚ ਵੱਖਰੇ-ਵੱਖਰੇ 23 ਬੈਂਚ ਬਣਾਏ ਗਏ।ਇਨ੍ਹਾਂ ਬੈਂਚਾਂ ਵਿਚ ਇੱਕ ਬੈਂਚ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਮੋਗਾ, 11 ਬੈਂਚ ਰੈਵੀਨਿਊ ਕੇਸਾਂ ਦੇ ਅਤੇ 1 ਬੈਂਚ ਕੰਜਿਊਮਰ ਕੋਰਟ ਦਾ ਵੀ ਬਣਾਇਆ ਗਿਆ।ਇਸ ਲੋਕ ਅਦਾਲਤ ਸੰਬੰਧੀ ਜਾਣਕਾਰੀ ਦਿੰਦੇ ਹੋਏ ਮਾਣਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੁਲ ਕਸਾਨਾ ਨੇ ਦੱਸਿਆ ਕਿ ਇਸ ਲੋਕ ਅਦਾਲਤ ਵਿੱਚ ਵੱਖ-ਵੱਖ ਬੈਂਚਾਂ 'ਚ ਕੁੱਲ 9850 ਕੇਸ ਰੱਖੇ ਗਏ ਸਨ ਜਿਨ੍ਹਾਂ 'ਚੋਂ 4582 ਪ੍ਰੀ-ਲਿਟੀਗੇਟਿਵ ਅਤੇ 2426 ਪੈਂਡਿੰਗ ਕੇਸਾਂ ਦਾ ਮੌਕੇ 'ਤੇ ਆਪਸੀ ਰਜਾਮੰਦੀ ਨਾਲ ਨਬੇੜਾ ਕਰਵਾਇਆ ਗਿਆ।ਵੱਡੀ ਗਿਣਤੀ ਵਿੱਚ ਆਮ ਲੋਕਾ ਨੂੰ ਲਾਭ ਪਹੁੰਚਾ ਕੇ, ਲੋਕ ਅਦਾਲਤ ਜਰੀਏ 50 ਕਰੋੜ 48 ਲੱਖ 83 ਹਜ਼ਾਰ 467.7 ਰੁਪਏ ਦੇ ਅਵਾਰਡ ਪਾਸ ਕੀਤੇ ਗਏ।ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਲੋਕ ਅਦਾਲਤਾਂ ਰਾਹੀਂ ਆਮ ਲੋਕਾਂ ਨੂੰ ਬਹੁਤ ਸਾਰੇ ਲਾਭ ਹੁੰਦੇ ਹਨ, ਕਿਉਂਕਿ ਇਸ ਵਿੱਚ ਰਾਜੀਨਾਮਾ ਕਰਨ ਨਾਲ ਆਪਸੀ ਰਿਸ਼ਤੇ ਵੀ ਮਜ਼ਬੂਤ ਹੁੰਦੇ ਹਨ ਅਤੇ ਪੈਸੇ ਦੀ ਵੀ ਬੱਚਤ ਹੁੰਦੀ ਹੈ।ਲੋਕ ਅਦਾਲਤਾਂ ਦੇ ਫੈਸਲੇ ਦੇ ਖਿਲਾਫ ਕੋਈ ਵੀ ਅਪੀਲ ਨਹੀਂ ਕੀਤੀ ਜਾ ਸਕਦੀ।

# ਕੋਈ ਵੀ ਬੱਚਾ ਪੋਲੀਓ ਬੂੰਦਾਂ ਤੋਂ ਵਾਂਝਾ ਨਹੀ ਰਹੇਗਾ : ਸਿਵਲ ਸਰਜਨ



ਮੋਗਾ (ਅਮਰਜੀਤ ਬੱਬਰੀ) ਪੋਲੀਓ ਰੋਕੂ ਮੁਹਿਮ ਦਾ ਦਿਨ ਚੜ੍ਹਦੇ ਸਾਰ ਹੀ ਪਹਿਲੀ ਸੂਰਜ ਦੀ ਪਹਿਲੀ ਕਿਰਨ ਦੇ ਨਾਲ ਹੀ ਮੁੱਖ ਬੱਸ ਸਟੈਂਡ 'ਤੇ ਬਣੇ ਬੂਥ ਦਾ ਸਿਵਲ ਸਰਜਨ ਮੋਗਾ ਡਾਕਟਰ ਰਾਜੇਸ਼ ਅੱਤਰੀ ਨੇ ਨਿੱਕੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾ ਕੇ ਮੁਹਿਮ ਦਾ ਅਗਾਜ ਕੀਤਾ ।ਇਸ ਮੁਹਿੰਮ ਬਾਰੇ ਸਿਵਲ ਸਰਜਨ ਨੇ ਕਿਹਾ ਕਿ 10, 11 ਅਤੇ 12 ਦਸੰਬਰ, 2023 ਨੂੰ ਚਲਾਈ ਜਾਵੇਗੀ।ਜਾਣਕਾਰੀ ਦਿੰਦਿਆਂ ਸਿਵਲ ਨੇ ਸਰਜਨ ਦੱਸਿਆ ਕਿ ਤਿੰਨ ਦਿਨ ਤੱਕ ਚੱਲਣ ਵਾਲੀ ਇਸ ਮੁਹਿੰਮ ਦੌਰਾਨ ਮੋਗਾ ਦੇ 0-5 ਸਾਲ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ।ਇਹਨਾਂ ਵਿੱਚ ਜ਼ਿਲ੍ਹਾ ਮੋਗਾ ਦੇ 1,07,115 ਬੱਚੇ ਵੀ ਸ਼ਾਮਲ ਹਨ। 11 ਅਤੇ 12 ਦਸੰਬਰ ਨੂੰ ਘਰ ਘਰ ਜਾ ਕੇ ਕਵਰ ਕੀਤਾ ਜਾਵੇਗਾ।ਡਾਕਟਰ ਅੱਤਰੀ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮੁਹਿੰਮ ਦਾ ਭਰਪੂਰ ਲਾਹਾ ਲੈਣ ਤਾਂ ਜੋ ਕੋਈ ਵੀ ਬੱਚਾ ਇਹ ਬੂੰਦਾਂ ਪਿਲਾਉਣ ਤੋਂ ਵਾਂਝਾ ਨਾ ਰਹਿ ਜਾਵੇ। ਉਹਨਾਂ ਸਮੂਹ ਵਿਭਾਗਾਂ ਨੂੰ ਵੀ ਹਦਾਇਤ ਕੀਤੀ ਕਿ ਉਹ ਇਸ ਮੁਹਿੰਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਆਪਣਾ ਆਪਣਾ ਯੋਗਦਾਨ ਪਾਉਣ।ਇਸ ਮੌਕੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾਕਟਰ ਅਸ਼ੋਕ ਸਿੰਗਲਾ ਨੇ ਦੱਸਿਆ ਕਿ ਟੀਚੇ ਨੂੰ ਪੂਰਾ ਕਰਨ ਲਈ 417 ਬੂਥ ਲਗਾਏ ਜਾਣਗੇ।ਇਸ ਤੋਂ ਇਲਾਵਾ ਘਰ ਘਰ ਜਾ ਕੇ ਬੂੰਦਾਂ ਪਿਲਾਉਣ ਲਈ 654 ਟੀਮਾਂ, 21 ਮੋਬਾਈਲ ਟੀਮਾਂ, 16 ਟਰਾਂਜ਼ਿਟ ਟੀਮਾਂ ਬਣਾਈਆਂ ਗਈਆਂ ਹਨ। ਇਸ ਕੰਮ ਨੂੰ 1915 ਵੈਕਸੀਨੇਟਰਾਂ ਵੱਲੋਂ ਸਿਰੇ ਚਾੜ੍ਹਿਆ ਜਾਵੇਗਾ।

ਇਸ ਮੌਕੇ ਸੋਸ਼ਲ ਵੈਲਫੇਅਰ ਕਲੱਬ ਰਜਿ. ਮੋਗਾ ਦੇ ਸਹਿਜੋਗ ਨਾਲ ਬੂਥ ਨਾਲ ਓ ਪੀ ਕੁਮਾਰ ਪ੍ਰਧਾਨ, ਵਿਸ਼ਵ ਗਰੋਵਰ, ਗਗਨਦੀਪ ਸਿੰਘ, ਅਸ਼ੋਕ ਅਗਰਵਾਲ, ਲਕਸ਼ਮੀ ਚੰਦਰ, ਮੰਗਤ ਰਾਮ ਸ਼ਰਮਾ, ਨੇਹਾ ਚੌਧਰੀ ਪਿਰਮਿਲਾ ਫਾਊਡੇਸ਼ਨ, ਸ਼ਗਨ ਸ਼ਿੰਦੇ, ਜਾਗਰੂਕਤਾ ਰੈਲੀ ਦੌਰਾਨ, ਡਾਕਟਰ ਸੁਖਪ੍ਰੀਤ ਬਰਾੜ ਸੀਨੀਅਰ ਮੈਡੀਕਲ ਅਫ਼ਸਰ ਨੇ ਸਿਵਲ ਹਸਪਤਾਲ਼ ਮੋਗਾ, ਡਾਕਟਰ ਜੀ ਪੀ ਸੋਢੀ ਜਿਲ੍ਹਾ ਟੀ ਬੀ ਅਫ਼ਸਰ, ਡਾਕਟਰ ਅਜੇ ਖੁਰਾਣਾ, ਹਰਜੀਤ ਸਿੰਘ, ਅੰਮ੍ਰਿਤ ਸ਼ਰਮਾ, ਗੁਰਜੀਤ ਕੌਰ ਵੀ ਹਾਜ਼ਰ ਸਨ।


## ਉਤਰ ਰੇਲਵੇ

**ਈ-ਨਿਵਿਦਾ ਸੂਚਨਾ**

ਸੀਨੀਅਰ ਮੰਡਲ ਇੰਜੀਨੀਅਰ-ਚੌਥਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 29.12.2023 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਤੇ ਕਰੈਡਿਟ ਕਾਰਡ ਆਦਿ ਨਾਲ ਭੁਗਤਾਨ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜ਼ਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 07/12/2023 | 15/12/2023 | 29/12/2023 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 341-2023-24-BDGM-DRM-FZR | ਸਹਾਇਕ ਮੰਡਲ ਇੰਜੀਨੀਅਰ/ਬਡਗਾਮ ਦੇ ਤਹਿਤ ਬਡਗਾਮ ਵਿਚ ਡੇਮੂ ਕਾਰ ਸ਼ੇਡ ਵਿਚ ਬੁਨਿਆਦੀ ਸਹੂਲਤਾਂ ਦਾ ਸੁਧਾਰ ਅਤੇ ਪ੍ਰਾਵਧਾਨ ਅਤੇ 6 ਨੰ. ਮੌਜੂਦਾ ਰੇਲਵੇ ਸੁਰੱਖਿਆ ਬਲ ਬੈਰਕ ਦਾ ਸੁਧਾਰ ਕਸ਼ਮੀਰ ਘਾਟੀ ਦੇ ਯਾਨੀ ਬਣਾਏ ਗਏ ਰੇਲਵੇ ਸੁਰੱਖਿਆ ਬੈਰਕ ਬਨਿਹਾਲ-ਬਾਰਾਮੂਲਾ ਵਿਚ ਬਾਰਾਮੂਲਾ, ਮਝੋਮ, ਪੰਪੋਰ, ਬਿਜਬੇਹਰਾ, ਅਨੰਤਨਾਗ ਅਤੇ ਕਾਜੀਗੁੰਡ ਰੇਲਵੇ ਸਟੇਸ਼ਨਾਂ ਤੇ ਕੰਮ ਲਈ। | | |
| | ਵਿਗਿਆਪਨ ਮੂਲ (ਰੁ.) | ਬਿਆਨਾ ਰਾਸ਼ੀ | ਵਿਗਿਆਪਨ ਮੂੱਲ (ਰੁ.) | ਬਿਆਨਾ ਰਾਸ਼ੀ |
| | 1,42,90,286.91/- | 2,21,500/- | 60 ਦਿਨ | 12 ਮਹੀਨੇ |
| | ਸਮਾਨ ਨੇਚਰ ਦਾ ਕੰਮ- ''ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। ਨਿਵਿਦਾ ਸੂਚਨਾ ਪੱਤਰ ਨੰ. 341-2023-24-BDGM-DRM-FZR

Date : 07.12.2023 3862/2023

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਕਲਾਸੀਫਾਈਡ ਇਸ਼ਤਿਹਾਰ


## Public Notice

It is for general information that I, Partap Singh S/o Wazir Singh R/o H.No.11/229, Ajit Nagar, Kapurthala, Punjab-144601, declare that DOB of my wife has been wrongly written as 16/07/1950 in my Border Security Force ID having PPO Number: 240550208295. The actual DOB of my wife is 15/06/1953, which may amended accordingly. All Please Note.

I, Kamal S/o Pawan Kumar R/o 27, Matana(192), PO- Fatehabad, Dist- Fatehabad, Haryana- 125050. Declare that name of my father and my mother has been wrongly written as Pawan and Tinu in my 10th Class Certificate and 12th Class Certificate. The actual name of my father and my mother are Pawan Kumar and Tinu Rani, which may be amended accordingly. All Please Note.

## ਆਮ ਸੂਚਨਾ

ਇਹ ਕਿ ਬਜਰੀਆ ਰਜਿਸਟਰੀ ਨੰਬਰ: 2019-20/146/1/3522 ਮਿਤੀ: 27/11/2019 ਤਸਦੀਕ ਸ਼ੁਦਾ ਦਫਤਰ ਸਬ ਰਜਿਸਟਰਾਰ ਬਟਾਲਾ, ਮੁਤੱਲਕਾ ਜਾਇਦਾਦ ਜਗ੍ਹਾ 4 ਮਰਲਾ 40 ਪੁਆਇਟ, ਕਰਮ ਸਾਢੇ ਪੰਜ ਫੁੱਟ, ਵਾਕਿਆ ਬਟਾਲਾ ਸ਼ਰਕੀ ਤਹਿਸੀਲ ਬਟਾਲਾ ਹੈ ਜੋ ਕਿ ਨੀਲਮ ਰਾਣੀ ਪਤਨੀ ਬਲਬੀਰ ਕੁਮਾਰ ਦੇ ਨਾਮ ਤੇ ਬੋਲਦੀ ਹੈ । ਮੈ ਰਾਜ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਕੋਟ ਕੁੱਲਜਸ ਰਾਏ ਬਟਾਲਾ ਤਹਿ: ਬਟਾਲਾ ਘੋਸ਼ਣਾ ਕਰਦਾ ਹਾਂ ਕਿ ਅਸਲ ਰਜਿਸਟਰੀ ਮਿਤੀ: 06/12/2023 ਨੂੰ ਨੇੜੇ ਬੱਸ ਸਟੈਂਡ ਬਟਾਲਾ ਵਿਖੇ ਮੇਰੇ ਕੋਲੋਂ ਗਵਾਚ ਗਈ ਹੈ ਜਿਸ ਬਾਬਤ ਬਜਰੀਆ ਐਲ.ਆਰ ਨੰਬਰ: 4126-29/2023 ਮਿਤੀ: 09/12/2023 ਪੀ ਐਸ ਉ ਸੀ ਸਿਟੀ ਬਟਾਲਾ ਵਿਖੇ ਦਰਜ ਹੈ । ਜੇਕਰ ਕਿਸੇ ਨੂੰ ਇਹ ਲੱਭ ਪਵੇਗੀ ਤਾਂ ਮਾਲਕ ਨੂੰ ਕਿਰਪਾ ਕਰਕੇ ਵਾਪਸ ਕਰ ਦੇਵੇ ਅਤੇ ਕਿਸੇ ਹੋਰ ਕੰਮ ਲਈ ਨਾ ਵਰਤੇ ਵਰਨਾ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।

ਮੈਂ, ਸਤਿੰਦਰ ਕੁਮਾਰ ਗਰਗ (Satinder Kumar Garg) ਪੁੱਤਰ ਮਦਨ ਲਾਲ ਵਾਸੀ ਵਾਰਡ ਨੰ. 06, ਲਹਿਰਾਗਾਗਾ, ਤਹਿਸੀਲ ਲਹਿਰਾ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਅਧਾਰ ਕਾਰਡ, ਪੈਨ ਕਾਰਡ ਅਤੇ ਪਾਸਪੋਰਟ 'ਤੇ ਮੇਰਾ ਨਾਂਅ ਸਤਿੰਦਰ ਕੁਮਾਰ ਗਰਗ ((Satinder Kumar Garg) ਪੁੱਤਰ ਸ੍ਰੀ ਮਦਨ ਲਾਲ ( Madan Lal) ਹੈ। ਮੇਰੇ ਦਸਵੀਂ ਅਤੇ 10+2 ਦੇ ਸਰਟੀਫਿਕੇਟ 'ਤੇ ਮੇਰਾ ਨਾਂਅ ਸਤਿੰਦਰ ਕੁਮਾਰ (Satinder Kumar) ਪੁੱਤਰ ਮਦਨ ਲਾਲ ( Madan Lal) ਹੈ। ਮੈਨੂੰ ਸਤਿੰਦਰ ਕੁਮਾਰ ਗਰਗ (Satinder Kumar Garg) ਪੁੱਤਰ ਸ੍ਰੀ ਮਦਨ ਲਾਲ (Madan Lal)) ਦੇ ਨਾਂਅ ਨਾਲ ਜਾਣਿਆ ਜਾਵੇ।

## ਬੇਦਖਲੀ ਨੋਟਿਸ

ਮੈਂ ਨਿਸਾਨ ਸਿੰਘ ਪੁੱਤਰ ਕਿਰਪਾਲ ਸਿੰਘ ਵਾਸੀ ਦਾਤਾ ਰੋਡ ਕੋਟ ਈਸੇ ਖਾਂ, ਤਹਿਸੀਲ ਧਰਮਕੋਟ ਜਿਲਾ ਮੋਗਾ ਦਾ ਹਾਂ । ਇਹ ਕੀ ਮੇਰਾ ਲੜਕਾ ਰਾਜਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਇਸ ਲਈ ਮੈਂ ਇਸ ਨੂੰ ਆਪਣੀ ਚੱਲ ਅਤੇ ਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਸ ਨਾਲ ਲੈਣ ਦੇਨ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ । ਸਬੰਧਤ ਨੋਟ ਕਰਨ ।

## ਨਾਂਅ ਦੀ ਬਦਲੀ

ਮੈਂ, ਨਵੀਨ ਕੁਮਾਰ ਮੰਡੋਰਾ ਪੁੱਤਰ ਪੂਰਨ ਚੰਦ, ਵਾਸੀ ਸ਼ਿਵਪੁਰੀ ਮੁਹੱਲਾ, ਧੂਰੀ (ਸੰਗਰੂਰ) ਨੇ ਆਪਣਾ ਨਾਮ ਬਦਲ ਕੇ ਨਵੀਨ ਕੁਮਾਰ ਰੱਖ ਲਿਆ ਹੈ।

ਮੈਂ, ਸਰੋਜ ਪਤਨੀ ਜੋਗਿੰਦਰ ਪਾਲ ਪਿੰਡ ਫੇਹਪੁਰ ਡਾਕਖਾਨਾ ਅੱਡਾ ਕਠਾਰ ਜਿਲ੍ਹਾ ਜਲੰਧਰ ਦੀ ਰਹਿਣ ਵਾਲੀ ਹਾਂ ਮੈਂ ਆਪਣਾ ਨਾਮ ਸਰੋਜ ਤੋਂ ਬਦਲ ਕੇ ਸਰੋਜ ਰਾਣੀ ਰੱਖ ਲਿਆ ਹੈ ਸੰਬੰਧਿਤ ਨੋਟ ਕਰਨ।

## Change of Name

I, Hardip Singh S/o Harnam Singh R/o Vpo othian teh ajnala distt amritsar rural Have changed my name from Hardip Singh To Hardeep Singh

I, Harmanjit Singh S/o Sewa Singh R/o Vill Dharamkot P.o. karyal teh ajnala distt Amritsar rural have declare that Singh is my Surname and Harmanjit is my Given name

I, Naranjan Singh S/o Hardeep Singh R/o Vpo othian teh ajnala distt Amritsar rural have declare that Singh is my Surname and Naranjan is my Given name

I, Prabhjot D/o Sukhwinder Pal Bhardwaj R/o Village Mand Mour, P.O. Rahimpur, Distt. Jalandhar, Punjab, have changed my name from Prabhjot to Prabhjot Bhardwaj. Please note.

I, Baljinder Kaur W/o Sukhchain Singh R/o Vill. Bhoolpur , P.O. Miani, Teh. Dasuya (Hoshiarpur) , Punjab, India, have changed my name to Kaur Baljinder. All concerned please note.

I, Dawinder Singh s/o Gurmukh Singh r/o Vill. Sulehrian Khurd, Po. Tanda Ram Sahai, Teh.Mukerian, Distt. Hoshiarpur, Punjab-144214, have changed my name to Rajinder Singh. All Please Note.

I, Gurakbal Joga Singh s/o Prabhjot Singh r/o Shikar, Gurdaspur, Punjab-143605 have changed my name to Guriqbaljoga Singh. All Please Note.

I, hitherto known as Deepak s/o Kailash Chand r/o H.No. 5259, Mohalla Gugga Thain, Near Mohalla Tandona, Nakodar, Jalandhar, Punjab-144040 have changed my name and shall hereafter be known as Deepak Bhardwaj.

I, Manpreet Kaur w/o Sulinder Singh r/o Vill. Mehandipur, Po.Abdullapur, Teh.Mukerian, Hoshiarpur Changed my name to Kaur Manpreet (Surname as Kaur) All Please Note.

I, Sarbjit Singh s/o Narinder Singh r/o H.No. B-82, Shastri Nagar, opposite preet chakki, basti peer dad, Jalandhar have changed my name spelling to Sarabjit Singh. All Please Note.

I, Gursharan Kaur w/o Gurcharan Singh r/o Vill. Ucha Pind, Po.Jagatpur Jattan, Kapurthala have changed my minor son name from Sarkirat Singh to Singh Sarkirat (Surname as Singh) All Please Note.


# ਭਾਜਪਾ ਵਰਕਰਾਂ ਪੁਤਲਾ ਫ਼ੂਕਿਆ



ਸ੍ਰੀ ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) -ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਪਾਰਟੀ ਦੇ ਸੀਨੀਅਰ ਆਗੂ ਦੀਦਾਰ ਸਿੰਘ ਭੱਟੀ ਦੀ ਅਗਵਾਈ 'ਚ ਭਾਜਪਾ ਵਰਕਰਾਂ ਨੇ ਸਰਹਿੰਦ ਦੇ ਵਿਸ਼ਕਰਮਾ ਚੌਕ ਵਿਖੇ ਪ੍ਰਦਰਸ਼ਨ ਕਰਦੇ ਹੋਏ ਕਾਂਗਰਸ ਅਤੇ ਇੰਡੀਆ ਅਲਾਇੰਸ ਦਾ ਪੁਤਲਾ ਫੂਕਿਆ।

ਭੱਟੀ ਨੇ ਕਿਹਾ ਕਿ ਕਾਂਗਰਸ ਪਾਰਟੀ ਦੇ ਰਾਜ ਸਭਾ ਮੈਂਬਰ ਧੀਰਜ ਸਾਹੂ ਦੇ ਟਿਕਾਣੇ 'ਤੇ ਹੋਈ ਛਾਪੇਮਾਰੀ ਦੌਰਾਨ 300 ਕਰੋੜ ਰੁਪਏ ਤੋਂ ਵੱਧ ਦੀ ਨਕਦੀ ਬਰਾਮਦ ਹੋਣਾ ਇਹ ਸਿੱਧ ਕਰਦਾ ਹੈ ਕਾਂਗਰਸ ਪਾਰਟੀ ਦੇ ਆਗੂ ਕਿੰਨੇ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ 'ਚ ਲਿਪਤ ਹਨ।

ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਹਰੀਸ਼ ਅਗਰਵਾਲ,ਸਾਬਕਾ ਮੰਤਰੀ ਡਾ. ਹਰਬੰਸ ਲਾਲ, ਕੁਲਦੀਪ ਸਿੰਘ ਸਿੱਧੂਪੁਰ, ਗੁਰਬਖ਼ਸ਼ ਸਿੰਘ ਬਖ਼ਸ਼ੀ, ਹਰਮੀਤ ਸਿੰਘ ਸੱਗੂ,ਵਿੱਕੀ ਰਾਏ, ਪੰਡਤ ਸੁਭਾਸ਼ ਮੁਲੇਪੁਰ, ਗੁਰਮੁਖ ਸਿੰਘ, ਕਿਰਪਾਲ ਸਿੰਘ, ਕੀਰਤ ਬੇਦੀ, ਬਲਵੀਰ ਸਿੰਘ, ਪਰਵਿੰਦਰ ਸਿੰਘ ਦਿਓਲ, ਸੰਦੀਪ ਗਾਭਾ, ਸੰਦੀਪ ਲਵਲੀ, ਵਿਨੈ ਗੁਪਤਾ, ਸੰਦੀਪ ਕੁਮਾਰ, ਹੈਪੀ ਖਰੌੜਾ ਅਤੇ ਰਾਣਾ ਰਾਮਪੁਰ ਵੀ ਹਾਜ਼ਰ ਸਨ।


## Change of Name

I, Sumit Kumar S/o Karori Mal R/o 427, Ward No. 17, Near Shiv Mandir, Shiv Nagar, Fatehabad, Fatehabad, Haryana-125050. I have changed the name of my minor Son Rudra Pratap Garg aged about 6 Years and He shall hereafter be known as Rupen Garg

I, Anand Kumar Bagra S/o Chotty Lal Bagra R/o L-59, Street No. 3, Upkar Nagar, Jalandhar-I, Industrial Town, Jalandhar Punjab-144004, have changed my name and shall hereafter be Known as A.K Bagra.

I, Gurjit Kumar S/o Balbir R/o Village Nagra, Distt. Jalandhar, Punjab have changed my name from Gurjit Kumar to Kumar Gurjit (Surname as Kumar) All Please Note.

I, Nitin S/o Rajiv Kumar Mehra C/o Sonia Mehra R/o H.No.NB-206/70, New Laxmipura, Jalandhar, Punjab have changed name from Nitin to Nitin Mehra. All Please Note.

I, Laksh S/o Rajiv Kumar Mehra C/o Sonia Mehra R/o H.No.NB-206/70, New Laxmipura Jalandhar, Punjab have changed name from Laksh to Laksh Mehra. All Please Note.

I, Gurmail Singh Gill S/o Bikkar Singh R/o VPO. Raunta, Tehsil Nihal Singh Wala, Moga-142045, Punjab have changed my name spelling from Gurmail Singh Gill to Gurmel Singh Gill. All Please Note.

I, Harjeet Kaur alias Naseeb Kaur W/o Satpal Singh R/o 18-A, Rishi Vihar, Phase 2, Majitha Road, Amritsar, Punjab have changed my name from Harjeet Kaur alias Naseeb Kaur to Harjit Kaur.


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

11-DEC-PAGE-7.qxd 12/10/2023 10:27 PM Page 1



# ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ 'ਚ ਪੈਨਸ਼ਨ ਡੇਅ ਮਨਾਇਆ ਜਾਵੇਗਾ : ਚਾਹਲ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**

ਪੰਜਾਬ ਪੈਨਸ਼ਨਰ ਯੂਨੀਅਨ ਤਹਿਸੀਲ ਜਗਰਾਓਂ, ਬ੍ਰਾਂਚ ਜਗਰਾਓਂ ਦੀ ਮੀਟਿੰਗ ਜਗਦੀਸ਼ ਸਿੰਘ ਦੀ ਪ੍ਰਧਾਨਗੀ ਹੇਠ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਹੋਈ। ਮੀਟਿੰਗ ਵਿੱਚ ਵੱਡੀ ਗਿਣਤੀ 'ਚ ਪੈਨਸ਼ਨਰ ਸ਼ਾਮਲ ਹੋਏ। ਮੀਟਿੰਗ ਉਚੇਚੇ ਤੌਰ ਤੇ ਸੂਬਾ ਮੁੱਖ ਸਲਾਹਕਾਰ ਸ਼੍ਰੀ ਜਗਦੀਸ਼ ਸਿੰਘ ਚਾਹਲ ਸ਼ਾਮਲ ਹੋਏ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਾਂ ਦੀਆਂ ਮੰਗਾਂ ਬਾਰੇ ਕੋਈ ਧਿਆਨ ਨਹੀਂ ਦੇ ਰਹੇ, ਜਦੋਂ ਕਿ ਆਪ ਸਰਕਾਰ ਵੱਲੋਂ ਚੋਣਾਂ ਤੋਂ ਪਹਿਲਾਂ ਵਾਅਦੇ ਕੀਤੇ ਗਏ ਸਨ ਕਿ ਉਨ੍ਹਾਂ ਦੀ ਸਰਕਾਰ ਆਉਣ ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕਰ ਦਿੱਤਾ ਜਾਵੇਗਾ। ਪੰਜਾਬ ਦੇ ਮੁੱਖ ਮੰਤਰੀ ਸ਼੍ਰੀ ਭਗਵੰਤ ਸਿੰਘ ਮਾਨ ਸੰਘਰਸ਼ ਕਰਨ ਦੇ ਬਾਵਜੂਦ ਮਿਲਨ ਲਈ ਪੱਤਰ ਤਾਂ ਜਾਰੀ ਕਰ ਦਿੰਦੇ ਹਨ, ਪ੍ਰੰਤੂ ਫਿਰ ਮੀਟਿੰਗ ਕਰਨ ਦੀ ਬਜਾਏ ਕਿਸੇ ਹੋਰ ਕੰਮ ਲਈ ਜਾਣ ਦਾ ਬਹਾਨਾ ਕਰਕੇ ਟਾਲ ਦਿੰਦੇ ਹਨ। ਮੁੱਖ ਮੰਤਰੀ ਦੀ ਇਸ ਬਹਾਨੇਬਾਜ਼ੀ ਨੂੰ ਵੇਖਦੇ ਹੋਏ ਪੈਨਸ਼ਨਰਾਂ ਵਿੱਚ ਦਿਨ ਪ੍ਰਤੀ ਦਿਨ ਰੋਸ ਵਧ ਰਿਹਾ ਹੈ। ਪੈਨਸ਼ਨ ਸੋਧ ਫਾਰਮੂਲਾ 2.59 ਮਹਿੰਗਾਈ ਭੱਤੇ ਦੀਆਂ 3 ਕਿਸ਼ਤਾਂ ਜੋ 12% ਬਣਦੀਆਂ ਹਨ ਡਿਊ ਹਨ। ਕੇਂਦਰ ਸਰਕਾਰ ਤੇ ਗਵਾਂਢੀ ਸੂਬੇ ਆਪਣੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਅਦਾਇਗੀ ਕਰ ਰਹੇ ਹਨ। ਪਰ ਪੰਜਾਬ ਸਰਕਾਰ ਲਗਾਤਾਰ ਟਾਲ ਮਟੋਲ ਕਰਦੀ ਹੀ ਆ ਰਹੀ ਹੈ। ਇਸ ਲਈ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਪੰਜਾਬ ਵੱਲੋਂ ਸਾਂਝੇ ਤੌਰ 'ਤੇ ਸੰਘਰਸ਼ ਦਾ ਫੈਸਲਾ ਕੀਤਾ ਗਿਆ ਹੈ। ਆਪ ਸਰਕਾਰ ਦੇ ਮੰਤਰੀਆਂ ਅਤੇ ਵਿਧਾਇਕਾਂ ਦੇ ਨਿਵਾਸ ਸਥਾਨ ਵੱਲ ਕਾਲੇ ਝੰਡੇ ਲੈ ਕੇ ਮਾਰਚ ਕੀਤੇ ਜਾਣਗੇ। ਪੇਅ ਕਮਿਸ਼ਨਰ ਦੀ ਰਿਪੋਰਟ ਦਾ ਏਰੀਆ 01-01-2016 ਤੋ ਜੂਨ 2021 ਤੱਕ ਦੇਣਾ ਬਣਦਾ ਹੈ। ਉਸ ਬਾਰੇ ਵੀ ਸਰਕਾਰ ਟਾਲ-ਮਟੋਲ ਕਰ ਰਹੀ ਹੈ। ਇਸ ਲਈ ਆਉਣ ਵਾਲੇ ਦਿਨਾਂ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਸਾਂਝੇ ਸੰਘਰਸ਼ ਨੂੰ ਤੇਜ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਫ਼ੈਸਲਾ ਕਤਿਾ ਗਿਆ ਕਿ ਕਲੈਰੀਕਲ ਕਰਮਚਾਰੀਆਂ ਦੀ ਸਟਰਾਈਕ ਦਾ ਪੂਰਨ ਸਮਰਥਨ ਕੀਤਾ ਜਾਵੇਗਾ ਤੇ ਪੁਰਾਣੀ ਪੈਨਸ਼ਨ ਪ੍ਰਾਪਤੀ ਸੰਘਰਸ਼ ਕਮੇਟੀ ਨੂੰ ਵੀ ਸਮਰਥਨ ਦਿੱਤਾ ਗਿਆ। 17 ਦਸੰਬਰ ਨੂੰ ਜਗਰਾਓਂ ਵਿਖੇ ਪੈਨਸ਼ਨ ਡੇਅ ਮਨਾਇਆ ਜਾਵੇਗਾ। ਇਸ ਦਿਨ ਵੱਧ ਤੋਂ ਵੱਧ ਸਾਥੀਆਂ ਨੂੰ ਸ਼ਾਮਲ ਹੋਣ ਦੀ ਅਪੀਲ ਕੀਤੀ।

# ਟਿੱਬਿਆਂ ਦੇ ਮੇਲੇ 'ਚ ਘੋੜਸਵਾਰੀ, ਊਠ ਤੇ ਟਾਂਗੇ ਦੀ ਸਵਾਰੀ



**ਮਾਨਸਾ (ਆਤਮਾ ਸਿੰਘ ਪਮਾਰ)**-ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਦੀ ਯੋਗ ਅਗਵਾਈ ਹੇਠ ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਵਿਖੇ ਕਰਾਏ ਜਾ ਰਹੇ ਟਿੱਬਿਆਂ ਦੇ ਮੇਲੇ 'ਚ ਘੋੜਸਵਾਰੀ, ਊਠ ਤੇ ਟਾਂਗੇ ਦੀ ਸਵਾਰੀ ਦਾ ਲੋਕਾਂ ਵੱਲੋਂ ਭਰਪੂਰ ਲੁਤਫ਼ ਲਿਆ ਜਾ ਰਿਹਾ ਹੈ। ਮਾਨਸਾ ਵਾਸੀ ਸ਼ੈਂਟੀ ਦਾ ਕਹਿਣਾ ਹੈ ਕਿ ਉਸ ਕੋਲ ਦੋ ਘੋੜੀਆਂ ਤੇ ਇੱਕ ਟਾਂਗਾ ਹੈ, ਜੋ ਕਿ ਉਸ ਨੇ ਆਪਣੇ ਸ਼ੌਕ ਲਈ ਰੱਖਿਆ ਹੋਇਆ ਹੈ। ਉਸ ਨੇ ਕਿਹਾ ਕਿ ਵੱਖ-ਵੱਖ ਮੇਲਿਆਂ ਵਿੱਚ ਉਹ ਘੋੜੀਆਂ ਤੇ ਟਾਂਗਾ ਲੈ ਕੇ ਜਾਂਦਾ ਹੈ, ਜਿਸ ਨਾਲ ਲੋਕ ਪੁਰਾਤਨ ਸੰਸਕ੍ਰਿਤੀ ਤੋਂ ਰੂ ਬ ਰੂ ਹੁੰਦੇ ਹਨ। ਸ਼ੈਂਟੀ ਦੇ ਦੱਸਣ ਮੁਤਾਬਕ ਅਜਿਹੇ ਮੇਲਿਆਂ ਵਿੱਚ ਜਿੱਥੇ ਚੰਗੀ ਆਮਦਨ ਹੋ ਜਾਂਦੀ ਹੈ, ਉੱਥੇ ਮੇਲੇ ਵਿੱਚ ਆਏ ਬੱਚਿਆਂ ਸਮੇਤ ਹੋਰਨਾਂ ਦਰਸ਼ਕਾਂ ਨੂੰ ਮਨੋਰੰਜਨ ਦਾ ਇੱਕ ਵੱਖਰਾ ਸਾਧਨ ਮਿਲ ਜਾਂਦਾ ਹੈ। ਮੇਰਠ ਤੋਂ ਆਏ ਮੁਸੱਵਰ ਨੇ ਦੱਸਿਆ ਕਿ ਮੇਲੇ ਵਿਚ ਮੌਜੂਦ ਊਠ ਟਿੱਬਿਆਂ ਦੇ ਮੇਲੇ ਦੀ ਤਰਜਮਾਨੀ ਕਰ ਰਿਹਾ ਹੈ। ਉਸ ਨੇ ਦੱਸਿਆ ਕਿ ਊਠ ਨੂੰ ਰੇਗਿਸਤਾਨ ਦਾ ਜਹਾਜ਼ ਦੱਸਿਆ ਜਾਂਦਾ ਹੈ, ਜਿਸ ਨੂੰ ਲੈ ਕੇ ਊਠ ਦੀ ਸਵਾਰੀ ਕਰਨ ਵਾਲੇ ਬੱਚੇ ਧਰਤੀ 'ਤੇ ਹੀ ਹਵਾ 'ਚ ਉੱਡਣ ਵਾਲੇ ਜਹਾਜ਼ ਦਾ ਆਨੰਦ ਮਾਣਦੇ ਹਨ। ਉਸ ਦਾ ਕਹਿਣਾ ਹੈ ਕਿ ਊਠ 'ਤੇ ਬੈਠਣ ਵਾਲੇ ਲੋਕ ਤੇ ਬੱਚੇ ਊਠ ਦੇ ਉੱਠਣ ਵੇਲੇ ਡਰ ਮਹਿਸੂਸ ਕਰਦੇ ਹਨ, ਪ੍ਰੰਤੂ ਸਵਾਰੀ ਵਾਲੇ ਊਠ ਨੂੰ ਉਨ੍ਹਾਂ ਵੱਲੋਂ ਪਹਿਲਾਂ ਤੋਂ ਹੀ ਸਿਖਲਾਈ ਦਿੱਤੀ ਜਾਂਦੀ ਹੈ।

# ਸੀਹਾਂਪਾੜੀ ਦੇ ਸਰਕਾਰੀ ਸਕੂਲ 'ਚ ਮਨਾਇਆ ਸਾਲਾਨਾ ਖੇਡ ਉਤਸਵ

**ਜ਼ੀਰਾ (ਨਰਿੰਦਰ ਅਨੇਜਾ)**-ਸਰਕਾਰੀ ਹਾਈ ਸਕੂਲ ਸੀਹਾਂਪਾੜੀ 'ਚ ਸਾਲਾਨਾ ਖੇਡ ਬੜੇ ਜੋਸ਼ੋ ਜਰਾਸ਼ ਨਾਲ ਮਨਾਇਆ ਗਿਆ। ਦੋ ਦਿਨ ਚੱਲੇ ਇਸ ਖੇਡ ਉਤਸਵ ਦਾ ਉਦਘਾਟਨ ਸਾਬਕਾ ਮੁੱਖ ਅਧਿਆਪਕ ਸੁਰਜੀਤ ਸਿੰਘ, ਜਸਵੰਤ ਸਿੰਘ ਲਾਟ ਅਤੇ ਗੁਰਪਾਲ ਸਿੰਘ ਨੇ ਕੀਤਾ ਅਤੇ ਉਹਨਾਂ ਨੇ ਬੱਚਿਆਂ ਨੂੰ ਖੇਡਾਂ ਦੀ ਮਹੱਤਤਾ ਦੱਸਦੇ ਹੋਏ ਖੇਡ ਭਾਵਨਾ ਨਾਲ ਖੇਡਣ ਲਈ ਪ੍ਰੇਰਿਤ ਕੀਤਾ। ਸੀਹਾਂ ਪੀੜੀ ਦੇ ਅਧਿਆਪਕ ਰਾਜਬੀਰ ਸਿੰਘ ਨੇ ਵੀ ਬੱਚਿਆਂ ਨੂੰ ਮੋਬਾਇਲ ਗੇਮਾਂ ਛੱਡ ਕੇ ਅਸਲ ਗੇਮਾਂ ਖੇਡਣ ਦੇ ਲਈ ਪ੍ਰੇਰਿਤ ਕੀਤਾ। ਖੇਡ ਉਤਸਵ 'ਚ 100 ਮੀਟਰ, 200 ਮੀਟਰ, 400 ਮੀਟਰ, ਰਿਲੇ ਦੌੜਾਂ, ਸ਼ੋਟਪੁੱਟ, ਲੰਮੀ ਛਾਲ, ਬੈਡਮਿੰਟਨ ਅਤੇ ਰੱਸਾਕੱਸੀ ਮੁਕਾਬਲੇ ਕਰਵਾਏ ਗਏ। ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ ਸੀਨੀਅਰ ਵਰਗ 'ਚ ਰਣਬੀਰ ਸਿੰਘ, ਸੰਦੀਪ ਕੌਰ ਅਤੇ ਜੂਨੀਅਰ ਵਰਗ ਵਿੱਚ ਗੈਵੀ ਸਿੰਘ, ਮਨਦੀਪ ਕੌਰ ਨੂੰ ਬੈਸਟ ਐਥਲੀਟ ਦਾ ਅਵਾਰਡ ਦਿੱਤਾ ਗਿਆ। ਇਸ ਦੌਰਾਨ ਬੈਸਟ ਹਾਊਸ ਦੀਟਰੋਫੀ ਲੋਟਸ ਹਾਊਸ ਨੇ ਜਿੱਤੀ। ਇਨਾਮ ਵੰਡ ਸਮਾਰੋਹ 'ਚ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸ੍ਰੀਮਤੀ ਦਲਜੀਤ ਕੌਰ, ਸੁਖਵਿੰਦਰ ਸਿੰਘ ਫੌਜੀ, ਸਵਰਨ ਸਿੰਘ ਉਚੇਚੇ ਤੌਰ 'ਤੇ ਪਹੁੰਚੇ। ਅੰਤ 'ਚ ਮੁੱਖ ਅਧਿਆਪਕ ਕੰਵਲਜੀਤ ਸਿੰਘ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਸਟਾਫ 'ਚੋਂ ਸੁਖਵਿੰਦਰ ਸਿੰਘ, ਰਾਜਬੀਰ ਸਿੰਘ, ਸਤਨਾਮ ਸਿੰਘ, ਕਰਨਦੀਪ ਸਿੰਘ, ਅਮਿਤ ਕੁਮਾਰ, ਸ੍ਰੀਮਤੀ ਕੁਲਦੀਪ ਕੌਰ, ਸ੍ਰੀਮਤੀ ਮਨਜੀਤ ਕੌਰ, ਮਿਸ ਹਰਮਨਪ੍ਰੀਤ ਕੌਰ, ਸ੍ਰੀਮਤੀ ਪ੍ਰਭਜੋਤ ਕੌਰ, ਗੁਰਮੀਤ ਕੌਰ, ਸੁਖਜੀਤ ਕੌਰ, ਗੁਰਜੀਤ ਸਿੰਘ ਹਾਜ਼ਰ ਸਨ।

# ਭਾਜਪਾ ਆਗੂ ਪ੍ਰਦੀਪ ਸਿੰਗਲਾ ਹਲਕਾ ਰਾਮਪੁਰਾ ਫੂਲ ਦੇ ਇੰਚਾਰਜ ਬਣਾਏ



**ਜੈਤੋ (ਸਤੀਸ਼ ਕੁਮਾਰ ਭੀਰੀ)**-ਜੈਤੋ ਤੋਂ ਲਗਾਤਾਰ ਤਿੰਨ ਵਾਰ ਜਿੱਤ ਦੀ ਹੈਟ੍ਰਿਕ ਲਾਉਣ ਵਾਲੇ ਨਗਰ ਕੌਂਸਲ ਦੇ ਸਾਬਕਾ ਮੀਤ ਪ੍ਰਧਾਨ ਅਤੇ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਪ੍ਰਦੀਪ ਸਿੰਗਲਾ ਨੂੰ ਲੋਕ ਸਭਾ ਹਲਕਾ ਫਰੀਦਕੋਟ ਅਧੀਨ ਪੈਂਦੇ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਪ੍ਰਦੀਪ ਸਿੰਗਲਾ ਦੀ ਨਿਯੁਕਤੀ ਦਾ ਐਲਾਨ ਭਾਰਤੀ ਖੁਰਾਕ ਨਿਗਮ ਭਾਰਤ ਸਰਕਾਰ ਦੇ ਡਾਇਰੈਕਟਰ ਅਤੇ ਲੋਕ ਸਭਾ ਫਰੀਦਕੋਟ ਦੇ ਇੰਚਾਰਜ ਜੀਵਨ ਗਰਗ ਅਤੇ ਕਨਵੀਨਰ ਵਿਜੇ ਸ਼ਰਮਾ ਨੇ ਉਨ੍ਹਾਂ ਨੂੰ ਸਿਰੋਪਾ ਪਾ ਕੇ ਕੀਤਾ। ਇਸ ਤੋਂ ਬਾਅਦ ਜ਼ਿਲ੍ਹਾ ਫ਼ਰੀਦਕੋਟ ਭਾਜਪਾ ਦੇ ਪ੍ਰਧਾਨ ਗਗਨ ਸੁਖੀਜਾ, ਪੰਜਾਬ ਭਾਜਪਾ ਸਕੱਤਰ ਦੁਰਗੇਸ਼ ਸ਼ਰਮਾ, ਵਿਧਾਨ ਸਭਾ ਫਰੀਦਕੋਟ ਦੇ ਕਨਵੀਨਰ ਗੌਰਵ ਕੱਕੜ, ਪੰਜਾਬ ਭਾਜਪਾ ਕਾਰਜਕਾਰਨੀ ਮੈਂਬਰ ਪ੍ਰਦੀਪ ਸਰਮਾ, ਸਾਬਕਾ ਜ਼ਿਲ੍ਹਾ ਪ੍ਰਧਾਨ ਜੈ ਪਾਲ ਤੇ ਹੋਰ ਭਾਜਪਾ ਆਗੂਆਂ ਨੇ ਵੀ ਪ੍ਰਦੀਪ ਸਿੰਗਲਾ ਨੂੰ ਇਸ ਨਿਯੁਕਤੀ ਤੇ ਵਧਾਈ ਦਿੱਤੀ। ਜ਼ਿਲ੍ਹਾ ਫ਼ਰੀਦਕੋਟ ਭਾਜਪਾ ਪ੍ਰਧਾਨ ਗਗਨ ਸੁਖੀਜਾ ਨੇ ਕਿਹਾ ਕਿ ਪ੍ਰਦੀਪ ਸਿੰਗਲਾ ਦੀ ਹਲਕਾ ਰਾਮਪੁਰਾ ਫੂਲ ਵਿਧਾਨ ਸਭਾ ਦੇ ਇੰਚਾਰਜ ਵਜੋਂ ਨਿਯੁਕਤੀ ਪਾਰਟੀ ਹਾਈਕਮਾਨ ਦਾ ਬਿਲਕੁਲ ਸਹੀ ਫੈਸਲਾ ਹੈ, ਕਿਉਂਕਿ ਇਸ ਤੋਂ ਪਹਿਲਾਂ ਵੀ ਪ੍ਰਦੀਪ ਸਿੰਗਲਾ ਬਾਘਾਪੁਰਾਣਾ ਵਿਧਾਨ ਸਭਾ ਦੇ ਇੰਚਾਰਜ ਵਜੋਂ ਸਫ਼ਲਤਾਪੂਰਵਕ ਸੇਵਾਵਾਂ ਨਿਭਾਅ ਚੁੱਕੇ ਹਨ ਤੇ ਇਸ ਤੋਂ ਇਲਾਵਾ ਫਗਵਾੜਾ, ਹੁਸ਼ਿਆਰਪੁਰ, ਮੋਗਾ, ਹੋਰ ਚੋਣਾਂ ਅਤੇ ਜ਼ਿਮਨੀ ਚੋਣਾਂ ਵਿੱਚ ਪਾਰਟੀ ਲਈ ਕੰਮ ਕਰਨ ਦਾ ਤਜਰਬਾ ਰੱਖਦੇ ਹਨ।

## ਕਾਤਰਾਂ

### ਚਹੇਤਿਆਂ ਨੂੰ ਸੁਵਿਧਾਵਾਂ ਦੇਣ ਤੋਂ ਸਿਵਾਏ ਸਰਕਾਰ ਨੇ ਕੁਝ ਨਹੀਂ ਕੀਤਾ : ਹਰਪਾਲ ਸੋਨੂੰ

**ਸੰਗਰੂਰ (ਪ੍ਰਵੀਨ ਸਿੰਘ)**-ਕਾਂਗਰਸ ਪਾਰਟੀ ਦੇ ਸੰਗਰੂਰ ਤੋਂ ਮੁੱਖ ਬੁਲਾਰੇ ਅਤੇ ਓ ਬੀ ਸੀ ਵਿੰਗ ਪੰਜਾਬ ਕਾਂਗਰਸ ਕਮੇਟੀ ਦੇ ਸੂਬਾਈ ਚੇਅਰਮੈਨ ਹਰਪਾਲ ਸਿੰਘ ਸੋਨੂੰ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਦੇ ਨਾਂਅ ਹੇਠ ਸਰਕਾਰ ਵੱਲੋਂ ਦਿੱਤੀ ਗਈ ਸੁਵਿਧਾ ਦਾ ਆਮ ਲੋਕਾਂ ਨੂੰ ਕੋਈ ਲਾਭ ਨਹੀਂ ਹੋਇਆ ਹੈ। ਕਿਉਂਕਿ ਹੁਣ ਤੱਕ ਇਸ ਯਾਤਰਾ ਲਈ ਕਿਵੇਂ ਅਤੇ ਕਿੱਥੇ ਅਪਲਾਈ ਕਰਨਾ ਹੈ, ਇਸ ਬਾਰੇ ਆਮ ਲੋਕਾਂ ਨੂੰ ਕੋਈ ਜਾਣਕਾਰੀ ਨਹੀਂ ਹੈ। ਜਿਸ ਤੋਂ ਸਾਫ ਪਤਾ ਚਲਦਾ ਹੈ ਕਿ ਇਹ ਯਾਤਰਾ ਸਿਰਫ ਆਮ ਆਦਮੀ ਪਾਰਟੀ ਦੇ ਖਾਸ ਲੋਕਾਂ ਲਈ ਹੀ ਬਣਾਈ ਗਈ ਹੈ। ਹਰਪਾਲ ਸੋਨੂੰ ਨੇ ਅੱਗੇ ਕਿਹਾ ਕਿ ਸਰਕਾਰ ਨੂੰ ਸੱਤਾ ਵਿੱਚ ਆਏ ਦੋ ਸਾਲ ਦੇ ਕਰੀਬ ਸਮਾਂ ਹੋ ਗਿਆ ਹੈ, ਪਰ ਲੋਕਾਂ ਨਾਲ ਚੋਣਾਂ ਵੇਲੇ ਕੀਤੇ ਵਾਅਦਿਆਂ 'ਚੋਂ ਇੱਕ ਵੀ ਪੂਰਾ ਨਹੀਂ ਕੀਤਾ। ਜਿਸ ਕਾਰਨ ਲੋਕ ਇਸ ਸਰਕਾਰ ਤੋਂ ਬਹੁਤ ਜਲਦੀ ਅੱਕ ਗਏ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਉਣ ਵਾਲੀਆਂ ਪੰਚਾਇਤੀ ਤੇ ਮਿਊਂਸਪਲ ਚੋਣਾਂ ਵਿੱਚ ਲੋਕ ਜੁਮਲਿਆਂ ਦੀ ਸਰਕਾਰ ਦਾ ਵਹਿਮ ਦੂਰ ਕਰ ਦੇਣਗੇ ਅਤੇ ਸਰਕਾਰ ਕੋਲ ਅਜੇ ਵੀ ਤਿੰਨ ਸਾਲ ਦਾ ਕਾਰਜਕਾਲ ਬਚਿਆ ਹੈ, ਜੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਾ ਹੋਏ ਤਾਂ ਲੋਕ ਆਮ ਆਦਮੀ ਪਾਰਟੀ ਨੂੰ ਦੁਬਾਰਾ ਮੂੰਹ ਨਹੀਂ ਲਾਉਣਗੇ।

### ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਨੇ ਅੱਠ ਦਿਨਾਂ 'ਚ ਲਗਾਇਆ ਕੈਨੇਡਾ ਦਾ ਵਿਜ਼ਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿਗਲਾ)**-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਐਕਸਪਰਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸਰਵਿਸ ਵੱਲੋਂ ਲਾਭ ਸਿੰਘ ਗਿੱਲ ਪੁੱਤਰ ਗੱਜਣ ਸਿੰਘ ਵਾਸੀ ਕਾਲੇਕੇ ਦਾ ਕੈਨੇਡਾ ਦਾ ਵਿਜ਼ਟਰ ਵੀਜ਼ਾ ਸਿਰਫ਼ ਅੱਠ ਦਿਨਾਂ ਵਿੱਚ ਲਗਵਾ ਕੇ ਦਿੱਤਾ ਹੈ। ਉਕਤ ਜਾਣਕਾਰੀ ਦਿੰਦਿਆਂ ਸੰਸਥਾ ਦੇ ਦੇਵਾਂਸ ਗੋਇਲ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾਂ ਵੱਲੋਂ ਵਿਦਿਆਰਥੀਆਂ ਨੂੰ ਆਈਲੈਟਸ ਦੀ ਕੋਚਿੰਗ ਦੇਣ ਦੇ ਨਾਲ ਨਾਲ ਇਮੀਗ੍ਰੇਸ਼ਨ ਦੇ ਖੇਤਰ ਵਿਚ ਵੀ ਸ਼ਾਨਦਾਰ ਸੇਵਾਵਾਂ ਨਿਭਾ ਰਹੀ ਹੈ ਅਤੇ ਬਹੁਤ ਸਾਰੇ ਵਿਦਿਆਰਥੀਆਂ ਦਾ ਸੰਸਥਾ ਵੱਲੋਂ ਭਵਿੱਖ ਸੰਵਾਰਿਆ ਗਿਆ ਹੈ। ਇਸ ਮੌਕੇ ਸੰਸਥਾ ਦੇ ਹੈਡ ਦੇਵਾਂਸ ਗੋਇਲ ਨੇ ਲਾਭ ਸਿੰਘ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉਜਵੱਲ ਭਵਿੱਖ ਦੀ ਕਾਮਨਾਂ ਕੀਤੀ। ਇਸ ਮੌਕੇ ਸੰਸਥਾ ਦੇ ਹੈਡ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਵਿਦੇਸ਼ ਜਾ ਕੇ ਪੜ੍ਹਾਈ ਕਰਨ ਦੇ ਚਾਹਵਾਨ ਹਨ ਤਾਂ ਉਹ ਇਕ ਵਾਰ ਸੰਸਥਾ ਵਿੱਚ ਆ ਕੇ ਜ਼ਰੂਰ ਮਿਲਨ। ਇਸ ਮੌਕੇ ਦੇਵਾਂਸ ਗੋਇਲ ਨੇ ਲਾਭ ਸਿੰਘ ਨੂੰ ਵੀਜ਼ਾ ਕਾਪੀ ਸੌਂਪਦਿਆਂ ਵਧਾਈ ਦਿੱਤੀ।

### ਮਾਤਾ ਗੁਰਦੇਵ ਕੌਰ ਮੈਮੋਰੀਅਲ ਐਜੂਕੇਸ਼ਨਲ ਇੰਸਟੀਚਿਊਟ ਦਾ ਨਤੀਜਾ ਸ਼ਾਨਦਾਰ

**ਬਰੇਟਾ (ਰੀਤਵਾਲ)**-ਮਾਤਾ ਗੁਰਦੇਵ ਕੌਰ ਮੈਮੋਰੀਅਲ ਐਜੂਕੇਸ਼ਨਲ ਇੰਸਟੀਚਿਊਟ ਦੇ ਡੀ.ਐੱਲ.ਐੱਡ. ਦੇ ਸੈਸ਼ਨ (2021-23) ਸਾਲ ਪਹਿਲਾਂ ਦਾ ਨਤੀਜਾ ਸ਼ਾਨਦਾਰ ਰਿਹਾ, ਜਿਸ ਵਿੱਚੋਂ ਵੀਰਪਾਲ ਕੌਰ (85.39%), ਸਿਮਰਨਜੀਤ ਕੌਰ (84.60%) ਅਤੇ ਸੈਫੀ ਰਾਣੀ (82.95%) ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇੰਸਟੀਚਿਊਟ ਦੇ ਪ੍ਰਿੰਸੀਪਲ ਡਾ. ਰਾਜਵੀਰ ਕੌਰ ਨੇ ਵਿਦਿਆਰਥਣਾਂ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਉਹਨਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਸੰਸਥਾ ਦੇ ਚੇਅਰਮੈਨ ਪਰਮਿੰਦਰ ਸਿੰਘ ਕਟੌਦੀਆਂ ਨੇ ਸਮੂਹ ਸਟਾਫ਼ ਤੇ ਵਿਦਿਆਰਥਣਾਂ ਦੀ ਲਗਨ ਅਤੇ ਮਿਹਨਤ ਦੀ ਪ੍ਰਸ਼ੰਸਾ ਕੀਤੀ।

### ਬਿਜਲੀ ਮੰਤਰੀ ਨੇ ਸੁਣੀਆਂ ਜਨ ਸਮੱਸਿਆਵਾਂ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ ਦੇ ਬਿਜਲੀ ਮੰਤਰੀ ਚੌ: ਰਣਜੀਤ ਸਿੰਘ ਨੇ ਆਪਣੇ ਨਿਵਾਸ ਵਿਖੇ ਸਮੱਸਿਆਵਾਂ ਸੁਣੀਆਂ ਤੇ ਅਧਿਕਾਰੀਆਂ ਨੂੰ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ। ਇਸ ਦੌਰਾਨ ਆਮ ਲੋਕਾਂ ਵੱਲੋਂ ਬਿਜਲੀ, ਪੀਣ ਵਾਲੇ ਪਾਣੀ, ਗਲੀਆਂ-ਨਾਲੀਆਂ ਦੀ ਉਸਾਰੀ ਤੇ ਮੁਰੰਮਤ ਸਮੇਤ ਵੱਖ-ਵੱਖ ਵਿਭਾਗਾਂ ਨਾਲ ਸਬੰਧਤ ਸਮੱਸਿਆਵਾਂ ਬਿਜਲੀ ਮੰਤਰੀ ਅੱਗੇ ਪੇਸ਼ ਕੀਤੀਆਂ।ਬਿਜਲੀ ਮੰਤਰੀ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਜਨ ਸਮੱਸਿਆਵਾਂ ਨੂੰ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਹੱਲ ਕਰਨ ਲਈ ਬਣਦੀ ਕਾਰਵਾਈ ਕਰਨ ਤਾਂ ਜੁ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਜਲਦੀ ਹੱਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਆਮ ਲੋਕਾਂ ਦੇ ਹਿੱਤ ਵਿੱਚ ਕੰਮ ਕਰ ਰਹੀ ਹੈ।ਅੱਜ ਹਰ ਵਰਗ ਸਰਕਾਰ ਦੀਆਂ ਨੀਤੀਆਂ ਤੋਂ ਖੁਸ਼ ਹੈ।ਸਰਕਾਰ ਲੋਕ ਭਲਾਈ ਦੇ ਕੰਮਾਂ ਲਈ ਵਚਨਬੱਧ ਹੈ ਤੇ ਲੋਕ ਭਲਾਈ ਨੀਤੀਆਂ ਨੂੰ ਲਗਾਤਾਰ ਲਾਗੂ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸਰਕਾਰ ਲਈ ਲੋਕ ਹਿੱਤ ਸਭ ਤੋਂ ਉਪਰ ਹੈ। ਇਸ ਦੌਰਾਨ ਵੱਖ-ਵੱਖ ਪਿੰਡਾਂ ਦੇ ਲੋਕਾਂ ਨੇ ਬਿਜਲੀ ਮੰਤਰੀ ਅੱਗੇ ਆਪਣੀਆਂ ਸਮੱਸਿਆਵਾਂ ਰੱਖੀਆਂ।

# ਸਟੇਟ ਹਾਈਵੇ 'ਤੇ ਸਥਿਤ ਰੇਲਵੇ ਪੁਲ 'ਤੇ ਬਣਿਆ ਟੋਆ ਭਰਿਆ



**ਕੋਟਕਪੂਰਾ (ਰਛਪਾਲ ਭੁੱਲਰ)**

ਅੰਮ੍ਰਿਤਸਰ-ਬਠਿੰਡਾ-ਕੋਟਕਪੂਰੇ ਸ਼ਹਿਰ ਵਿੱਚੋਂ ਲੰਘਦੇ ਸਟੇਟ ਹਾਈਵੇ 'ਤੇ ਸਥਿਤ ਰੇਲਵੇ ਪੁਲ ਉੱਪਰ ਵੱਡੇ ਟੋਏ ਨੂੰ ਪੂਰਦਿਆਂ ਤੇ ਉਸਦੀ ਮੁਰੰਮਤ ਕਰਦਿਆਂ ਗੁੱਡ ਮੌਰਨਿੰਗ ਵੈਲਫੇਅਰ ਕਲੱਬ ਦੇ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਸ ਟੋਏ ਕਾਰਨ ਹੁਣ ਤੱਕ ਅਨੇਕਾਂ ਛੋਟੇ ਵੱਡੇ ਹਾਦਸੇ ਵਾਪਰ ਚੁੱਕੇ ਹਨ, ਕਿਉਂਕਿ ਉਕਤ ਟੋਇਆ ਕਦੇ ਵੀ ਜਾਨਲੇਵਾ ਸਾਬਤ ਹੋ ਸਕਦਾ ਸੀ।

ਉਨ੍ਹਾਂ ਦੱਸਿਆ ਕਿ ਸਾਡੀਆਂ ਅੱਖਾਂ ਸਾਹਮਣੇ ਦੁਪਹੀਆ ਵਾਹਨ ਚਾਲਕਾਂ ਨਾਲ ਵਾਪਰੇ ਹਾਦਸੇ ਤੋਂ ਬਾਅਦ ਉਨ੍ਹਾਂ ਗੁੱਡ ਮੌਰਨਿੰਗ ਕਲੱਬ ਵੱਲੋਂ ਇਸ ਦੀ ਮੁਰੰਮਤ ਕਰਾਉਣ ਦਾ ਫੈਸਲਾ ਲਿਆ। ਕਲੱਬ ਦੇ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ, ਪ੍ਰੈਸ ਸਕੱਤਰ ਗੁਰਮੀਤ ਸਿੰਘ ਮੀਤਾ ਅਤੇ ਡਾ. ਰਵਿੰਦਰਪਾਲ ਕੋਛੜ ਨੇ ਦੱਸਿਆ ਕਿ ਅਜੇ ਚਾਰ ਸਾਲ ਤੋਂ ਵੀ ਘੱਟ ਸਮਾਂ ਪਹਿਲਾਂ ਇਹ ਪੁਲ ਸ਼ੁਰੂ ਹੋਇਆ ਸੀ ਅਤੇ ਕੋਟਕਪੂਰਾ ਤੋਂ ਫ਼ਰੀਦਕੋਟ ਜਾਣ ਵਾਲੀ ਮੁੱਖ ਸੜਕ ਹੋਣ ਕਰਕੇ ਉਕਤ ਖੱਡਾ ਹਾਦਸਿਆਂ ਦਾ ਸਬੱਬ ਬਣ ਰਿਹਾ ਸੀ। ਉਨ੍ਹਾਂ ਆਖਿਆ ਕਿ ਭਾਵੇਂ ਇਸ ਬਾਰੇ ਸਬੰਧਤ ਠੇਕੇਦਾਰ ਨੂੰ ਤਲਬ ਕਰਕੇ ਜਵਾਬਦੇਹ ਬਣਾਉਣਾ ਚਾਹੀਦਾ ਹੈ, ਪਰ ਗੁੱਡ ਮੌਰਨਿੰਗ ਵੈਲਫੇਅਰ ਕਲੱਬ ਨੇ ਜ਼ਿਆਦਾ ਉਡੀਕ ਕਰਨ ਦੀ ਬਜਾਇ ਉਕਤ ਸਮੱਸਿਆ ਖੁਦ ਹੀ ਹੱਲ ਕਰਨ ਦਾ ਫ਼ੈਸਲਾ ਕੀਤਾ, ਜਿਸ ਦੀ ਪ੍ਰਸੰਸਾ ਹੋਣੀ ਸੁਭਾਵਕ ਹੈ। ਜ਼ਿਕਰਯੋਗ ਹੈ ਕਿ ਅਕਾਲੀ-ਭਾਜਪਾ ਗਠਜੋੜ ਤੇ ਕਾਂਗਰਸ ਦੀਆਂ ਸਰਕਾਰਾਂ ਦੇ ਵਿਕਾਸ ਕਾਰਜਾਂ ਦੀ ਕਾਰਗੁਜ਼ਾਰੀ ਅਤੇ ਘਪਲੇਬਾਜ਼ੀ ਦੇ ਦੋਸ਼ ਲਾਉਂਦਿਆਂ ਸੱਤਾਧਾਰੀ ਧਿਰ ਨੇ ਬਹੁਤ ਸਾਰੇ ਪ੍ਰਗਟਾਵੇ ਤੇ ਖੁਲਾਸੇ ਕੀਤੇ ਹਨ, ਪਰ ਉਕਤ ਰੇਲਵੇ ਪੁਲ ਉੱਪਰ ਬਣੇ ਖੱਡੇ ਬਾਰੇ ਕਿਸੇ ਵੀ ਠੇਕੇਦਾਰ ਜਾਂ ਸਬੰਧਤ ਵਿਭਾਗ ਦੇ ਅਧਿਕਾਰੀ ਨੂੰ ਜਵਾਬਦੇਹ ਬਣਾਉਣ ਦੀ ਜ਼ਰੂਰਤ ਹੀ ਨਹੀਂ ਸਮਝੀ ਜਾ ਰਹੀ।

# ਰਮੇਸ਼ਵਰ ਝੰਡਾ ਖੁਰਦ ਟੈਕਨੀਸ਼ੀਅਨ ਗਰੇਡ 1 ਨੂੰ ਜਥੇਬੰਦੀਆਂ ਨੇ ਕੀਤਾ ਸਨਮਾਨਤ



**ਮਾਨਸਾ (ਆਤਮਾ ਸਿੰਘ ਪਮਾਰ)**

ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਰਜਿ 36 (ਪੰਜਾਬ) ਦੀ ਬ੍ਰਾਂਚ ਮਾਨਸਾ ਵੱਲੋਂ ਆਪਣੇ ਆਗੂ ਸਾਥੀ ਰਮੇਸ਼ਵਰ ਝੰਡਾ ਖੁਰਦ ਲਈ ਸਰਦੂਲਗੜ੍ਹ ਵਿਖੇ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਰੱਖਿਆ ਗਿਆ।

ਪ੍ਰੈਸ ਸਕੱਤਰ ਬਾਬੂ ਸਿੰਘ ਫ਼ਤਿਹਪੁਰ ਨੇ ਦੱਸਿਆ ਕਿ ਉਨ੍ਹਾਂ ਦੇ ਆਗੂ ਸਾਥੀ ਰਮੇਸ਼ਵਰ ਝੰਡਾ ਖੁਰਦ ਨੇ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਵਿਭਾਗ ਵਿੱਚ ਇਮਾਨਦਾਰੀ ਅਤੇ ਵਫ਼ਾਦਾਰੀ ਨਾਲ 35 ਸਾਲ 4 ਮਹੀਨੇ ਆਪਣੀ ਬੇਦਾਗ਼ ਨੌਕਰੀ ਕਰਕੇ ਜਥੇਬੰਦੀ ਅਤੇ ਆਪਣੀ ਸਬ ਡਵੀਜ਼ਨ ਸਰਦੂਲਗੜ੍ਹ ਦਾ ਨਾਂਅ ਰੌਸ਼ਨ ਕੀਤਾ। ਇਸ ਸਨਮਾਨ ਸਮਾਰੋਹ ਵਿੱਚ ਡਵੀਜ਼ਨ ਨੰ 1 ਮਾਨਸਾ ਕਾਰਜਕਾਰੀ ਇੰਜਨੀਅਰ ਕੇਵਲ ਕੁਮਾਰ ਗਰਗ ਤੇ ਸਬ ਡਵੀਜ਼ਨ ਸਰਦੂਲਗੜ੍ਹ ਉਪ ਮੰਡਲ ਇੰਜਨੀਅਰ ਕਰਮਜੀਤ ਸਿੰਘ ਸਿੱਧੂ, ਜੇ.ਈ ਸਹਿਬਾਨ ਤੇ ਸਮੂਹ ਦਫ਼ਤਰੀ ਸਟਾਫ਼ ਵੱਲੋਂ ਸਾਥੀ ਨੂੰ ਵਿਸ਼ੇਸ਼ ਸਨਮਾਨ ਦੇ ਕੇ ਸਾਡੇ ਸਾਥੀ ਅਤੇ ਜਥੇਬੰਦੀ ਦਾ ਮਾਨ ਵਧਾਇਆ। ਜਥੇਬੰਦੀ ਨੇ ਸਾਥੀ ਨੂੰ ਸਨਮਾਨਤ ਕਰਦਿਆਂ ਬਹੁਤ ਮਾਣ ਮਹਿਸੂਸ ਕੀਤਾ। ਨਗਰ ਪੰਚਾਇਤ ਝੰਡਾ ਖੁਰਦ ਦੇ ਸਰਪੰਚ ਜੈ ਸਿੰਘ ਜਾਖੜ, ਸੁਧੀਰ ਕੁਮਾਰ ਨੰਬਰਦਾਰ ਨੇ ਵੀ ਸਾਥੀ ਨੂੰ ਇਸ ਸਮਾਰੋਹ ਵਿਚ ਸ਼ਾਮਲ ਹੋ ਸਨਮਾਨਤ ਕੀਤਾ। ਭਰਾਤਰੀ ਜਥੇਬੰਦੀ ਫੀਲਡ ਐਂਡ ਵਰਕਸ਼ਾਪ ਵਿਗਿਆਨਕ ਵੱਲੋਂ ਬਿੱਕਰ ਸਿੰਘ ਮਾਖਾ, ਹਿੰਮਤ ਸਿੰਘ ਦੂਲੋਵਾਲ, ਰਾਜ ਕੁਮਾਰ ਆਦਿ ਵੱਲੋਂ ਵੀ ਸਾਥੀ ਦਾ ਸਨਮਾਨ ਕੀਤਾ ਗਿਆ। ਸਟੇਜ ਦੀ ਕਾਰਵਾਈ ਸੀਤਲ ਸਿੰਘ ਉੱਡਤ ਨੇ ਬਾਖੂਬੀ ਨਿਭਾਈ। ਵਿਸ਼ੇਸ਼ ਤੌਰ 'ਤੇ ਪਹੁੰਚੇ ਐਕਸੀਅਨ ਮਾਨਸਾ ਨੇ ਕਿਹਾ ਕਿ ਰਮੇਸ਼ਵਰ ਦੀ ਫੀਲਡ ਵਿੱਚ ਕੀਤੀ ਸਖਤ ਮਿਹਨਤ ਨੇ ਸਾਡੇ ਵਿਭਾਗ ਦਾ ਮਾਣ ਵਧਾਇਆ, ਸਾਨੂੰ ਆਪਣੇ ਮਿਹਨਤੀ ਕਰਮਚਾਰੀ ਨੂੰ ਸਨਮਾਨਤ ਕਰਦਿਆਂ ਬਹੁਤ ਮਾਣ ਮਹਿਸੂਸ ਹੁੰਦਾ ਹੈ, ਉਪ ਮੰਡਲ ਇੰਜਨੀਅਰ ਕਰਮਜੀਤ ਸਿੰਘ ਸਿੱਧੂ ਨੇ ਵੀ ਰਮੇਸ਼ਵਰ ਦੀ ਸੇਵਾਮੁਕਤੀ ਹੋਣ ਉਪਰ ਬੜੇ ਮਾਣ ਨਾਲ ਕਿਹਾ ਕਿ ਰਮੇਸ਼ਵਰ ਝੰਡਾ ਖੁਰਦ ਸਾਡੇ ਦਫ਼ਤਰ ਦੀ ਸ਼ਾਨ ਸਨ। ਮੰਚ ਉਪਰ ਬੈਠੇ ਇਸ ਸਮਾਰੋਹ ਦੇ ਹੀਰੋ ਸਾਥੀ ਰਮੇਸ਼ਵਰ ਝੰਡਾ ਖੁਰਦ ਅਤੇ ਉਨ੍ਹਾਂ ਦੀ ਜੀਵਨ ਸਾਥਣ ਸੀਤਾ ਦੇਵੀ ਅਤੇ ਸਮੂਹ ਪਰਿਵਾਰ ਨੂੰ ਵਧਾਈ ਦਿੰਦਿਆਂ ਬ੍ਰਾਂਚ ਪ੍ਰਧਾਨ ਜਗਦੇਵ ਸਿੰਘ ਘੁਰਕਣੀ ਵਲੋਂ ਐਕਸੀਅਨ ਸਹਿਬ ਮਾਨਸਾ, ਉਪ ਮੰਡਲ ਇੰਜਨੀਅਰ ਸਰਦੂਲਗੜ੍ਹ ਨੂੰ ਇਸ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਜੀ ਆਇਆਂ ਕਿਹਾ ਅਤੇ ਆਪਣੇ ਸਾਥੀ ਨੂੰ ਮਾਣ ਸਨਮਾਨ ਦੇਣ ਤੇ ਜਥੇਬੰਦੀ ਵੱਲੋਂ ਧੰਨਵਾਦ ਵੀ ਕੀਤਾ।

# ਰੈਪਿਡ ਐਕਸ਼ਨ ਫੋਰਸ ਦੇ ਜਵਾਨਾਂ ਨੇ ਕੀਤਾ ਇਲਾਕੇ ਦਾ ਨਿਰੀਖਣ



**ਭੀਖੀ (ਧਰਮਵੀਰ ਸ਼ਰਮਾ)**

ਰੈਪਿਡ ਐਕਸ਼ਨ ਫੋਰਸ ਦੀ ਬੀ-194 ਵੱਲੋਂ ਥਾਣਾ ਅਧੀਨ ਆਉਂਦੇ ਖੇਤਰ ਦਾ ਨਿਰੀਖਣ ਕਰਨ ਲਈ ਭੀਖੀ ਖੇਤਰ ਦਾ ਦੌਰਾ ਫੋਰਸ ਦੇ ਡੀਐਸਪੀ ਪ੍ਰਲਾਦ ਰਾਮ ਦੀ ਅਗਵਾਈ ਹੇਠ ਕੀਤਾ ਗਿਆ। ਜਿਸ ਦੌਰਾਨ ਉਨ੍ਹਾਂ ਖੇਤਰ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਸ਼ਹਿਰ ਅੰਦਰ ਫਲੈਗ ਮਾਰਚ ਵੀ ਕੀਤਾ ਗਿਆ। ਇਸ ਮੌਕੇ ਐਸਐਚਓ ਭੀਖੀ ਕੇਵਲ ਸਿੰਘ ਸਰਾ, ਸਬ ਇੰਸਪੈਕਟਰ ਰਜਿੰਦਰ ਸਿੰਘ, ਸਹਾਇਕ ਥਾਣੇਦਾਰ ਅੰਮ੍ਰਿਤਪਾਲ, ਮੁੱਖ ਮੁਨਸ਼ੀ ਮਨਦੀਪ ਸਿੰਘ, ਸਹਾਇਕ ਮੁਨਸ਼ੀ ਰਾਜਵਿੰਦਰ ਸਿੰਘ ਰਿੱਕੀ, ਹਰਪ੍ਰੀਤ ਸਿੰਘ ਤੇ ਹੋਰ ਵੀ ਹਾਜਰ ਸਨ। ਇਸ ਮੌਕੇ ਡੀਐਸਪੀ ਪ੍ਰਲਾਦ ਰਾਮ ਨੇ ਕਿਹਾ ਕਿ ਉਨ੍ਹਾਂ ਦੀ ਪਲਟੂਨ ਵੱਲੋਂ ਮਾਨਸਾ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ ਦਾ ਨਿਰੀਖਣ ਕਰਕੇ ਉਸਦੀ ਰੱਖਿਆ ਨੂੰ ਯਕੀਨੀ ਬਣਾਉਣਾ ਮੁੱਖ ਉਦੇਸ਼ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਅਧੀਨ ਆਉਂਦੇ ਖੇਤਰਾਂ ਦੀ ਜਾਂਚ ਕੀਤੀ ਜਾਵੇਗੀ ਤੇ ਸੰਵੇਦਨਸ਼ੀਲ ਅਤੇ ਅਤਿ ਸੰਵੇਦਨਸ਼ੀਲ ਥਾਵਾਂ ਦੀ ਨਿਗਰਾਨੀ ਕੀਤੀ ਜਾਵੇਗੀ। ਉਨ੍ਹਾਂ ਇਲਾਕੇ ਦੇ ਮੋਹਤਵਰ ਵਿਅਕਤੀਆਂ ਨਾਲ ਗੱਲਬਾਤ ਕਰਕੇ ਇਲਾਕੇ ਅੰਦਰ ਅਮਨ ਕਾਨੂੰਨ ਦੀ ਵਿਵਸਥਾ ਨੂੰ ਸੁਚਾਰੂ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਦੌਰੇ ਦਾ ਟੀਚਾ ਨਾਗਰਿਕਾਂ ਤੇ ਪ੍ਰਸ਼ਾਸਨ ਨਾਲ ਚੰਗਾ ਤਾਲਮੇਲ ਬਣਾਉਣਾ ਅਤੇ ਆਮ ਲੋਕਾਂ ਵਿੱਚ ਵਿਸ਼ਵਾਸ ਕਾਇਮ ਰੱਖਦੇ ਹੋਏ ਇਲਾਕੇ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕਰਕੇ ਕਾਨੂੰਨ ਵਿਵਸਥਾ ਬਰਕਰਾਰ ਰੱਖ ਕੇ ਆਮ ਲੋਕਾ ਦੀ ਸੁਰੱਖਿਆ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਫੋਰਸ ਵੱਲੋਂ 11 ਦਸੰਬਰ ਤੱਕ ਦੌਰਾ ਕਰੇਗੀ। ਇਸ ਮੌਕੇ ਉਨ੍ਹਾਂ ਐਸਐਚਓ ਕੇਵਲ ਸਿੰਘ ਨਾਲ ਮੁਲਾਕਾਤ ਕਰਕੇ ਭੀਖੀ ਇਲਾਕੇ ਦੀ ਜਾਣਕਾਰੀ ਹਾਸਲ ਕੀਤੀ।

# ਸਰਕਾਰ ਸੱਭਿਆਚਾਰ, ਸਿਹਤ ਤੇ ਸਿੱਖਿਆ ਦੇ ਮਿਆਰ ਨੂੰ ਹੋਰ ਉਚਾਈਆਂ 'ਤੇ ਲਿਜਾਣ ਲਈ ਵਚਨਬੱਧ : ਵਿਜੈ ਸਿੰਗਲਾ



**ਮਾਨਸਾ (ਆਤਮਾ ਸਿੰਘ ਪਮਾਰ)**

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੱਭਿਆਚਾਰ, ਸਿਹਤ ਤੇ ਸਿੱਖਿਆ ਦੇ ਮਿਆਰ ਨੂੰ ਹੋਰ ਵਧੇਰੇ ਉਚਾਈਆਂ 'ਤੇ ਲਿਜਾਣ ਲਈ ਵਚਨਬੱਧ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਨੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿਖੇ ਆਯੋਜਤ ਟਿੱਬਿਆਂ ਦੇ ਮੇਲੇ ਵਿੱਚ ਸ਼ਿਰਕਤ ਕਰਨ ਮੌਕੇ ਕੀਤਾ।

ਉਨ੍ਹਾਂ ਕਿਹਾ ਕਿ ਇਹ ਵੇਖ ਕੇ ਬੜੀ ਖ਼ੁਸ਼ੀ ਹੋਈ ਹੈ ਕਿ ਮੇਲੇ ਵਿੱਚ ਜਿੱਥੇ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਿਤ ਕੀਤਾ ਗਿਆ ਹੈ, ਉੱਥੇ ਹੀ ਸੈਲਫ਼ ਹੈਲਪ ਗਰੁੱਪਾਂ ਵਿੱਚ ਕੰਮ ਕਰਨ ਵਾਲੀਆਂ ਔਰਤਾਂ ਨੂੰ ਵੀ ਆਪਣੀ ਆਮਦਨ ਵਿੱਚ ਵਾਧਾ ਕਰਨ ਦਾ ਇੱਕ ਚੰਗਾ ਪਲੇਟਫਾਰਮ ਮਿਲਿਆ ਹੈ। ਇਸ ਨਾਲ ਜੋ ਔਰਤਾਂ ਸਿਰਫ਼ ਘਰਾਂ ਤੱਕ ਸੀਮਤ ਸਨ, ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਮੇਲੇ ਵਿੱਚ ਬਾਜ਼ੀਗਰਾਂ ਵੱਲੋਂ ਵਿਖਾਏ ਜਾ ਰਹੇ ਹੁਨਰ ਦੀ ਸ਼ਲਾਘਾ ਕੀਤੀ। ਉਨ੍ਹਾਂ ਇਸ ਮੌਕੇ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ। ਉਨ੍ਹਾਂ ਮੇਲੇ ਅੰਦਰ ਲੱਗੀਆਂ ਵੱਖ-ਵੱਖ ਸਟਾਲਾਂ ਦਾ ਦੌਰਾ ਕਰਕੇ ਵੱਖ-ਵੱਖ ਰਾਜਾਂ ਤੋਂ ਆਏ ਕਾਸ਼ਤਕਾਰਾਂ ਦੀ ਹੌਂਸਲਾ ਅਫ਼ਜ਼ਾਈ ਕੀਤੀ। ਉਨ੍ਹਾਂ ਜ਼ਿਲ੍ਹਾ ਮਾਨਸਾ ਦੇ ਸਮੂਹ ਵਸਨੀਕਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਦੀ ਸੁਚੱਜੀ ਅਗਵਾਈ ਹੇਠ ਇਸ ਖ਼ੂਬਸੂਰਤ ਮੇਲੇ ਦੀ ਦਿੱਖ ਤੇ ਹੋਰ ਆਨੰਦਮਈ ਪਲਾਂ ਦਾ ਭਰਪੂਰ ਲਾਹਾ ਲੈਣ ਦੀ ਅਪੀਲ ਕੀਤੀ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਵਿਧਾਇਕ ਡਾ. ਵਿਜੈ ਸਿੰਗਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# 'ਬੂਥ ਜੋੜੋ-ਯੂਥ ਜੋੜੋ' ਮੁਹਿੰਮ ਲਈ ਹੋਈ ਮੀਟਿੰਗ



**ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਵਿਧਾਨ ਸਭਾ ਹਲਕਾ ਸਮਰਾਲਾ ਦੇ ਕਾਂਗਰਸ ਪਾਰਟੀ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ 'ਬੂਥ ਜੋੜੋ-ਯੂਥ ਜੋੜੋ' ਮੁਹਿੰਮ ਦੀ ਸਫ਼ਲਤਾ ਲਈ ਵਰਕਰਾਂ ਤੇ ਆਗੂਆਂ ਦੀ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਉਚੇਚੇ ਤੌਰ 'ਤੇ ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਤੋਂ ਇੰਚਾਰਜ ਤੇ ਨੈਸ਼ਨਲ ਕੋਆਰਡੀਨੇਟਰ ਨਿਮਿਤ ਨਗਦਾ ਨੇ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਕਾਂਗਰਸ ਹਾਈਕਮਾਂਡ ਦੇ ਨਿਰਦੇਸ਼ ਹਨ ਕਿ ਪਾਰਟੀ ਨੂੰ ਮਜ਼ਬੂਤ ਕਰਨ ਲਈ ਬੂਥ ਪੱਧਰ 'ਤੇ ਨੌਜਵਾਨਾਂ ਨੂੰ ਲਾਮਬੰਦ ਕਰ ਆਪਣੇ ਨਾਲ ਜੋੜਿਆ ਜਾਵੇ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਦੀ ਜਿੱਤ ਲਈ ਇਹ ਜ਼ਰੂਰੀ ਹੈ ਕਿ ਵਰਕਰ ਇਸ ਮੁਹਿੰਮ 'ਚ ਵਧ-ਚੜ੍ਹ ਕੇ ਸ਼ਿਰਕਤ ਕਰਨ। ਇੰਚਾਰਜ ਨਿਮਿਤ ਨਗਦਾ ਨੇ ਕਿਹਾ ਕਿ ਕਾਂਗਰਸ ਵਰਕਰ ਲੋਕਾਂ 'ਚ ਜਾ ਕੇ ਪਾਰਟੀ ਦੀਆਂ ਨੀਤੀਆਂ ਦਾ ਪ੍ਰਚਾਰ ਕਰਨ ਅਤੇ 'ਆਪ' ਸਰਕਾਰ ਵੱਲੋਂ ਜੋ ਝੂਠੇ ਵਾਅਦੇ ਕੀਤੇ ਜਾ ਰਹੇ ਹਨ ਉਨ੍ਹਾਂ ਤੋਂ ਜਾਣੂ ਕਰਾਉਣ। ਇਸ ਮੌਕੇ ਬਲਾਕ ਪ੍ਰਧਾਨ ਪਰਮਿੰਦਰ ਤਿਵਾੜੀ, ਯੂਥ ਪ੍ਰਧਾਨ ਪਰਮਿੰਦਰ ਸਿੰਘ ਗੋਲਡੀ, ਦਲਵੀਰ ਸਿੰਘ, ਜਸਪ੍ਰੀਤ ਸਿੰਘ ਮਨਜੋਤ ਸਿੰਘ ਜਲਣਪੁਰ, ਸਿਮਰਨਦੀਪ ਸਿੰਘ, ਅਮਰਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਸਿਕੰਦਰ ਸਿੰਘ ਸਰਪੰਚ, ਵਿਸ਼ਾਲ ਭਾਰਤੀ, ਰਵੀ ਸ਼ੰਕਰ, ਮਨਦੀਪ ਸਿੰਘ, ਗੁਰਜੀਤ ਸਿੰਘ, ਯੁਵਰਾਜਜੀਤ ਰਾਏ, ਰਜਿੰਦਰ ਕੁਮਾਰ, ਵਿੱਕੀ ਗੋਸਲਾਂ, ਪ੍ਰਭਜੋਤ ਸਿੰਘ ਵੀ ਮੌਜੂਦ ਸਨ।

# ਗੁੱਡ ਮੌਰਨਿੰਗ ਵੈੱਲਫੇਅਰ ਕਲੱਬ ਨੇ ਮੋਦੀਖਾਨੇ ਨੂੰ ਭੇਟ ਕੀਤੇ ਗਰਮ ਕੱਪੜੇ ਤੇ ਹੋਰ ਸਮਾਨ



**ਕੋਟਕਪੂਰਾ (ਰਛਪਾਲ ਭੁੱਲਰ)**

ਗੁੱਡ ਮੌਰਨਿੰਗ ਵੈਲਫੇਅਰ ਕਲੱਬ ਵੱਲੋਂ ਚੀਫ਼ ਪੈਟਰਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਰਦੀ ਦੇ ਮੌਸਮ ਅਤੇ ਲੋੜਵੰਦ ਪਰਵਾਰਾਂ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਡਾ. ਮਨਜੀਤ ਸਿੰਘ ਢਿੱਲੋਂ ਪ੍ਰਧਾਨ ਤੇ ਵਿਨੋਦ ਕੁਮਾਰ ਬਾਂਸਲ (ਪੱਪੂ ਲਹੌਰੀਆ) ਚੇਅਰਮੈਨ ਦੀ ਅਗਵਾਈ ਹੇਠ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸਿੱਖਾਂਵਾਲਾ ਰੋਡ 'ਤੇ ਚਲਾਏ ਜਾ ਰਹੇ ਗੁਰੂ ਨਾਨਕ ਮੋਦੀਖਾਨਾ ਵਿਖੇ ਗਰਮ ਕੱਪੜਿਆਂ ਸਮੇਤ ਕਿਤਾਬਾਂ ਅਤੇ ਹੋਰ ਜ਼ਰੂਰੀ ਸਮਾਨ ਪਹੁੰਚਾਇਆ।

ਬੁਲਾਰਿਆਂ ਨੇ ਦੱਸਿਆ ਕਿ ਜਥੇਬੰਦੀ ਦਾ ਇਹ ਉਪਰਾਲਾ ਬਹੁਤ ਹੀ ਪ੍ਰਸੰਸਾਯੋਗ ਹੈ। ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਸਰਾਂ, ਜਨਰਲ ਸਕੱਤਰ ਪ੍ਰੋ. ਐੱਚ.ਐੱਸ. ਪਦਮ, ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ, ਪ੍ਰੈਸ ਸਕੱਤਰ ਗੁਰਮੀਤ ਸਿੰਘ ਮੀਤਾ ਸਮੇਤ ਵੱਖ-ਵੱਖ ਬੁਲਾਰਿਆਂ ਮੁਤਾਬਿਕ ਗੁੱਡ ਮੌਰਨਿੰਗ ਵੈਲਫੇਅਰ ਕਲੱਬ ਦੇ ਮਨੁੱਖਤਾ ਦੀ ਭਲਾਈ ਵਾਲੇ ਸੇਵਾ ਕਾਰਜ ਭਵਿੱਖ ਵਿੱਚ ਵੀ ਲਗਾਤਾਰ ਜਾਰੀ ਰਹਿਣਗੇ। ਗੁਰੂ ਨਾਨਕ ਮੋਦੀਖਾਨਾ ਦੇ ਸੰਚਾਲਕ ਹਰਪ੍ਰੀਤ ਸਿੰਘ ਖਾਲਸਾ ਨੇ ਦੱਸਿਆ ਕਿ ਪਿਛਲੇ ਕਰੀਬ 4 ਸਾਲਾਂ ਤੋਂ ਸਥਾਪਤ ਹੋਏ ਇਸ ਮੋਦੀਖਾਨੇ 'ਚੋਂ ਲਗਭਗ 30 ਹਜਾਰ ਪਰਵਾਰ ਵੱਖ-ਵੱਖ ਤਰਾਂ ਦੀਆਂ ਆਪਣੀਆਂ ਜ਼ਰੂਰਤਾਂ ਪੂਰੀਆਂ ਕਰ ਚੁੱਕੇ ਹਨ। ਉਨ੍ਹਾਂ ਆਖਿਆ ਕਿ ਸਿਰਫ 13 ਰੁਪਏ ਗੋਲਕ ਵਿੱਚ ਪਾ ਕੇ ਕੋਈ ਵੀ ਵਿਅਕਤੀ ਮਰਜ਼ੀ ਦੀ ਪਸੰਦੀਦਾ ਵਸਤੂ ਲਿਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ 13-13 ਰੁਪਏ ਨਾਲ ਇਕੱਤਰ ਹੋਣ ਵਾਲੀ ਰਕਮ ਨਾਲ ਵੀ ਲੋੜਵੰਦਾਂ ਲਈ ਰਾਸ਼ਨ ਦੀਆਂ ਕਿੱਟਾਂ ਤਿਆਰ ਕੀਤੀਆਂ ਜਾਂਦੀਆਂ ਹਨ। ਚੇਅਰਮੈਨ ਪੱਪੂ ਲਹੌਰੀਆ ਨੇ 11 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦਾ ਯੋਗਦਾਨ ਪਾਉਂਦਿਆਂ ਗੁਰੂ ਨਾਨਕ ਮੋਦੀਖਾਨਾ ਵਲੋਂ ਬੇਸਹਾਰਾ ਤੇ ਨਿਆਸਰਿਆਂ ਦਾ ਸਹਾਰਾ ਬਣਨ ਵਾਲੇ ਮਨੁੱਖਤਾ ਦੀ ਭਲਾਈ ਦੇ ਸੇਵਾ ਕਾਰਜਾਂ ਦੀ ਭਰਪੂਰ ਪ੍ਰਸੰਸਾ ਕੀਤੀ।

ਹਰਪ੍ਰੀਤ ਸਿੰਘ ਖਾਲਸਾ ਨੇ ਆਖਿਆ ਕਿ ਜੋ ਵਸਤੂ ਵਰਤਣਯੋਗ ਹੋਣ ਦੇ ਬਾਵਜੂਦ ਪਰਿਵਾਰਕ ਮੈਂਬਰ ਪਿਛਲੇ ਕਈ ਸਾਲਾਂ ਤੋਂ ਵਰਤੋਂ ਵਿੱਚ ਨਹੀਂ ਲਿਆ ਰਹੇ, ਉਨ੍ਹਾਂ ਨੂੰ ਉਕਤ ਵਸਤੂ ਗੁਰੂ ਨਾਨਕ ਮੋਦੀਖਾਨਾ ਵਿਖੇ ਪਹੁੰਚਾ ਦੇਣੀ ਚਾਹੀਦੀ ਹੈ, ਜਿੱਥੇ ਉਸਦਾ ਕਿਸੇ ਵੀ ਲੋੜਵੰਦ ਨੂੰ ਫਾਇਦਾ ਮਿਲ ਸਕਦਾ ਹੈ। ਇਸ ਮੌਕੇ ਉਪਰੋਕਤ ਤੋਂ ਇਲਾਵਾ ਸਹਾਇਕ ਕੈਸ਼ੀਅਰ ਸੁਰਿੰਦਰ ਸਿੰਘ ਛਿੰਦਾ ਰਾਮਗੜ੍ਹੀਆ ਸਮੇਤ ਡਾ ਰਵਿੰਦਰਪਾਲ ਕੋਛੜ ਪ੍ਰਧਾਨ ਜੈ ਮਿਲਾਪ ਪ੍ਰਾਈਵੇਟ ਲੈਬਾਰਟਰੀ ਐਸੋਸੀਏਸ਼ਨ ਕੋਟਕਪੂਰਾ, ਹਰਦੀਪ ਸਿੰਘ ਬਰਾੜ (ਫਿੱਡੂ ਭਲਵਾਨ, ਅਸ਼ੋਕ ਕੁਮਾਰ ਸੇਠੀ, ਰਛਪਾਲ ਸਿੰਘ ਪਾਲਾ ਆਦਿ ਵੀ ਹਾਜ਼ਰ ਸਨ।

# ਦੁਕਾਨਦਾਰਾਂ ਨੂੰ ਮੋਬਾਇਲ ਵੇਚਣ/ਖਰੀਦਣ ਵਾਲੇ ਦਾ ਸ਼ਨਾਖ਼ਤੀ ਰਿਕਾਰਡ ਹਾਸਲ ਕਰਨ ਦੇ ਆਦੇਸ਼

**ਲੁਧਿਆਣਾ (ਰਾਜ ਸਿੰਗਲਾ)**-ਡਿਪਟੀ ਕਮਿਸ਼ਨਰ ਪੁਲਸ, ਸਥਾਨਕ, ਲੁਧਿਆਣਾ ਰੁਪਿੰਦਰ ਸਿੰਘ, ਪੀ.ਪੀ.ਐਸ. ਨੇ ਜ਼ਾਬਤਾ ਫੌਜਦਾਰੀ ਸੰਘਤਾ 1973 (1974 ਦਾ ਐਕਟ ਨੰ 2) ਦੀ ਧਾਰਾ 144 ਸੀ.ਆਰ.ਪੀ.ਸੀ. ਅਧੀਨ ਸੌਂਪੇ ਗਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪੁਲਿਸ ਕਮਿਸ਼ਨਰੇਟ, ਲੁਧਿਆਣਾ ਦੇ ਇਲਾਕੇ ਅੰਦਰ ਵੱਖ-ਵੱਖ ਤਰ੍ਹਾਂ ਦੇ ਪਾਬੰਦੀ ਹੁਕਮ ਜਾਰੀ ਕੀਤੇ ਹਨ।

ਕਮਿਸ਼ਨਰੇਟ ਲੁਧਿਆਣਾ ਅੰਦਰ ਕੁਝ ਮੋਟਰਸਾਈਕਲ ਮਕੈਨਿਕਾਂ/ਵਰਕਸ਼ਾਪਾਂ ਦੇ ਮਾਲਕਾਂ ਵੱਲੋਂ ਬੁਲਟ ਮੋਟਰਸਾਇਕਲ ਦੇ ਸਾਈਲੈਂਸਰ ਬਦਲੀ ਕਰਕੇ ਮੋਡੀਫਾਈ ਸਾਈਲੰਸਰ ਜਿਵੇਂ ਕਿ ਉੱਚੀ ਆਵਾਜ਼ ਵਾਲਾ ਜਾਂ ਪਟਾਕੇ ਮਾਰਨ ਵਾਲਾ ਸਾਈਲੰਸਰ ਲਾਇਆ ਜਾ ਰਿਹਾ ਹੈ, ਜਿਸ ਨਾਲ ਸ਼ੋਰ ਪ੍ਰਦੂਸ਼ਣ ਪੈਦਾ ਹੁੰਦਾ ਹੈ। ਅਜਿਹਾ ਹੋਣ ਨਾਲ ਹਸਪਤਾਲਾਂ ਅੰਦਰ ਦਾਖਲ ਮਰੀਜ਼ਾਂ ਤੇ ਆਮ ਪਬਲਿਕ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਇਹ ਸ਼ੋਰ ਪ੍ਰਦੂਸ਼ਣ ਕਈ ਵਾਰ ਬੱਚਿਆਂ ਤੇ ਬਜ਼ੁਰਗਾਂ ਨੂੰ ਕੰਨਾਂ ਦੀਆਂ ਭਿਆਨਕ ਬਿਮਾਰੀਆਂ ਪੈਦਾ ਕਰਦਾ ਹੈ। ਇਸ ਤੋਂ ਇਲਾਵਾ ਆਮ ਜਨਤਾ ਵੱਲੋਂ ਨਿੱਜੀ ਵਾਹਨਾਂ 'ਤੇ ਵੀ.ਆਈ.ਪੀ. ਨੰਬਰ ਪਲੇਟਾਂ ਅਤੇ ਹੂਟਰ ਲਾ ਕੇ ਨਿਯਮਾਂ ਦੀ ਉਲੰਘਣਾ ਕੀਤੀ ਜਾਂਦੀ ਹੈ। ਉਕਤ ਹਾਲਾਤਾਂ ਦੇ ਮੱਦੇਨਜ਼ਰ ਪਬਲਿਕ ਹਿੱਤ ਵਿੱਚ ਵਿਸ਼ੇਸ਼ ਕਦਮ ਚੁੱਕਣ ਦੀ ਜ਼ਰੂਰਤ ਹੈ। ਪੁਲਿਸ ਕਮਿਸ਼ਨਰੇਟ ਲੁਧਿਆਣਾਂ ਦੇ ਏਰੀਏ ਅੰਦਰ ਬੁਲਟ ਮੋਟਰਸਾਇਕਲ ਦੇ ਉੱਚੀ ਆਵਾਜ਼ ਵਾਲੇ, ਪਟਾਕਾ ਮਾਰਨ ਵਾਲੇ ਸਾਈਲੈਂਸਰ ਲਗਾਉਣ, ਬਦਲਣ, ਸਟੋਰ ਕਰਨ, ਵੇਚਣ, ਖਰੀਦਣ ਇਸ ਤੋਂ ਇਲਾਵਾ ਦੋਪਹੀਆ ਤੇ ਚਾਰ ਪਹੀਆ ਵਾਹਨਾਂ 'ਤੇ ਵੀ.ਆਈ.ਪੀ. ਨੰਬਰ ਪਲੇਟਾਂ ਅਤੇ ਹੂਟਰ ਲਾਉਣ 'ਤੇ ਪਾਬੰਦੀ ਲਾਈ ਗਈ ਹੈ। ਪੁਲਸ ਕਮਿਸ਼ਨਰ ਦੇ ਧਿਆਨ ਵਿੱਚ ਆਇਆ ਹੈ ਕਿ ਲੁਧਿਆਣਾ ਕਮਿਸ਼ਨਰੇਟ ਇਲਾਕੇ ਅੰਦਰ ਸਮਾਜ ਵਿਰੋਧੀ ਅਨਸਰਾਂ ਵੱਲੋਂ ਮੋਬਾਇਲ ਖੋਹ ਕਰਕੇ ਆਮ ਦੁਕਾਨਦਾਰਾਂ ਪਾਸ ਵੇਚ ਦਿੱਤੇ ਜਾਂਦੇ ਹਨ। ਦੁਕਾਨਦਾਰਾਂ ਵੱਲੋਂ ਮੋਬਾਇਲ ਖਰੀਦ ਕਰਦੇ ਸਮੇਂ ਮੋਬਾਇਲ ਵੇਚਣ ਵਾਲੇ ਅਤੇ ਖਰੀਦਣ ਵਾਲੇ ਦਾ ਕੋਈ ਵੀ ਸ਼ਨਾਖ਼ਤੀ ਪਤਾ ਹਾਸਲ ਨਹੀਂ ਕੀਤਾ ਜਾਂਦਾ ਹੈ। ਅਜਿਹੀਆਂ ਵਾਰਦਾਤਾਂ ਨਾਲ ਆਮ ਪਬਲਿਕ ਵਿੱਚ ਸਹਿਮ ਦਾ ਮਾਹੌਲ ਪੈਦਾ ਹੁੰਦਾ ਹੈ ਅਤੇ ਕਾਨੂੰਨੀ ਵਿਵਸਥਾ ਵਿਗੜਨ ਦੀ ਸਥਿਤੀ ਬਣੀ ਰਹਿੰਦੀ ਹੈ। ਇਸ ਲਈ ਪਬਲਿਕ ਹਿੱਤ ਵਿੱਚ ਵਿਸ਼ੇਸ਼ ਕਦਮ ਚੁੱਕਣ ਦੀ ਜ਼ਰੂਰਤ ਹੈ। ਪੁਲਸ ਕਮਿਸ਼ਨਰ ਵੱਲੋਂ ਪਬਲਿਕ ਹਿੱਤ ਵਿੱਚ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਇਲਾਕੇ ਅੰਦਰ ਸਮੂਹ ਦੁਕਾਨਦਾਰ ਜੋ ਮੋਬਾਇਲ ਵੇਚਣ ਅਤੇ ਖਰੀਦਣ ਦਾ ਕੰਮ ਕਰਦੇ ਹਨ। ਉਨ੍ਹਾਂ ਦੁਕਾਨਾਂ ਦੇ ਮਾਲਕਾਂ ਨੂੰ ਹੁਕਮ ਜਾਰੀ ਕੀਤੇ ਗਏ ਹਨ ਕਿ ਮੋਬਾਇਲ ਵੇਚਣ ਤੇ ਖਰੀਦਣ ਸਮੇਂ ਵੇਚਣ ਵਾਲੇ ਅਤੇ ਖਰੀਦਦਾਰ ਦਾ ਪੂਰਾ ਸ਼ਨਾਖ਼ਤੀ ਰਿਕਾਰਡ ਹਾਸਲ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਪੁਲਸ ਕਮਿਸ਼ਨਰ ਲੁਧਿਆਣਾ ਨੇ ਗੋਲਡ ਲੋਨ ਕੰਪਨੀਆਂ ਅਤੇ ਹੋਰ ਵਿੱਤੀ ਸੰਸਥਾਵਾਂ ਨੂੰ ਕਾਨੂੰਨ ਵਿਵਸਥਾ ਦੀ ਸਾਂਭ-ਸੰਭਾਲ ਲਈ ਵੱਖ-ਵੱਖ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਵੱਖ-ਵੱਖ ਸਥਾਨਾਂ 'ਤੇ ਬਰਾਂਚਾਂ ਦੇ ਅੰਦਰ ਅਤੇ ਬਾਹਰ ਹਾਈ ਕੁਆਲਟੀ ਡੇ-ਨਾਈਟ ਸੀ.ਸੀ.ਟੀ.ਵੀ. ਕੈਮਰੇ ਲਾਉਣ ਦੇ ਆਦੇਸ਼ ਜਾਰੀ ਕੀਤੇ ਹਨ, ਜਿਸ ਵਿੱਚ ਡੀ.ਵੀ.ਆਰ/ਐਨ.ਵੀ.ਆਰ. ਅਤੇ ਰਿਮੋਟ ਕੰਟਰੋਲ ਰਿਕਾਰਡਿੰਗ ਅਤੇ ਸਟੋਰੇਜ਼ ਸਹੂਲਤਾਂ ਹੋਣ।

# ਬਾਬਾ ਫੂਲ ਯਾਦਗਾਰੀ ਸਾਹਿਤ ਸਭਾ ਫੂਲ ਟਾਊਨ ਦਾ ਗਠਨ



**ਸੰਗਤ ਮੰਡੀ (ਰਾਜਦੀਪ ਜੋਸ਼ੀ)**

ਪਿੰਡ ਫੂਲ ਟਾਊਨ ਜ਼ਿਲ੍ਹਾ ਬਠਿੰਡਾ ਵਿਖੇ ਫੂਲ ਟਾਊਨ ਦੇ ਲੇਖਕਾਂ ਨੇ ਸਰਬਸੰਮਤੀ ਨਾਲ ਬਾਬਾ ਫੂਲ ਯਾਦਗਾਰੀ ਸਾਹਿਤ ਸਭਾ ਫੂਲ ਟਾਊਨ ਦੀ ਸਥਾਪਨਾ ਕੀਤੀ, ਜਿਸ ਵਿੱਚ ਸਰਬਸੰਮਤੀ ਨਾਲ ਸ਼ਮਸ਼ੇਰ ਸਿੰਘ ਮੱਲੀ (ਪ੍ਰਧਾਨ), ਗੁਰਕੀਰਤ ਸਿੰਘ ਔਲਖ (ਮੀਤ ਪ੍ਰਧਾਨ), ਗਗਨ ਫੂਲ (ਜਨਰਲ ਸਕੱਤਰ), ਗੁਰਜੀਤ ਸਿੰਘ ਜਟਾਣਾ (ਦਫ਼ਤਰ ਸਕੱਤਰ), ਜਗਤਾਰ ਸਿੰਘ ਰਤਨ (ਵਿੱਤ ਸਕੱਤਰ), ਐਡਵੋਕੇਟ ਜੱਗਾ ਸਿੰਘ ਸਰਾਂ (ਕਾਨੂੰਨੀ ਸਲਾਹਕਾਰ ਸਿਵਲ ਕੋਰਟ ਫੂਲ), ਬੰਤ ਸਿੰਘ ਫੂਲਪੁਰੀ (ਮੁੱਖ ਸਲਾਹਕਾਰ), ਮਾ. ਅਵਤਾਰ ਸਿੰਘ (ਸਲਾਹਕਾਰ) ਤੇ ਗੁਰਬਖਸ਼ੀਸ਼ ਸਿੰਘ (ਪ੍ਰੈਸ ਸਕੱਤਰ) ਵਜੋਂ ਨਿਯੁਕਤ ਕੀਤੇ ਗਏ। ਇਸ ਤਰ੍ਹਾਂ ਨੌਂ ਮੈਂਬਰੀ ਕਮੇਟੀ ਦਾ ਗਠਨ ਹੋਇਆ ਤੇ ਨੌਂ ਮੈਂਬਰੀ ਕਮੇਟੀ ਵੱਲੋਂ ਫ਼ੈਸਲਾ ਲੈਂਦਿਆਂ ਸਭਾ ਦਾ ਸਥਾਪਨਾ ਦਿਵਸ 21 ਫਰਵਰੀ ਨੂੰ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮੌਕੇ ਮਨਾਉਣਾ ਨਿਸਚਿਤ ਹੋਇਆ ਤੇ ਸਭਾ ਦਾ ਮੈਂਬਰ ਬਣਨ ਲਈ ਸਿਰਫ਼ 200/- ਰੁਪਏ ਦੀ ਸਹਿਯੋਗ ਰਾਸ਼ੀ ਰੱਖੀ ਗਈ। ਮੀਟਿੰਗ ਦੌਰਾਨ ਪਿੰਡ ਦੇ ਬਹੁਤ ਮਿਹਨਤੀ ਨੌਜਵਾਨ ਲੇਖਕ ਗਗਨ ਫੂਲ ਨੇ ਆਪਣੀ ਛਪੀ ਪੁਸਤਕ ਡਾ. ਅੰਬੇਡਕਰ ਦੀ ਸੰਘਰਸ਼ ਗਾਥਾ ਭੇਟ ਕੀਤੀ। ਅਖੀਰ ਵਿੱਚ ਪ੍ਰਧਾਨ ਸ਼ਮਸ਼ੇਰ ਸਿੰਘ ਮੱਲੀ ਵੱਲੋਂ ਸਭਨਾਂ ਨੂੰ ਵਧਾਈਆਂ ਦਿੱਤੀਆਂ ਗਈਆਂ ਤੇ ਸਭਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਆਈ ਏ ਆਰ ਆਈ ਵੱਲੋਂ ਖਾਸਪੁਰ 'ਚ ਵਿਸ਼ਾਲ ਕਿਸਾਨ ਜਾਗਰੂਕਤਾ ਕੈਂਪ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਕੇਂਦਰੀ ਕਣਕ 'ਤੇ ਜੋ ਖੋਜ ਸੰਸਥਾਨ ਕਰਨਾਲ ਵੱਲੋਂ ਪੰਜਾਬ ਦੇ ਵਾਤਾਵਰਨ ਦੇ ਅਨੁਕੂਲ ਕਣਕ ਦੀਆਂ ਕਿਸਮਾਂ ਸਬੰਧੀ ਕਿਸਾਨਾਂ ਨੂੰ ਜਾਗਰੂਕ ਕਰਨ ਦੇ ਮਕਸਦ ਨਾਲ ਸਬ ਡਵੀਜ਼ਨ ਪਾਤੜਾਂ ਦੇ ਪਿੰਡ ਖਾਸਪੁਰ ਵਿਖੇ ਅਗਾਂਹਵਧੂ ਕਿਸਾਨ ਮੋਹਦਿਲ ਸੰਧੂ ਤੇ ਗੁਰਮੀਤ ਸਿੰਘ ਦੇ ਫਾਰਮ ਹਾਊਸ 'ਤੇ ਵਿਸ਼ਾਲ ਜਾਗਰੂਕਤਾ ਕੈਂਪ ਲਾਇਆ ਗਿਆ, ਜਿਸ ਦੌਰਾਨ ਕਮਿਸ਼ਨਰ ਖੇਤੀਬਾੜੀ ਭਾਰਤ ਸਰਕਾਰ ਡਾਕਟਰ ਪੀਕੇ ਸਿੰਘ ਨੇ ਬਤੌਰ ਮੁੱਖ ਮਹਿਮਾਨ ਤੇ ਆਈਏਆਰਆਈ ਕਰਨਾਲ ਦੇ ਡਾਇਰੈਕਟਰ ਡਾਕਟਰ ਗਿਆਨੇਂਦਰ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪ ਦੌਰਾਨ ਸੰਸਥਾ ਨਾਲ ਜੁੜ ਕੇ ਖੇਤੀ ਖੇਤਰ 'ਚ ਵਡਮੁੱਲਾ ਯੋਗਦਾਨ ਪਾਉਣ ਵਾਲੇ ਕਿਸਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਕੈਂਪ ਦੌਰਾਨ ਜੁੜੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਡਾਕਟਰ ਪੀ ਕੇ ਸਿੰਘ ਨੇ ਕਿਹਾ ਕਿ ਕੋਈ ਸਮਾਂ ਸੀ ਜਦੋਂ ਖੇਤੀਬਾੜੀ ਦੇ ਖੇਤਰ ਵਿੱਚ ਉਤਪਾਦਨ ਵੱਡੀ ਲੋੜ ਸੀ, ਪਰ ਅੱਜ ਦੇ ਸਮੇਂ ਵਿੱਚ ਉਤਪਾਦਨ ਦੀ ਲੋੜ ਓਨੀ ਨਹੀਂ, ਜਿੰਨੀ ਕੁਆਲਿਟੀ ਦੇ ਸੁਧਾਰ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਦੀ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਗਿਆਨੀਆਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨਾਲ ਲਗਾਤਾਰ ਅਨਾਜ ਦੀਆਂ ਅਜਿਹੀਆਂ ਕਿਸਮਾਂ ਤਿਆਰ ਕੀਤੀਆਂ ਜਾ ਰਹੀਆਂ ਹਨ, ਜਿਹੜੀਆਂ ਪੌਸ਼ਿਕ ਤੱਤਾਂ ਨਾਲ ਭਰਪੂਰ ਹੋਣ।

ਆਈ ਏ ਆਰ ਆਈ ਦੇ ਡਾਇਰੈਕਟਰ ਡਾਕਟਰ ਗਿਆਨਏਂਦਰ ਸਿੰਘ ਨੇ ਕਿਹਾ ਕਿ ਸੰਸਥਾ ਵੱਲੋਂ ਕਣਕ ਤੇ ਜੌਂ ਦੀਆਂ ਬਹੁਤ ਸਾਰੀਆਂ ਕਿਸਮਾਂ ਈਜਾਦ ਕੀਤੀਆਂ ਗਈਆਂ ਹਨ, ਜੋ ਪੰਜਾਬ ਸਮੇਤ ਉੱਤਰੀ ਭਾਰਤ ਦੇ ਵਾਤਾਵਰਣ ਦੇ ਅਨੁਕੂਲ ਹਨ ਅਤੇ ਸਫ਼ਲਤਾ ਪੂਰਵਕ ਕਣਕ ਦੀਆਂ ਇਨ੍ਹਾਂ ਕਿਸਮਾਂ ਦੀ ਬਿਜਾਈ ਪੰਜਾਬ ਵਿੱਚ ਵੱਡੇ ਪੱਧਰ ਉੱਤੇ ਸਫ਼ਲਤਾ ਪੂਰਵਕ ਹੋ ਰਹੀ ਹੈ। ਉਨ੍ਹਾਂ ਕਣਕ ਦੀਆਂ ਨਵੀਆਂ ਕਿਸਮਾਂ ਐਚ ਡੀ 3385, ਐਚ ਡੀ 3386, ਡੀ ਬੀ ਡਬਲਿਯੂ 377, ਡੀ ਬੀ ਡਬਲਿਯੂ 359, ਡੀ ਬੀ ਡਬਲਿਯੂ, 370, ਡੀ ਬੀ ਡਬਲਿਯੂ 371, ਡੀਬੀਡਬਲਿਯੂ 377 ਕਿਸਾਨਾਂ ਨੂੰ ਉਪਲਬਧ ਕਰਾਈਆਂ ਜਾ ਰਹੀਆਂ ਹਨ। ਉਨ੍ਹਾਂ ਨਵੀਆਂ ਕਿਸਮਾਂ ਦੀ ਮਾਰਕੀਟਿੰਗ ਸਬੰਧੀ ਗੱਲ ਕਰਦਿਆਂ ਕਿਹਾ ਕਿ ਕੋਈ ਸਮਾਂ ਸੀ, ਜਦੋਂ ਸਪਲਾਈ ਅਨੁਸਾਰ ਅਨਾਜ ਦੀ ਮਾਰਕੀਟਿੰਗ ਕੀਤੀ ਜਾਂਦੀ ਸੀ। ਹੁਣ ਸਮਾਂ ਆ ਗਿਆ ਹੈ ਕਿ ਮੰਗ ਅਨੁਸਾਰ ਆਪਣੀਆਂ ਪੈਦਾ ਕੀਤੀਆਂ ਫ਼ਸਲਾਂ ਦੀ ਪੈਦਾਵਾਰ ਕੀਤੀ ਜਾਵੇ, ਕਿਉਂਕਿ ਅੱਜ ਹਰ ਇੱਕ ਵਿਅਕਤੀ ਚੰਗੀ ਤੇ ਪੌਸ਼ਟਿਕ ਖੁਰਾਕ ਖਾਣ ਦਾ ਚਾਹਵਾਨ ਹੈ। ਸਮਾਗਮ ਦੇ ਅੰਤ ਵਿੱਚ ਅਗਾਂਵਧੂ ਕਿਸਾਨ ਮੋਦਲ ਸਿੰਘ ਤੇ ਗੁਰਮੀਤ ਸਿੰਘ ਸੰਧੂ ਨੇ ਆਏ ਮਹਿਮਾਨਾਂ, ਖੇਤੀਬਾੜੀ ਮਾਹਰਾਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ।

# ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਚ ਪੁਲਸ ਵੱਲੋਂ ਗੋਲੀ ਚਲਾਉਣ ਦੇ ਰੋਸ ਵਜੋਂ ਲੱਗਾ ਧਰਨਾ ਜਾਰੀ




ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)-ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਛਾਉਣੀ ਨਿਹੰਗ ਸਿੰਘਾਂ ਵਿਖੇ ਜੁੱਤੀਆਂ ਸਮੇਤ ਪੁਲਸ ਵੱਲੋਂ ਦਾਖਲ ਹੋ ਕੇ ਬੇਅਦਬੀ ਕਰਨ ਅਤੇ ਗੋਲੀ ਚਲਾਉਣ ਦੀ ਘਟਨਾ ਦੇ ਰੋਸ ਵਜੋਂ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਵਲੋਂ ਸਾਂਝੇ ਤੌਰ 'ਤੇ ਆਰੰਭਿਆ ਰੋਸ ਪ੍ਰਦਰਸ਼ਨ ਲਗਾਤਾਰ ਜਾਰੀ ਹੈ। ਸੁਲਤਾਨਪੁਰ ਲੋਧੀ ਵਿਖੇ ਗੁਰਦੁਆਰਾ ਸ੍ਰੀ ਅਕਾਲ ਬੁੰਗਾ ਸਾਹਿਬ ਦੇ ਬਾਹਰ ਅਰੰਭੇ ਗਏ ਇਸ ਰੋਸ ਪ੍ਰਦਰਸ਼ਨ ਦੇ ਅੱਠਵੇਂ ਦਿਨ ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਬੀਬੀ ਬਲਵਿੰਦਰ ਕੌਰ ਲੋਪੋਕੇ ਤੇ ਸੀਨੀਅਰ ਅਕਾਲੀ ਆਗੂ ਵੀਰ ਸਿੰਘ ਲੋਪੋਕੇ ਹਲਕੇ ਦੀਆਂ ਸੰਗਤਾਂ ਨਾਲ ਹਾਜ਼ਰ ਹੋਏ। ਧਰਨੇ ਦੌਰਾਨ ਬੁਲਾਰਿਆ ਨੇ ਭਗਵੰਤ ਮਾਨ ਸਰਕਾਰ ਦੀ ਕਰੜੀ ਅਲੋਚਨਾ ਕਰਦਿਆਂ ਕਿਹਾ ਕਿ ਪਾਵਨ ਗੁਰਧਾਮ ਦੀ ਬੇਅਦਬੀ ਕਰਵਾ ਕੇ ਸਰਕਾਰ ਨੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਹੈ। ਮੁੱਖ ਮੰਤਰੀ ਮਾਨ ਨੇ ਪੁਲਸ ਨੂੰ ਹੁਕਮ ਜਾਰੀ ਕਰਕੇ ਗੁਰਦੁਆਰਾ ਅਕਾਲ ਬੁੰਗਾ ਸਾਹਿਬ ਵਿਖੇ ਬੇਅਦਬੀ ਦੀ ਪੀੜਾਮਈ ਹਰਕਤ ਕੀਤੀ ਹੈ, ਜਿਸ ਨੇ ਸਿੱਖ ਸੰਗਤਾਂ ਦੀਆਂ ਭਾਵਨਾਵਾਂ ਨੂੰ ਤੋੜ ਕੇ ਰੱਖ ਦਿੱਤਾ ਹੈ। ਇਸ ਮੌਕੇ ਰਾਜਵਿੰਦਰ ਸਿੰਘ ਰਾਜਾ ਲਦੇਹ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਿਹਾਤੀ, ਰਾਣਾ ਰਨਬੀਰ ਸਿੰਘ ਲੋਪੋਕੇ, ਬਲਵਿੰਦਰ ਸਿੰਘ ਲੋਪੋਕੇ ਸਾਬਕਾ ਚੈਅਰਮੈਨ, ਗਰਦੀਪ ਸਿੰਘ ਸਰਪੰਚ, ਸਰਨਜੀਤ ਸਿੰਘ ਲੋਪੋਕੇ, ਪ੍ਰਤਾਪ ਸਿੰਘ ਸਰਪੰਚ, ਮੈਨੇਜਰ ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਆਰ ਟੀ ਆਈ ਐਕਟ 2005 ਅਸਫਲ ਸਾਬਤ ਹੋ ਰਿਹੈ : ਸੈਣੀ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਆਰਟੀਆਈ ਐਕਟਿਵਿਸਟ ਫ਼ਰੰਟ ਆਫ਼ ਇੰਡੀਆ (ਰਾਫ਼ੀ) ਦੀ ਹੰਗਾਮੀ ਮੀਟਿੰਗ ਹੁਸ਼ਿਆਰਪੁਰ ਵਿੱਚ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਉਚੇਚੇ ਤੌਰ 'ਤੇ ਚੇਅਰਮੈਨ ਤਰਸੇਮ ਦੀਵਾਨਾ ਸ਼ਾਮਿਲ ਹੋਏ । ਮੀਟਿੰਗ ਨੂੰ ਸੰਬੋਧਨ ਕਰਦਿਆਂ ਸੈਣੀ ਨੇ ਦੱਸਿਆ ਕਿ ਪੰਜਾਬ ਵਿੱਚ ਸੂਚਨਾ ਦੇ ਅਧਿਕਾਰ ਨੂੰ ਸਰਵ ਵਿਆਪੀ ਬਣਾਉਣ ਲਈ ਲਾਗੂ ਕੀਤਾ ਗਿਆ ਆਰਟੀਆਈ ਐਕਟ 2005 ਆਪਣਾ ਬਣਦਾ ਪ੍ਰਭਾਵ ਪਾਉਣ ਵਿੱਚ ਅਸਫਲ ਸਾਬਤ ਹੋ ਰਿਹਾ ਹੈ। ਆਰਟੀਆਈ ਐਕਟ ਬਣਾਉਣ ਦਾ ਮਕਸਦ ਜਿੱਥੇ ਸਰਕਾਰੀ ਤੰਤਰ ਨੂੰ ਚੁਸਤ ਦਰੁਸਤ ਕਰਨਾ ਸੀ ਉੱਥੇ ਆਮ ਲੋਕਾਂ ਨੂੰ ਸਰਕਾਰੀ ਕੰਮਕਾਰ ਦੀ ਜਾਣਕਾਰੀ ਬਿਨਾਂ ਕਿਸੇ ਝੰਜਟ ਅਤੇ ਰੋਕ ਟੋਕ ਤੋਂ ਮੁਹੱਈਆ ਕਰਵਾਉਣਾ ਸੀ, ਪਰ ਦੇਖਣ ਵਿੱਚ ਆਇਆ ਹੈ ਕਿ ਇਹ ਸਹੂਲਤ ਲੋਕਾਂ ਨੂੰ ਸਹੀ ਢੰਗ ਨਾਲ ਪ੍ਰਾਪਤ ਨਹੀਂ ਹੋ ਰਹੀ ਜਿਸ ਦਾ ਕਾਰਨ ਇਹ ਹੈ ਕਿ ਆਰਟੀਆਈ ਐਕਟ ਤਹਿਤ ਮਾਮਲਿਆਂ ਦੀ ਸੁਣਵਾਈ ਅਤੇ ਮੁਨਾਸਿਬ ਕਾਰਵਾਈ ਲਈ ਸਰਕਾਰੀ ਤੰਤਰ ਦੀ ਵੱਡੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੈਣੀ ਨੇ ਦੱਸਿਆ ਕਿ ਪੰਜਾਬ ਸੂਚਨਾ ਦਫਤਰ ਚੰਡੀਗੜ੍ਹ ਵਿੱਚ ਚੀਫ ਕਮਿਸ਼ਨਰ ਸਮੇਤ ਕਰੀਬ 13 ਪੋਸਟਾਂ ਹਨ ਜਿਨ੍ਹਾਂ ਵਿੱਚੋਂ ਇਸ ਵੇਲੇ ਕੇਵਲ 2 ਪੋਸਟਾਂ 'ਤੇ ਹੀ ਸੂਚਨਾ ਕਮਿਸ਼ਨਰ ਕੰਮ ਕਰ ਰਹੇ ਹਨ, ਬਾਕੀ ਚੀਫ ਕਮਿਸ਼ਨਰ ਸਣੇ ਸੂਚਨਾ ਕਮਿਸ਼ਨਰਾਂ ਦੀਆਂ 10 ਪੋਸਟਾਂ ਖਾਲੀ ਹਨ ਜਿਸ ਨਾਲ ਸੂਚਨਾ ਦੇ ਅਧਿਕਾਰ ਦਾ ਕੰਮ ਵੱਡੀ ਪੱਧਰ 'ਤੇ ਪ੍ਰਭਾਵਿਤ ਹੋ ਰਿਹਾ ਹੈ ਅਤੇ ਅਪੀਲ ਕਰਤਾਵਾਂ ਨੂੰ ਸਮੇਂ ਸਿਰ ਸੁਣਵਾਈ ਨਾ ਹੋਣ ਕਾਰਨ ਵੱਡੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਚੇਅਰਮੈਨ ਤਰਸੇਮ ਦੀਵਾਨਾ ਨੇ ਕਿਹਾ ਕਿ ਸਮਾਂਬੱਧ ਸੂਚਨਾ ਪ੍ਰਾਪਤ ਨਾ ਹੋਣ ਕਾਰਨ ਅਪੀਲ ਕਰਤਾਵਾਂ ਲਈ ਇਹ ਸੂਚਨਾ ਦਾ ਅਧਿਕਾਰ ਅਰਥਹੀਣ ਸਾਬਿਤ ਹੋ ਰਿਹਾ ਹੈ ਅਤੇ ਜਿਸ ਮਕਸਦ ਲਈ ਸੂਚਨਾ ਮੰਗੀ ਜਾਂਦੀ ਹੈ ਦੇਰੀ ਹੋਣ ਕਾਰਣ ਉਹ ਮਕਸਦ ਖ਼ਤਮ ਹੋ ਜਾਂਦਾ ਹੈ। ਸਰਬ ਸੰਮਤੀ ਨਾਲ ਸੂਚਨਾ ਕਮਿਸ਼ਨਰਾਂ ਦੀਆਂ ਖਾਲੀ ਪੋਸਟਾਂ ਦੀ ਭਰਨ ਲਈ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਗਈ। ਇਸ ਮੌਕੇ ਗੁਰਬਿੰਦਰ ਸਿੰਘ ਪਲਾਹਾ ਜਨਰਲ ਸਕੱਤਰ, ਅਸ਼ਵਨੀ ਸ਼ਰਮਾ ਸੀਨੀਅਰ ਮੀਤ ਪ੍ਰਧਾਨ, ਓ ਪੀ ਰਾਣਾ ਮੀਤ ਪ੍ਰਧਾਨ,ਸੁਸ਼ਾਂਤ ਮੰਮਣ ਵਿੱਤ ਸਕੱਤਰ, ਹੈਡਮਾਸਟਰ ਇੰਦਰ ਸਿੰਘ ਰਾਮ ਕਲੋਨੀ ਕੈਂਪ ਸਕੱਤਰ, ਦਵਿੰਦਰ ਕੁਮਾਰ ਸ਼ੀਹਮਾਰ ਜੁਆਇੰਟ ਸਕੱਤਰ, ਇੰਦਰਜੀਤ ਸਿੰਘ ਮੁਕੇਰੀਆਂ ਸਹਾਇਕ ਵਿੱਤ ਸਕੱਤਰ, ਸੁਖਵਿੰਦਰ ਸਿੰਘ ਮੁਕੇਰੀਆ,ਪ੍ਰਿੰਸੀਪਲ ਹਰਦੀਪ ਸਿੰਘ ਕਾਰਜਕਾਰੀ ਮੈਂਬਰ,ਐਡਵੋਕੇਟ ਹਰਸ਼ ਠਾਕੁਰ,ਐਡਵੋਕੇਟ ਹਰਦੀਪ ਸਿੰਘ ਭਟੋਆ ਤੇ ਐਡਵੋਕੇਟ ਮਲਕੀਅਤ ਸਿੰਘ ਸੀਕਰੀ ਮੁੱਖ ਕਨੂੰਨੀ ਸਲਾਹਕਾਰ ਵੀ ਹਾਜ਼ਰ ਸਨ।

## ਨਗਰ ਨਿਗਮ ਸਿਆਸਤ ਦਾ ਅਖਾੜਾ ਬਣਿਆ : ਬਾਲੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)—ਜ਼ਿਲ੍ਹਾ ਸੰਘਰਸ਼ ਕਮੇਟੀ ਦੇ ਵਫ਼ਦ ਨੇ ਜ਼ਿਲ੍ਹਾ ਪ੍ਰਧਾਨ ਕਰਮਵੀਰ ਬਾਲੀ ਪ੍ਰਧਾਨਗੀ ਵਿੱਚ ਨਗਰ ਨਿਗਮ ਕਮਿਸ਼ਨਰ ਨਾਲ ਮੁਲਾਕਾਤ ਕੀਤੀ ਜਿਸ ਵਿੱਚ ਜਨਰਲ ਸਕੱਤਰ ਨਰਿਦਰ ਸਿੰਘ, ਸਕੱਤਰ ਮਦਨ ਦੱਤਾ ਸ਼ਾਮਲ ਸਨ। ਕਰਮਵੀਰ ਬਾਲੀ ਨੇ ਵਾਰਡ ਨੰ: 50 ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਉਦੇ ਹੋਏ ਕਮਿਸ਼ਨਰ ਜੋਤੀ ਬਾਲਾ ਮੱਟੂ ਨੂੰ ਕਿਹਾ ਕਿ ਨਗਰ ਨਿਗਮ ਸਿਆਸਤ ਦਾ ਅਖਾੜਾ ਬਣਿਆ ਹੋਇਆ ਹੈ, ਜਨਤਾ ਦੀਆਂ ਸਮੱਸਿਆਵਾਂ ਨੂੰ ਨਜ਼ਰ-ਅੰਦਾਜ਼ ਕਰਕੇ ਲੋਕਾਂ ਨੂੰ ਪਰੇਸ਼ਾਨ ਕਰਨ ਦੇ ਸਿਵਾਏ ਇਥੇ ਕੁਝ ਨਹੀਂ ਹੁੰਦਾ। ਕਰਮਵੀਰ ਬਾਲੀ ਨੇ ਕਿਹਾ ਇਕ ਸਾਲ ਪਹਿਲਾਂ ਅਸਿਸਟੈਂਟ ਕਮਿਸ਼ਨਰ ਸੰਦੀਪ ਤਿਵਾੜੀ ਨੂੰ ਮੈਮੋਰੈਂਡਮ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਮੇਅਰ ਨੂੰ ਵੀ ਵਾਰਡ ਨੰ: 50, ਮੁਹੱਲਾ ਨੀਲਕੰਠ ਦੀਆਂ ਸਮੱਸਿਆਵਾਂ ਤੋਂ ਜਾਣੂ ਕਰਵਾਇਆ ਗਿਆ ਸੀ ਪਰ ਕੋਈ ਕੰਮ ਨਹੀ ਹੋਇਆ। ਇਕ ਪਾਸੇ ਤਾਂ ਬਿਨਾਂ ਭੇਦਭਾਵ ਦੇ ਕੰਮ ਕਰਨ ਲਈ ਕਿਹਾ ਜਾ ਰਿਹਾ ਹੈ ਤੇ ਦੂਜੇ ਪਾਸੇ ਕੰਮ ਨਾ ਕਰਕੇ ਭੇਦਭਾਵ ਕੀਤਾ ਜਾ ਰਿਹਾ ਹੈ। ਮੁਹੱਲੇ ਵਿੱਚ ਇਕ ਗਲੀ ਛੱਡ ਦਿੱਤੀ ਗਈ ਹੈ। ਅਸਿਸਟੈਂਟ ਬਣਨ ਦੇ ਬਾਵਜੂਦ ਵੀ ਗਲੀ ਨਹੀ ਬਣ ਰਹੀ। ਕਈ ਘਰਾਂ ਵਿੱਚ ਪਾਣੀ ਦੀ ਪਾਈਪ ਲਾਈਨ ਨਾ ਪੈਣ ਦੇ ਕਾਰਨ ਜਨਤਾ ਪਾਣੀ ਤੋਂ ਪਰੇਸ਼ਾਨ ਹੋ ਰਹੀ ਹੈ। ਮੋੜ 'ਤੇ ਵੱਡੇ ਸ਼ੀਸ਼ੇ ਨਾ ਲੱਗਣ ਕਾਰਨ ਦੁਰਘਟਨਾਵਾਂ ਹੋ ਰਹੀਆਂ ਹਨ। ਹਜ਼ਾਰ ਤੋਂ ਉਪਰ ਆਬਾਦੀ ਹੋਣ ਦੇ ਕਾਰਨ, ਕੂੜਾਦਾਨ ਨਾ ਹੋਣ ਦੇ ਕਾਰਨ ਗੰਦਗੀ ਫੈਲੀ ਰਹਿੰਦੀ ਹੈ। ਆਏ ਦਿਨ ਗਲੀਆਂ ਦੇ ਉਦਘਾਟਨ ਹੋ ਰਹੇ ਹਨ ਪਰ ਭੇਦਭਾਵ ਦੇ ਕਾਰਨ ਮੁਹੱਲਾ ਨੀਲਕੰਠ ਨੂੰ ਨਜ਼ਰ ਅੰਦਾਜ਼ ਕੀਤਾ ਜਾ ਰਿਹਾ ਹੈ। ਸਾਰੀ ਗੱਲ ਸੁਣਨ ਤੋਂ ਬਾਅਦ ਕਮਿਸ਼ਨਰ ਜੋਤੀ ਬਾਲਾ ਮੱਟੂ ਨੇ ਕਿਹਾ ਕਿ ਸਾਰੇ ਕੰਮ ਜਲਦੀ ਕੀਤੇ ਜਾਣਗੇ, ਜਨਤਾ ਨੂੰ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ 'ਤੇ ਸੰਦੀਪ ਤਿਵਾੜੀ, ਸਚਿਨ ਪਾਠਕ ਆਦਿ ਮੌਜੂਦ ਸਨ।

## ਪੰਜਾਬੀ ਟਰੈਕ ਜ਼ਮੀਰਾਂ ਵਾਲੇ ਲੈ ਕੇ ਹਾਜ਼ਰ ਹੋਏ ਗਾਇਕ ਇੰਦਰ ਘੁੰਮਣ



ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)-ਪੰਜਾਬੀ ਸੱਭਿਆਚਾਰ ਤੇ ਮਾਂ ਬੋਲੀ ਨਾਲ ਜੁੜਿਆ ਗਾਇਕ ਇੰਦਰ ਘੁੰਮਣ ਹਰ ਵਾਰ ਸਰੋਤਿਆਂ ਦੇ ਅੱਗੇ ਇੱਕ ਨਵੇਂ ਵਿਸ਼ੇ ਦੇ ਗੀਤ ਲੈ ਕੇ ਆਉਂਦਾ ਹੈ। ਇਸ ਵਾਰ ਵੀ ਉਹ ਸਿੱਖ ਕੌਮ ਦੀ ਬਹਾਦਰੀ ਤੇ ਸੂਰਬੀਰਤਾ ਦੀ ਗੱਲ ਕਰਦਾ ਹੋਇਆ ਆਪਣਾ ਨਵਾਂ ਗੀਤ ਜ਼ਮੀਰਾਂ ਵਾਲੇ, ਜਨਤਾ ਦੀ ਕਚਹਿਰੀ ਵਿੱਚ ਪੇਸ਼ ਕਰ ਰਿਹਾ ਹੈ। ਇਸ ਗੀਤ ਨੂੰ ਇੰਦਰ ਨੇ ਖ਼ੁਦ ਹੀ ਲਿਖਿਆ ਹੈ ਤੇ ਇਸ ਦਾ ਸੰਗੀਤ ਕਰਨੈਲ ਸਿੰਘ ਨੇ ਦਿੱਤਾ ਹੈ। ਵੀਡੀਓ ਦਾ ਨਿਰਦੇਸ਼ਨ ਰਾਜੇਸ਼ ਕੁਮਾਰ ਨੇ ਕੀਤਾ ਹੈ ਅਤੇ ਇਸ ਦਾ ਕੈਮਰਾਮੈਨ ਸ਼ੰਕਰ ਦੇਵਾ ਤੇ ਪ੍ਰੋਡਕਸ਼ਨ ਗੌਰਵ ਬਾਵਾ ਵਲੋਂ ਕੀਤੀ ਗਈ ਹੈ। ਇਸ ਗੀਤ ਨੂੰ ਬਾਜ ਇਟਰਨੈਟ ਦੇ ਯੂ ਟਿਊਬ ਅਤੇ ਵੱਖ ਵੱਖ ਸੰਗੀਤਕ ਸਾਇਟਾਂ ਤੋਂ ਇਲਾਵਾ ਦੇਸ਼ ਵਿਦੇਸ਼ ਦੇ ਕਈ ਟੀ ਵੀ ਚੈਨਲਾਂ ਦੇਖਿਆ ਅਤੇ ਰੇਡੀਓ ਤੇ ਸੁਣਿਆ ਜਾ ਸਕਦਾ ਹੈ।

# ਵਿਧਾਇਕ ਚੱਢਾ ਨੇ ਪਿੰਡ ਬਜਰੂੜ ਤੋਂ ਤੀਰਥ ਯਾਤਰਾ ਦੀ ਕੀਤੀ ਪਹਿਲੀ ਬੱਸ ਰਵਾਨਾ



ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)- ਪੰਜਾਬ ਸਰਕਾਰ ਅਤੇ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਗਈ ਤੀਰਥ ਯਾਤਰਾ ਯੋਜਨਾ ਦੇ ਤਹਿਤ ਅੱਜ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚੋਂ ਚਾਰ ਬੱਸਾਂ ਤੀਰਥ ਸਥਾਨਾਂ ਲਈ ਰਵਾਨਾ ਹੋਈਆਂ । ਇਨ੍ਹਾਂ ਵਿੱਚੋਂ ਇੱਕ ਬੱਸ ਹਲਕਾ ਰੂਪਨਗਰ ਦੇ ਪਿੰਡ ਬਜਰੂੜ ਤੋਂ ਤਖਤ ਸ੍ਰੀ ਹਰਿਮੰਦਰ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਲਈ ਰਵਾਨਾ ਹੋਈ ਜਿਸ ਨੂੰ ਹਲਕਾ ਵਿਧਾਇਕ ਦਿਨੇਸ਼ ਚੱਢਾ, ਐਸ ਡੀ ਐਮ ਸ੍ਰੀ ਅਨੰਦਪੁਰ ਸਾਹਿਬ ਅਤੇ ਨਾਇਬ ਤਹਿਸੀਲਦਾਰ ਗਰਨੈਬ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਿਧਾਇਕ ਚੱਢਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਹਿਲੀ ਤੀਰਥ ਸਥਾਨਾਂ ਦੀ ਯਾਤਰਾ ਸ਼ੁਰੂ ਕਰਵਾਈ ਹੈ । ਜਿਸ ਦੇ ਤਹਿਤ ਯਾਤਰੀਆਂ ਦੇ ਰਹਿਣ ਅਤੇ ਤਿੰਨੇ ਟਾਈਮ ਦੀ ਰੋਟੀ ਦਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਹੈ । ਪੰਜਾਬ ਸਰਕਾਰ ਵੱਲੋਂ ਫੁਲੀ ਲਗਜ਼ਰੀ ਬੱਸਾਂ ਇਨ੍ਹਾਂ ਤੀਰਥ ਸਥਾਨਾਂ ਦੀ ਯਾਤਰਾ ਲਈ ਭੇਜੀਆਂ ਗਈਆਂ ਹਨ। ਇਹ ਪਹਿਲੀ ਵਾਰ ਹੋ ਰਿਹਾ ਹੈ ਕਿਸੇ ਸਰਕਾਰ ਨੇ ਯਾਤਰੀਆਂ ਦੇ ਰਹਿਣ ਤੇ ਖਾਣੇ ਦਾ ਪ੍ਰਬੰਧ ਕੀਤਾ ਹੈ। ਅੱਜ ਇਸ ਤੀਰਥ ਯਾਤਰਾ ਲਈ ਪਿੰਡ ਬਜਰੂੜ ਤੋਂ 43 ਯਾਤਰੀਆਂ ਦਾ ਜਥਾ ਰਵਾਨਾ ਹੋਇਆ ਜਿਨ੍ਹਾਂ 'ਚ ਇਸ ਯਾਤਰਾ ਲਈ ਕਾਫੀ ਉਤਸ਼ਾਹ ਪਾਇਆ ਗਿਆ ਤੇ ਉਨ੍ਹਾਂ ਨੇ ਇਸ ਉਪਰਾਲੇ ਲਈ ਮੁੱਖ ਮੰਤਰੀ ਮਾਨ ਅਤੇ ਹਲਕਾ ਵਿਧਾਇਕ ਦਿਨੇਸ਼ ਚੱਢਾ ਦਾ ਧੰਨਵਾਦ ਕੀਤਾ। ਇਸ ਮੌਕੇ ਚੇਅਰਮੈਨ ਤੀਰਥ ਸਿੰਘ ਬੈਨੀਪਾਲ , ਰਾਮ ਪ੍ਰਤਾਪ ਤਾਰੀ, ਦਿਲਜੀਤ ਕੌਰ ਬੰਗਾ, ਨਰਿੰਦਰ ਸਿੰਘ, ਰੌਕੀ ਬਾਲੀ, ਹਰਜਾਪ ਸਿੰਘ, ਸੁਰਜੀਤ ਸਿੰਘ, ਮਨੋਜ ਕੁਮਾਰ ਬੈਂਸ, ਸਤਨਾਮ ਸਿੰਘ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਹਾਜ਼ਰ ਸਨ।

# ਖੇਡਾਂ ਨੂੰ ਉਤਸ਼ਾਹਤ ਕਰਨ ਲਈ ਖੋਲ੍ਹੀਆਂ ਜਾ ਰਹੀਆਂ ਖੇਡ ਅਕੈਡਮੀਆਂ : ਮੀਤ ਹੇਅਰ



ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)-ਖੇਡ ਮੰਤਰੀ ਪੰਜਾਬ ਗੁਰਮੀਤ ਸਿੰਘ ਮੀਤ ਹੇਅਰ ਨੇ ਰਿਆਤ ਬਾਹਰਾ ਇੰਸਟੀਚਿਊਟ ਰੈਲ ਮਾਜਰਾ ਵਿਖੇ ਕਰਵਾਈ ਗਈ 70ਵੀਂ ਸੀਨੀਅਰ ਨੈਸ਼ਨਲ ਕਬੱਡੀ ਚੈਂਪੀਅਨਸ਼ਿਪ ਵਿੱਚ ਸ਼ਿਰਕਤ ਕੀਤੀ। ਇਸ ਮੌਕੇ ਉਨ੍ਹਾ ਦੇ ਨਾਲ ਹਲਕਾ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ, ਵਿਧਾਇਕ ਰੂਪਨਗਰ ਦਿਨੇਸ਼ ਚੱਡਾ, ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਸਕੰਦਰ ਸਿੰਘ ਮਲੂਕਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਦੌਰਾਨ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਕਿਹਾ ਕਿ ਸੂਬੇ ਵਿੱਚ ਖੇਡਾਂ ਨੂੰ ਹੋਰ ਵੀ ਉਤਸ਼ਾਹਤ ਕਰਨ ਲਈ ਖੇਡ ਨਰਸਰੀਆਂ ਖੋਲ੍ਹੀਆਂ ਜਾ ਰਹੀਆਂ ਹਨ, ਜਿਸ ਵਿੱਚ ਕੋਚ ਅਤੇ ਖੇਡਾਂ ਦੇ ਮਾਹਰ ਵੱਖ-ਵੱਖ ਖੇਡਾਂ ਨਾਲ ਸਬੰਧਤ ਖਿਡਾਰੀਆਂ ਨੂੰ ਖੇਡਾਂ ਲਈ ਟ੍ਰੇਨਿੰਗ ਦੇਣਗੇ। ਉਨ੍ਹਾ ਕਿਹਾ ਕਿ ਸੂਬੇ ਦੇ ਖਿਡਾਰੀ ਵੀ ਇੰਟਰਨੈਸ਼ਨਲ ਪੱਧਰ 'ਤੇ ਮੱਲਾਂ ਮਾਰ ਰਹੇ ਰਹੇ ਹਨ। ਸੂਬਾ ਸਰਕਾਰ ਖਿਡਾਰੀਆਂ ਨੂੰ ਹਰ ਤਰ੍ਹਾਂ ਦੀਆਂ ਮਾਡਰਨ ਸਹੂਲਤਾਂ ਦੇਣਾ ਚਾਹੁੰਦੀ ਹੈ, ਇਸ ਦੇ ਲਈ ਮੁਢਲੇ ਪੱਧਰ ਤੋਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਸਕੂਲੀ ਪੱਧਰ 'ਤੇ ਵੀ ਛੋਟੇ ਬੱਚਿਆਂ ਨੂੰ ਖੇਡਾਂ ਵੱਲ ਲਗਾਇਆ ਜਾ ਰਿਹਾ ਹੈ। ਇਸ ਦੌਰਾਨ ਉਨ੍ਹਾਂ ਨੇ ਕਾਲਜ ਵਿੱਚ ਕਰਵਾਈ ਜਾ ਰਹੀ ਸੀਨੀਅਰ ਨੈਸ਼ਨਲ ਕਬੱਡੀ ਚੈਂਪੀਅਨਸ਼ਿਪ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਇਸ ਦੌਰਾਨ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਨੇ ਕਿਹਾ ਕਿ ਇਹ ਬੜੀ ਖ਼ੁਸ਼ੀ ਦੀ ਗੱਲ ਹੈ ਕਿ ਨੌਜਵਾਨ ਵੱਧ ਤੋਂ ਵੱਧ ਖੇਡਾਂ ਵਿੱਚ ਹਿੱਸਾ ਲੈ ਰਹੇ ਹਨ। ਖੇਡਾਂ ਜਿਥੇ ਸਾਨੂੰ ਸਰੀਰਕ ਤੌਰ 'ਤੇ ਮਜ਼ਬੂਤ ਬਣਾਉਂਦੀਆਂ ਹਨ, ਉਥੇ ਨਸ਼ਿਆਂ ਵਰਗੀਆਂ ਬਿਮਾਰੀਆਂ ਤੋਂ ਵੀ ਬਚਿਆ ਜਾ ਸਕਦਾ ਹੈ। ਉਨ੍ਹਾ ਨੌਜਵਾਨਾਂ ਨੂੰ ਖੇਡਾਂ ਵੱਲ ਆਪਣਾ ਧਿਆਨ ਲਗਾਉਣ ਦੇ ਲਈ ਪ੍ਰੇਰਿਤ ਵੀ ਕੀਤਾ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਨਵਾਂਸ਼ਹਿਰ ਵੰਦਨਾ ਚੌਹਾਨ, ਚਾਂਸਲਰ ਡਾ. ਸੰਦੀਪ ਸਿੰਘ ਕੌੜਾ, ਐਨ ਐਸ ਰਿਆਤ, ਤਿਜੇਂਦਰ ਸਿੰਘ ਮਿੱਡੂ ਖੇੜਾ, ਵਾਈਸ ਪ੍ਰਧਾਨ ਅਰੁਨ ਰਾਘਬ, ਦਿਨੇਸ਼ ਕੁਮਾਰ ਡਿੰਪੀ ਪਹਿਲਵਾਨ ਭਾਰਤੀ ਕਿਸਾਨ ਯੂਨੀਅਨ ਹਰਿਆਣਾ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਖਿਡਾਰੀ ਮੌਜੂਦ ਸਨ।

## ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਨੂੰ ਸਮਰਪਤ ਖ਼ੂਨਦਾਨ ਕੈਂਪ



ਬਲਾਚੌਰ/ਕਾਠਗੜ੍ਹ, (ਸੁਭਾਸ਼ ਭਾਟੀਆ)- ਸ਼੍ਰੋਮਣੀ ਅਕਾਲੀ ਦਲ ਹਲਕਾ ਬਲਾਚੌਰ ਵਲੋਂ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਨੂੰ ਸਮਰਪਤ ਵਿਸ਼ਾਲ ਖ਼ੂਨਦਾਨ ਕੈਂਪ 8 ਦਸੰਬਰ ਨੂੰ ਨਵੀਂ ਲੱਕੜ ਮੰਡੀ ਬਲਾਚੌਰ ਵਿਖੇ ਸੂਰੀ ਹਸਪਤਾਲ ਬਲਾਚੌਰ ਦੇ ਸਹਿਯੋਗ ਨਾਲ ਲਗਾਇਆ ਜਾ ਰਿਹਾ ਹੈ। ਇਸ ਮੌਕੇ ਗੱਲਬਾਤ ਦੌਰਾਨ ਸੀਨੀਅਰ ਅਕਾਲੀ ਆਗੂ ਗੁਰਪ੍ਰੀਤ ਗੁੱਜਰ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਪਾਰਟੀ ਬਲਾਚੌਰ ਦੇ ਵਲੋਂ ਸਦਭਾਵਨਾ ਦਿਵਸ ਵਜੋਂ ਕਿਸਾਨਾਂ ਤੇ ਗਰੀਬਾਂ ਦੇ ਮਸੀਹਾ ਤੇ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਦੇ ਪ੍ਰਤੀਕ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਨੂੰ ਸਮਰਪਤ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਮੁੱਖ ਮਹਿਮਾਨ ਵਜੋਂ ਸਾਬਕਾ ਸੰਸਦ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਵਿਸ਼ੇਸ਼ ਤੌਰ 'ਤੇ ਪਹੁੰਚਣਗੇ ਤੇ ਕਈ ਅਕਾਲੀ ਪਾਰਟੀ ਦੇ ਲੀਡਰ ਵੀ ਇਸ ਮੌਕੇ ਸ਼ਮੂਲੀਅਤ ਕਰਨਗੇ। ਉਨ੍ਹਾ ਇਸ ਕੈਂਪ ਦੌਰਾਨ ਸਭ ਨੂੰ ਖ਼ੂਨਦਾਨ ਕਰਨ ਲਈ ਅਪੀਲ ਕਰਦੇ ਹੋਏ ਪਹੁੰਚਣ ਲਈ ਅਪੀਲ ਕੀਤੀ। ਉਨ੍ਹਾ ਸੂਰੀ ਹਸਪਤਾਲ ਬਲਾਚੌਰ ਦਾ ਧੰਨਵਾਦ ਵੀ ਕੀਤਾ ਜਿਹੜੇ ਹਮੇਸ਼ਾ ਸਮਾਜ ਸੇਵਾ ਦੇ ਕੰਮਾਂ ਵਿੱਚ ਪਹਿਲਕਦਮੀ ਹੋ ਕੇ ਕੰਮ ਕਰ ਰਹੇ ਹਨ।

# ਧੀਰਜ ਸਾਹੂ ਨੇ ਕਾਂਗਰਸ ਦੇ ਭ੍ਰਿਸ਼ਟਾਚਾਰ ਦੀ ਖੋਲ੍ਹੀ ਪੋਲ : ਤੀਕਸ਼ਣ ਸੂਦ



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ ਵੱਲੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਹੈ ਕਿ ਜਦੋਂ ਵੀ ਕਾਂਗਰਸ ਸੱਤਾ ਵਿੱਚ ਹੁੰਦੀ ਹੈ ਤਾਂ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੁੰਦਾ ਹੈ।

ਇਸੇ ਲਈ ਕਿਹਾ ਜਾਂਦਾ ਹੈ ਕਿ ਕਾਂਗਰਸ ਅਤੇ ਭ੍ਰਿਸ਼ਟਾਚਾਰ ਦਾ ਗੂੜ੍ਹਾ ਸਬੰਧ ਹੈ। ਇਨਕਮ ਟੈਕਸ ਵਿਭਾਗ ਵਲੋਂ ਕਾਂਗਰਸ ਸੰਸਦ (ਰਾਜ ਸਭਾ ਮੈਂਬਰ) ਧੀਰਜ ਸਾਹੂ ਦੇ ਘਰ ਛਾਪਾ ਮਾਰਿਆ ਅਤੇ 200 ਕਰੋੜ ਰੁਪਏ ਤੋਂ ਵੱਧ ਦੇ ਨੋਟ ਜ਼ਬਤ ਕੀਤੇ ਅਤੇ ਹੁਣ ਤੱਕ ਨੋਟਾਂ ਦੀ ਗਿਣਤੀ ਚੱਲ ਰਹੀ ਹੈ ਜੋ ਕਾਂਗਰਸ ਦੇ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਦੇਣ ਦੇ ਦਾਅਵਿਆਂ ਨੂੰ ਕਰਾਰਾ ਝਟਕਾ ਹੈ। ਉਨ੍ਹਾਂ ਕਿਹਾ ਕਿ ਵਿਡੰਬਨਾ ਇਹ ਹੈ ਕਿ ਅੱਜ ਤੱਕ ਨਾ ਤਾਂ ਕਾਂਗਰਸ ਪਾਰਟੀ ਨੇ ਭ੍ਰਿਸ਼ਟਾਚਾਰੀਆਂ ਖਿਲਾਫ ਕੋਈ ਕਾਰਵਾਈ ਕੀਤੀ ਹੈ ਅਤੇ ਨਾ ਹੀ ਕਿਸੇ ਵੱਡੇ ਕਾਂਗਰਸੀ ਆਗੂ ਨੇ ਉਨ੍ਹਾਂ ਖਿਲਾਫ ਕੋਈ ਬਿਆਨ ਦਿੱਤਾ ਹੈ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਲੁੱਟ ਦੀ ਖੇਡ ਵਿੱਚ ਸਾਰੇ ਕਾਂਗਰਸੀ ਬਰਾਬਰ ਦੇ ਹਿੱਸੇਦਾਰ ਹਨ। ਸੂਦ ਦੇ ਨਾਲ ਮੌਜੂਦ ਭਾਜਪਾ ਆਗੂਆਂ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਤੇ ਸਾਬਕਾ ਕੌਂਸਲਰ ਸੁਰੇਸ਼ ਭਾਟੀਆ ਬਿੱਟੂ, ਜ਼ਿਲ੍ਹਾ ਸਕੱਤਰ ਅਸ਼ਵਨੀ ਗੈਂਦ, ਸਕੱਤਰ ਪੰਜਾਬ ਐਸ.ਸੀ ਮੋਰਚਾ ਸਕੱਤਰ ਬੀ.ਜੇ.ਪੀ., ਭਾਜਪਾ ਸੁਰਿੰਦਰ ਪਾਲ ਭੱਟੀ, ਅਰੁਣ ਤਨੇਜਾ, ਸੰਜੂ ਖੁਰਾਣਾ, ਕਰਨਜੋਤ, ਰਾਹੁਲ ਆਦੀਆ, ਪ੍ਰਿਤਪਾਲ ਆਦਿ ਨੇ ਇਸ ਘਟਨਾ 'ਤੇ ਗੁੱਸੇ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਦੇਸ਼ ਦੇ ਲੋਕਾਂ ਦਾ ਖੂਨ ਚੂਸਿਆ ਜਾ ਰਿਹਾ ਹੈ। ਕਾਂਗਰਸੀ ਕਿਵੇਂ ਲੋਕਾਂ ਦੀ ਮਿਹਨਤ ਦੀ ਕਮਾਈ ਲੁੱਟ ਕੇ ਘਰਾਂ ਵਿੱਚ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਧੀਰਜ ਸਾਹੂ ਦਾ ਮਾਮਲਾ ਸਿਰਫ਼ ਇੱਕ ਮਿਸਾਲ ਹੈ, ਬਾਕੀਆਂ ਕੋਲ ਵੀ ਇਸ ਤੋਂ ਘੱਟ ਜਾਇਦਾਦ ਨਹੀਂ ਹੋਵੇਗੀ। ਭਾਜਪਾ ਆਗੂਆਂ ਨੇ ਕਾਂਗਰਸ ਦੇ ਭ੍ਰਿਸ਼ਟਾਚਾਰ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਕਿ ਕੁਝ ਲੋਕ ਅਜੇ ਵੀ ਕਾਂਗਰਸ ਨੂੰ ਸੱਤਾ ਵਿਚ ਲਿਆਉਣ ਲਈ ਵੋਟ ਕਿਉਂ ਪਾ ਰਹੇ ਹਨ।

# ਓਵਰਲੋਡ ਭੂੰਗ ਵਾਲੀ ਟਰੈਕਟਰ ਟਰਾਲੀ ਹਾਈਵੇ ਵਿਚਕਾਰ ਪਲਟੀ, ਵੱਡੇ ਹਾਦਸੇ ਤੋਂ ਬਚਾਅ


•ਸੋਨੂੰ ਸ਼ਰਮਾ

ਬਲਾਚੌਰ/ਕਾਠਗੜ੍ਹ, (ਸੁਖਜੀਤ ਭਾਟੀਆ)- ਬਲਾਚੌਰ-ਰੂਪਨਗਰ ਰਾਜ ਮਾਰਗ 'ਤੇ ਪਿੰਡ ਸੁੱਧਾ ਮਾਜਰਾ ਨੇੜੇ ਇੱਕ ਓਵਰਲੋਡ ਭੂੰਗ ਵਾਲੀ ਟਰੈਕਟਰ-ਟਰਾਲੀ ਮਾਰਗ ਦੇ ਵਿਚਕਾਰ ਬੁਰੀ ਤਰ੍ਹਾਂ ਪਲਟ ਗਈ ਜਿਸ ਨਾਲ ਜਾਨੀ ਅਤੇ ਵੱਡੇ ਹਾਦਸੇ ਤੋਂ ਤਾਂ ਬਚਾਅ ਹੋ ਗਿਆ ਪਰ ਇੱਕ ਪਾਸੇ ਦੀ ਟਰੈਫਿਕ ਮੁਕੰਮਲ ਬੰਦ ਹੋ ਗਈ ਸੀ। ਮੌਕੇ 'ਤੇ ਪਹੁੰਚੀ ਪੁਲਸ ਨੇ ਦੋਸ਼ੀ ਚਾਲਕ 'ਤੇ ਜਿੱਥੇ ਪਰਚਾ ਦਰਜ ਕੀਤਾ ਉਥੇ ਹੀ ਚਾਰ ਹੋਰ ਭੂੰਗ ਵਾਲੀਆਂ ਟਰੈਕਟਰ-ਟਰਾਲੀਆਂ ਦੇ ਚਲਾਨ ਕੱਟੇ। ਥਾਣਾ ਕਾਠਗੜ੍ਹ ਦੇ ਮੁਖੀ ਇੰਸਪੈਕਟਰ ਪੰਕਜ ਸ਼ਰਮਾ ਨੇ ਦੱਸਿਆ ਕਿ ਅੱਜ ਸਵੇਰੇ ਤੜਕਸਾਰ ਇੱਕ ਭੂੰਗ ਵਾਲੀ ਓਵਰਲੋਡ ਟਰੈਕਟਰ-ਟਰਾਲੀ ਬਲਾਚੌਰ ਸਾਈਡ ਤੋਂ ਰੋਪੜ ਵੱਲ ਇੱਕ ਫੈਕਟਰੀ ਵਿੱਚ ਜਾ ਰਹੀ ਸੀ ਪਰ ਜਦੋਂ ਉਹ ਪਿੰਡ ਸੁੱਧਾ ਮਾਜਰਾ ਤੋਂ ਥੋੜ੍ਹਾ ਅੱਗੇ ਪਹੁੰਚੀ ਤਾਂ ਤੇਜ਼ ਰਫਤਾਰੀ ਜਾਂ ਕਿਸੇ ਹੋਰ ਕਾਰਨ ਕਰਕੇ ਉਹ ਮਾਰਗ ਦੇ ਵਿਚਕਾਰ ਬੁਰੀ ਤਰ੍ਹਾਂ ਪਲਟ ਗਈ ਅਤੇ ਚੰਡੀਗੜ੍ਹ ਸਾਈਡ ਦੀ ਟਰੈਫਿਕ ਬੰਦ ਹੋ ਗਈ। ਇਸ ਹਾਦਸੇ ਦੀ ਸੂਚਨਾ ਜਿਉਂ ਹੀ ਉਨ੍ਹਾਂ ਨੂੰ ਮਿਲੀ ਤਾਂ ਉਹ ਤੁਰੰਤ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਸਭ ਤੋਂ ਪਹਿਲਾਂ ਖ਼ੁਦ ਮਸ਼ੀਨਰੀ ਦਾ ਪ੍ਰਬੰਧ ਕਰਕੇ ਪਲਟੀ ਟਰੈਕਟਰ-ਟਰਾਲੀ ਨੂੰ ਸਾਈਡ 'ਤੇ ਕਰਵਾਇਆ ਅਤੇ ਟਰੈਫਿਕ ਨੂੰ ਸੁਚਾਰੂ ਕੀਤਾ। ਉਨ੍ਹਾਂ ਦੱਸਿਆ ਕਿ ਪੁਲਸ ਵੱਲੋਂ ਪਲਟੀ ਟਰੈਕਟਰ-ਟਰਾਲੀ ਦੇ ਦੋਸ਼ੀ ਚਾਲਕ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ ਜਦਕਿ ਆ ਰਹੀਆਂ ਚਾਰ ਹੋਰ ਓਵਰਲੋਡ ਭੂੰਗ ਵਾਲੀਆਂ ਟਰੈਕਟਰ ਟਰਾਲੀਆਂ ਦੇ ਚਲਾਨ ਕੱਟੇ ਗਏ ਹਨ। ਉਹਨਾਂ ਕਿਹਾ ਕਿ ਹਾਈਵੇ ਮਾਰਗ 'ਤੇ ਚੱਲਣ ਵਾਲੇ ਜਿਹੜੇ ਭੂੰਗ ਵਾਲੀਆਂ ਟਰੈਕਟਰ-ਟਾਲੀਆਂ ਦੇ ਚਾਲਕ ਟਰੈਫਿਕ ਨਿਯਮਾਂ ਦੀ ਪਾਲਣਾ ਨਹੀਂ ਕਰਨਗੇ ਉਨ੍ਹਾਂ ਨਾਲ ਸਖਤੀ ਵਿੱਚ ਪੇਸ਼ ਆਇਆ ਜਾਵੇਗਾ।

## ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ : ਥਾਣਾ ਮੁਖੀ

### *ਨਸ਼ਾ ਤਸਕਰ ਨੂੰ 51 ਗ੍ਰਾਮ ਹੈਰੋਇਨ ਸਮੇਤ ਕੀਤਾ ਕਾਬੂ*



ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)- ਸੁਰੇਂਦਰ ਲਾਂਬਾ ਆਈ ਪੀ ਐਸ ਸੀਨੀਅਰ ਪੁਲਸ ਕਪਤਾਨ, ਜ਼ਿਲ੍ਹਾ ਹੁਸ਼ਿਆਰਪੁਰ ਵਲੋਂ ਨਸ਼ਾ ਤਸਕਰਾਂ ਅਤੇ ਭੈੜੇ ਪੁਰਸ਼ਾਂ ਦੇ ਖਿਲਾਫ ਚਲਾਈ ਮੁਹਿੰਮ ਤਹਿਤ ਸਰਬਜੀਤ ਸਿੰਘ ਬਾਹੀਆ ਪੁਲਸ ਕਪਤਾਨ ਦੀ ਨਿਗਰਾਨੀ ਹੇਠ ਅਤੇ ਪਰਮਿੰਦਰ ਸਿੰਘ ਪੀ ਪੀ ਐਸ ਉਪ ਪੁਲਸ ਕਪਤਾਨ ਤਫਤੀਸ਼ ਦੀ ਯੋਗ ਰਹਿਨੁਮਾਈ ਹੇਠ ਐਸ ਆਈ ਗੁਰਸਾਹਿਬ ਸਿੰਘ ਦੀ ਮੁੱਖ ਅਫਸਰ ਥਾਣਾ ਚੱਬੇਵਾਲ ਦੇ ਅਧੀਨ ਫੋਰਸ ਨੂੰ ਉਸ ਸਮੇਂ ਵੱਡੀ ਕਾਮਯਾਬੀ ਮਿਲੀ ਜਦੋਂ ਐਸ ਆਈ ਗੁਰਮੀਤ ਸਿੰਘ ਸਮੇਤ ਪੁਲਸ ਪਾਰਟੀ ਇਲਾਕੇ ਵਿੱਚ ਗਸ਼ਤ ਕਰਨ ਜਾ ਰਹੀ ਸੀ, ਤਾਂ ਜਦੋਂ ਪੁਲਸ ਪਾਰਟੀ ਨੌਰੰਗਾਬਾਦ ਚੌਕ ਕੋਲ ਪਹੁੰਚੀ ਤਾਂ ਪਿੰਡ ਨੌਰੰਗਾਬਾਦ ਦੀ ਇੱਟਾਂ ਵਾਲੀ ਗਲੀ ਵਲੋਂ ਇੱਕ ਸਿੱਖ ਨੌਜਵਾਨ ਨੂੰ ਸ਼ੱਕ ਦੀ ਬਿਨਾਅ 'ਤੇ ਕਾਬੂ ਕੀਤਾ ਜਿਸ ਨੇ ਆਪਣਾ ਨਾਂ ਲਖਵੀਰ ਸਿੰਘ ਪੁੱਤਰ ਹਰਵਿੰਦਰ ਸਿੰਘ ਵਾਸੀ ਪਿੰਡ ਪ੍ਰਤਾਪਪੁਰ ਥਾਣਾ ਕਾਂਸ਼ੀਪੁਰ ਜ਼ਿਲ੍ਹਾ ਉਧਮ ਸਿੰਘ ਨਗਰ ਸਟੇਟ ਉਤਰਾਖੰਡ ਦੱਸਿਆ। ਜਿਸ ਪਾਸੋਂ 51 ਗ੍ਰਾਮ ਹੈਰੋਇਨ ਬਰਾਮਦ ਹੋਈ। ਜਿਸ 'ਤੇ ਐਨ ਡੀ ਪੀ ਐਸ ਐਕਟ ਤਹਿਤ ਥਾਣਾ ਚੱਬੇਵਾਲ ਵਿਖੇ ਮੁਕੱਦਮਾ ਦਰਜ ਕੀਤਾ ਗਿਆ।

## 12 ਵਾਂ ਸਲਾਨਾ ਸਮਾਗਮ ਕਰਵਾਇਆ



ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ )-ਸ੍ਰੀਮਾਨ ਸੰਤ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਮਹਾਂਪੁਰਖਾਂ ਦੀ ਯਾਦ ਵਿੱਚ ਪਿੰਡ ਰਾਜਪੁਰ ਵਿਖੇ 6 ਦਸੰਬਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਕੀਤੀ ਗਈ। 7 ਦਸੰਬਰ ਸ਼ਾਮ 7 ਵਜੇ ਸੰਤ ਬਾਬਾ ਰਣਜੀਤ ਸਿੰਘ ਹਸ਼ਿਆਰਪੁਰ ਵਾਲਿਆਂ ਨੇ ਅਤੇ 8 ਵਜੇ ਭਾਈ ਤੇਜੇਸ਼ਵਰ ਪ੍ਰਤਾਪ ਸਿੰਘ ਚੰਡੀਗੜ੍ਹ ਵਾਲਿਆਂ ਨੇ ਸੰਗਤਾਂ ਨੂੰ ਧੁਰ ਕੀ ਬਾਣੀ ਦੇ ਕੀਰਤਨ ਜੱਸ ਨਾਲ ਨਿਹਾਲ ਕੀਤਾ। 8 ਦਸੰਬਰ ਸਵੇਰੇ 11 ਤੋਂ 2 ਵਜੇ ਤੱਕ ਸੰਤ ਬਾਬਾ ਸਰੂਪ ਸਿੰਘ ਚੰਡੀਗੜ੍ਹ ਵਾਲੇ ਅਤੇ ਭਾਈ ਗੁਰਪ੍ਰੀਤ ਸਿੰਘ ਚੰਡੀਗੜ੍ਹ ਵਾਲਿਆਂ ਨੇ ਕੀਰਤਨ ਜੱਸ ਨਾਲ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਜੀਆਂ ਨਾਲ ਜੋੜਿਆ। ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਦੂਰ ਦੁਰਾਡੇ ਤੋਂ ਆਈਆਂ ਹੋਈਆਂ ਸਮੂਹ ਸੰਗਤਾਂ ਨੇ ਗੁਰੂ ਘਰ ਆਪਣੀਆਂ ਹਾਜ਼ਰੀਆਂ ਭਰੀਆਂ।

# ਸਿੱਖਿਆ ਮੰਤਰੀ ਨੇ 'ਸਾਡੇ ਬਜ਼ੁਰਗ ਸਾਡਾ ਮਾਣ' ਤਹਿਤ ਲਗਾਏ ਕੈਂਪ 'ਚ ਕੀਤੀ ਸ਼ਿਰਕਤ



ਭਲਾਣ, (ਹਰਭਜਨ ਢਿੱਲੋਂ) -ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਸ਼ੁਰੂ ਕੀਤੀ ਮੁਹਿੰਮ "ਸਾਡੇ ਬਜ਼ੁਰਗ ਸਾਡਾ ਮਾਣ" ਰਾਹੀਂ ਦੂਰ ਦੁਰਾਡੇ ਪੇਂਡੂ ਖੇਤਰਾਂ ਵਿਚ ਰਹਿ ਰਹੇ ਲੋੜਵੰਦ ਬਜ਼ੁਰਗਾਂ ਤੱਕ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ। ਇਸ ਕੈਂਪ ਵਿੱਚ 3 ਹਜ਼ਾਰ ਤੋਂ ਵੱਧ ਇਲਾਕਾ ਵਾਸੀਆਂ ਦੀ ਸ਼ਮੂਲੀਅਤ ਨਾਲ ਸਪੱਸ਼ਟ ਹੋ ਗਿਆ ਹੈ ਕਿ ਇਨ੍ਹਾਂ ਲੋਕਾਂ ਤੱਕ ਸਰਕਾਰੀ ਸਹੂਲਤਾਂ ਪਹੁੰਚਾਉਣ ਦੀ ਦਿਸ਼ਾਂ ਵਿੱਚ ਕੀਤਾ ਉਪਰਾਲਾ ਬੇਹੱਦ ਕਾਰਗਰ ਸਿੱਧ ਹੋਇਆ ਹੈ। ਇਸ ਲਈ ਵੱਖ ਵੱਖ ਵਿਭਾਗਾਂ ਵੱਲੋਂ ਦੂਰ ਦੁਰਾਡੇ ਪਿੰਡਾਂ ਵਿੱਚ ਅਜਿਹੇ ਕੈਂਪ ਨਿਰੰਤਰ ਜਾਰੀ ਰੱਖੇ ਜਾਣਗੇ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਉਚੇਰੀ ਸਿੱਖਿਆ ਪੰਜਾਬ ਨੇ ਸਰਕਾਰੀ ਪ੍ਰਾਇਮਰੀ ਸਕੂਲ ਭਨਾਮ ਵਿੱਚ "ਸਾਡੇ ਬਜ਼ੁਰਗ ਸਾਡਾ ਮਾਣ" ਪ੍ਰੋਗਰਾਮ ਤਹਿਤ ਜਿਲ੍ਹਾ ਪ੍ਰਸ਼ਾਸ਼ਨ ਵੱਲੀ ਲਗਾਏ ਵਿਸ਼ੇਸ਼ ਕੈਂਪ ਦੌਰਾਨ ਇਲਾਕੇ ਦੇ ਇੱਕ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਸਾਡੇ ਬਜ਼ੁਰਗ ਸਾਡੀ ਸ਼ਾਨ ਹਨ , ਜਿਸ ਘਰ ਵਿਚ ਮਾਤਾ ਪਿਤਾ ਹਨ ਉਸ ਘਰ ਵਿੱਚ ਉਨ੍ਹਾਂ ਦੇ ਚਰਨਾਂ ਵਿੱਚ ਹੀ ਤੀਰਥ ਹੈ, ਬਜ਼ੁਰਗਾਂ ਦੀ ਸੇਵਾ ਤੇ ਮਾਨ ਸਨਮਾਨ ਕਰਨਾ ਸਾਡੀ ਸੰਸਕ੍ਰਿਤੀ ਵਿਚ ਸ਼ਾਮਿਲ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ "ਸਾਡੇ ਬਜਜ਼ਰਗ ਸਾਡਾ ਮਾਣ" ਤਹਿਤ ਕੈਂਪ ਲਗਾਇਆ ਗਿਆ ਹੈ। ਜਿਸ ਵਿਚ ਵੱਖ ਵੱਖ ਵਿਭਾਗਾਂ ਵੱਲੋਂ ਆਪਣੀਆ ਆਪਣੀਆ ਸਕੀਮਾਂ ਬਾਰੇ ਜਾਣਕਾਰੀ ਦੇਣ ਲਈ ਸਟਾਲ ਲਗਾਏ ਗਏ ਹਨ। ਉਨ੍ਹਾਂ ਨੇ ਦੱਸਿਆ ਕਿ ਇਸ ਕੈਂਪ ਵਿਚ ਸਿਹਤ ਵਿਭਾਗ ਦੇ ਮਾਹਿਰ ਡਾਕਟਰਾਂ ਵੱਲੋਂ ਬਜ਼ੁਰਗਾਂ ਦੀ ਸਿਹਤ ਜਾਂਚ ਕਰਕੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ, ਦਿਵਿਆਗ ਵਿਅਕਤੀਆਂ ਨੂੰ ਜ਼ਰੂਰਤ ਅਨੁਸਾਰ ਵੀਲ੍ਹਚੇਅਰ, ਸਟਿੱਕ, ਕੰਨਾਂ ਦੀਆਂ ਮਸ਼ੀਨਾ ਉਪਲੱਬਧ ਕਰਵਾਈਆ ਜਾ ਰਹੀਆਂ ਹਨ। ਬਜ਼ੁਰਗਾਂ ਨੂੰ ਐਨਕਾਂ, ਦਵਾਈਆਂ ਵੀ ਬਿਲਕੁਲ ਮੁਫਤ ਦਿੱਤੀਆ ਜਾ ਰਹੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਬਜ਼ੁਰਗਾਂ ਵੱਲੋਂ ਆਪਣੀ ਬੱਚਤ ਕੀਤੀ ਰਾਸ਼ੀ ਜਾਂ ਛੋਟੀ ਰਕਮ ਨੂੰ ਬੱਚਤ ਕਰਕੇ ਆਪਣੇ ਬੁਢਾਪੇ ਦੌਰਾਨ ਢੁਕਵੀਂ ਵਰਤੋਂ ਬਾਰੇ ਜਾਣਕਾਰੀ ਦੇਣ ਲਈ ਪੋਸਟਲ ਵਿਭਾਗ ਵੱਲੋਂ ਸਟਾਲ ਲਗਾਇਆ ਗਿਆ ਹੈ। ਉਨ੍ਹਾਂ ਨੇ ਦੱਸਿਆ ਕਿ ਅਧਾਰ ਕਾਰਡ, ਆਯੂਸ਼ਮਾਨ ਕਾਰਡ, ਯੂ.ਡੀ.ਆਈ.ਡੀ ਕਾਰਡ ਬਣਾਉਣ, ਨਿਵਿਆਉਣ ਜਾਂ ਦਰੁਸਤੀ ਲਈ ਇੱਥੇ ਵਿਸ਼ੇਸ਼ ਸਟਾਲ ਲਗਾਇਆ ਗਿਆ ਹੈ। ਇੱਕ ਵਿਸ਼ੇਸ਼ ਕਾਊਟਰ ਲਗਾ ਕੇ ਬਜ਼ੁਰਗਾਂ ਦੀ ਜਮੀਨ ਜਾਇਦਾਦ ਦੇ ਕੇਸਾਂ ਬਾਰੇ ਜਾਣਕਾਰੀ ਦੇਣ ਲਈ ਵੀ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ 4 ਮੋਟਰਰਾਈਡ ਟਰਾਈ ਸਾਈਕਲ, 2 ਵੀਲ ਚੇਅਰ, 4 ਸੁਣਨ ਵਾਲੀਆ ਮਸੀਨਾ, 2 ਸੈਟ ਵੈਸਾਖੀ ਅਤੇ ਲੋੜਵੰਦਾਂ ਨੂੰ ਨਜ਼ਰ ਵਾਲੀਆਂ ਐਨਕਾਂ ਦਿੱਤੀਆ ਗਈਆਂ।

ਇਸ ਮੌਕੇ ਸੱਭਿਆਚਾਰਕ ਅਤੇ ਦੇਸ਼ ਭਗਤੀ ਪ੍ਰੋਗਰਾਮ ਦੀਆਂ ਪੇਸ਼ਕਾਰੀਆਂ ਵੀ ਦਿੱਤੀਆ ਗਈਆਂ। ਇਸ ਕੈਂਪ ਵਿੱਚ ਪੂਜਾ ਸਿਆਲ ਗਰੇਵਾਲ ਵਧੀਕ ਡਿਪਟੀ ਕਮਿਸ਼ਨਰ (ਜ), ਅਨਮਜੋਤ ਕੌਰ ਉਪ ਮੰਡਲ ਮੈਜਿਸਟ੍ਰੇਟ ਨੰਗਲ, ਸਤੀਸ਼ ਕੁਮਾਰ ਡੀ.ਐਸ.ਪੀ ਨੰਗਲ, ਸੰਦੀਪ ਕੁਮਾਰ ਤਹਿਸੀਲਦਾਰ, ਹਰਜੀਤਪਾਲ ਸਿੰਘ ਐਕਸੀਅਨ,ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ, ਸੀਨੀਅਰ ਮੈਡੀਕਲ ਅਫਸਰ ਡਾ.ਦਲਜੀਤ ਕੌਰ ਕੀਰਤਪੁਰ ਸਾਹਿਬ, ਈਸ਼ਾਨ ਚੋਧਰੀ ਬੀ.ਡੀ.ਪੀ.ਓ, ਅਮ੍ਰਿਤਬਾਲਾ ਜਿਲ੍ਹਾ ਸਮਾਜਿਕ ਤੇ ਸੁਰੱਖਿਆ ਅਫਸਰ, ਜਗਮੋਹਨ ਕੌਰ ਸੀ.ਡੀ.ਪੀ.ਓ, ਸੁਰਿੰਦਰ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ, ਰਾਹੁਲ ਗੋਤਮ ਜਿਲ੍ਹਾ ਪ੍ਰੋਗਰਾਮ ਅਫਸਰ, ਡਾ.ਸੰਜੀਵ ਗੌਤਮ, ਦੀਪਕ ਸੋਨੀ,ਰਾਮ ਕੁਮਾਰ ਮੁਕਾਰੀ, ਜਸਪ੍ਰੀਤ ਜੇ.ਪੀ, ਹਰਮਿੰਦਰ ਸਿੰਘ ਢਾਹੇ, ਰਾਕੇਸ਼ ਚੌਧਰੀ ਚੇਅਰਮੈਨ, ਰੋਹਿਤ ਕਾਲੀਆ, ਐਡਵੋਕੇਟ ਨੀਰਜ, ਬਲਵੰਤ ਮੰਡੇਰ ਬਲਾਕ ਪ੍ਰਧਾਨ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਜਸਵਿੰਦਰ ਭੰਗਲਾ ਬਲਾਕ ਪ੍ਰਧਾਨ, ਰਾਕੇਸ਼ ਵਰਮਾ ਬਲਾਕ ਪ੍ਰਧਾਨ, ਰੋਕੀ ਸੁਖਸਾਲ, ਤਰਸੇਮ ਸੈਣੀ, ਪੰਮੂ ਢਿੱਲੋਂ (ਸਾਰੇ ਬਲਾਕ ਪ੍ਰਧਾਨ), ਮਨਿੰਦਰ ਕੈਂਫ, ਨਿਤਿਨ ਪੁਰੀ ਭਲਾਣ, ਗੁਰਬਖਸ਼ ਸਿੰਘ (ਬਿੱਲਾ) ਮਹਿਲਵਾਂ, ਕਸ਼ਮੀਰੀ ਲਾਲ, ਸੁਰਿੰਦਰ ਸਿੰਘ ਬੇਲਾ ਧਿਆਨੀ, ਸਰਪੰਚ ਭੰਗਲ ਆਦਿ ਹਾਜ਼ਰ ਸਨ।

## ਪ੍ਰੋ. ਆਰ ਸੀ ਢੰਡ ਲੋਕ ਅਦਾਲਤ ਦੇ ਮੈਂਬਰ ਨਿਯੁਕਤ



ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)-ਐੱਸ ਐੱਸ ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਚਮਕੌਰ ਸਾਹਿਬ ਵਲੋਂ ਸਮਾਜ ਪ੍ਰਤੀ ਲੰਮੇ ਸਮੇਂ ਤੋਂ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਵੇਖਦੇ ਹੋਏ ਜ਼ਿਲ੍ਹਾ ਸੈਸ਼ਨ ਜੱਜ ਸਾਹਿਬਾਨ ਨੇ ਰਾਸ਼ਟਰੀ ਲੋਕ ਅਦਾਲਤ ਦੀ ਬੀਤੇ ਦਿਨੀਂ ਹੋਈ ਮੀਟਿੰਗ ਦੌਰਾਨ ਉਕਤ ਸੁਸਾਇਟੀ ਦੇ ਚੇਅਰਮੈਨ ਪ੍ਰੋ. ਆਰ ਸੀ ਢੰਡ ਨੂੰ ਲੋਕ ਅਦਾਲਤ ਦੇ ਮੈਂਬਰ ਨਿਯੁਕਤ ਕੀਤਾ ਹੈ । ਪ੍ਰੋ. ਢੰਡ ਨੇ ਦੱਸਿਆ ਕਿ ਉਨ੍ਹਾਂ ਦੀ ਨਿਯੁਕਤੀ ਲੋਕ ਅਦਾਲਤ ਦੇ ਬੈਂਚ ਨੰਬਰ 4 ਅਧੀਨ ਕੀਤੀ ਗਈ, ਜਿਸ ਦੀ ਪ੍ਰਧਾਨਗੀ ਮਾਣਯੋਗ ਜੱਜ ਸੀਮਾ ਅਗਨੀਹੋਤਰੀ ਵੱਲੋਂ ਕੀਤੀ ਗਈ । ਉਨ੍ਹਾਂ ਦੱਸਿਆ ਕਿ ਇਸ ਕੋਰਟ ਵਿੱਚ ਕਰੀਬ 56 ਕੇਸਾਂ ਦਾ ਨਿਪਟਾਰਾ ਵੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਇਲਾਕੇ ਵਿੱਚ ਅਤੇ ਇਲਾਕੇ ਤੋਂ ਬਾਹਰ ਕੀਤੇ ਜਾਂਦੇ ਲੋਕ ਭਲਾਈ ਦੇ ਕੰਮਾਂ ਦੀ ਇਸ ਮੌਕੇ ਭਰਪੂਰ ਸ਼ਲਾਘਾ ਕੀਤੀ ਗਈ। ਇਸ ਤੋਂ ਪਹਿਲਾਂ ਵੀ ਡਿਪਟੀ ਕਮਿਸ਼ਨਰ ਰੂਪਨਗਰ ਵੱਲੋਂ ਪ੍ਰੋ ਢੰਡ ਨੂੰ ਜ਼ਿਲ੍ਹਾ ਸਿੱਖਿਆ ਵਿਕਾਸ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ ਹੈ ।

# 6 ਕਿਲੋ ਭੁੱਕੀ ਚੂਰਾ ਪੋਸਤ ਸਮੇਤ ਇੱਕ ਕਾਬੂ



ਬਲਾਚੌਰ/ਕਾਠਗੜ੍ਹ, (ਸੁਭਾਸ਼ ਭਾਟੀਆ)- ਪੁਲਸ ਥਾਣਾ ਕਾਠਗੜ੍ਹ ਵੱਲੋਂ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 6 ਕਿਲੋ ਭੁੱਕੀ ਚੂਰਾ ਪੋਸਤ ਸਮੇਤ ਕਾਬੂ ਕਰਕੇ ਉਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਤਫ਼ਤੀਸ਼ੀ ਅਫਸਰ ਐਸ ਆਈ ਰਾਕੇਸ਼ਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਵਿੱਚ ਪੁਲਸ ਪਾਰਟੀ ਹਾਈਟੈਕ ਨਾਕਾ ਆਸਰੋਂ ਮੌਜੂਦ ਸੀ ਅਤੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇਸੇ ਦੌਰਾਨ ਰੋਪੜ ਸਾਈਡ ਤੋਂ ਬਲਾਚੌਰ ਵੱਲ ਨੂੰ ਆ ਰਹੀ ਇੱਕ ਬੱਸ ਨੂੰ ਰੋਕ ਕੇ ਸਵਾਰੀਆਂ ਦੇ ਸਮਾਨ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਪਿੱਛੇ ਵਾਹਨਾਂ ਦੀ ਲੰਬੀ ਲਾਈਨ ਲੱਗ ਗਈ ਅਤੇ ਇਸੇ ਦੌਰਾਨ ਕਿਸੇ ਵਾਹਨ ਵਿੱਚੋਂ ਉਤਰ ਕੇ ਇੱਕ ਵਿਅਕਤੀ ਜਿਸ ਨੇ ਆਪਣੇ ਹੱਥ ਵਿੱਚ ਵਜ਼ਨਦਾਰ ਚਿੱਟੇ ਰੰਗ ਦਾ ਇੱਕ ਪਲਾਸਟਿਕ ਦਾ ਥੈਲਾ ਚੁੱਕ ਕੇ ਕਾਹਲੀ ਨਾਲ ਰੋਪੜ ਸਾਈਡ ਨੂੰ ਚੱਲ ਪਿਆ ਜਿਸ ਨੂੰ ਆਵਾਜ਼ ਮਾਰ ਕੇ ਰੁਕਣ ਲਈ ਕਿਹਾ ਪਰੰਤੂ ਉਸ ਨੇ ਘਬਰਾ ਕੇ ਆਪਣੇ ਹੱਥ ਵਿੱਚ ਫੜਿਆ ਥੈਲਾ ਨਹਿਰ ਵੱਲ ਸਰਕੰਡੇ ਵੱਲ ਨੂੰ ਸੁੱਟ ਦਿੱਤਾ। ਪੁਲਸ ਪਾਰਟੀ ਨੇ ਉਸ ਨੂੰ ਪਿੱਛਾ ਕਰਕੇ ਕਾਬੂ ਕੀਤਾ ਅਤੇ ਪੁੱਛੇ ਜਾਣ 'ਤੇ ਉਸ ਨੇ ਆਪਣਾ ਨਾਂ ਜਗਤਾਰ ਸਿੰਘ ਪੁੱਤਰ ਦੇਸਰਾਜ ਪਿੰਡ ਜੰਡਵਾਲ ਥਾਣਾ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਦੱਸਿਆ। ਜਦੋਂ ਆਰੋਪੀ ਦੁਆਰਾ ਸੁੱਟੇ ਗਏ ਥੈਲੇ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 6 ਕਿਲੋਗ੍ਰਾਮ ਭੁੱਕੀ ਚੂਰਾ ਪੋਸਤ ਬਰਾਮਦ ਹੋਇਆ । ਪੁਲਸ ਨੇ ਕਾਬੂ ਕੀਤੇ ਗਏ ਆਰੋਪੀ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਅਕਾਲੀ ਦਲ ਵੱਲੋਂ ਲਗਾਏ ਖ਼ੂਨਦਾਨ ਕੈਂਪ 'ਚ 150 ਯੂਨਿਟ ਖ਼ੂਨਦਾਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)- ਸੂਬੇ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਉੱਪਰ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਦੇ ਇੰਚਾਰਜ ਜਤਿੰਦਰ ਸਿੰਘ ਲਾਲੀ ਬਾਜਵਾ ਦੀ ਅਗਵਾਈ ਹੇਠ ਸਥਾਨਕ ਭਾਈ ਘਨੱਈਆ ਜੀ ਬਲੱਡ ਬੈਂਕ ਵਿੱਚ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦੌਰਾਨ ਪਾਰਟੀ ਵਰਕਰਾਂ ਤੇ ਆਗੂਆਂ ਵੱਲੋਂ 150 ਯੂਨਿਟ ਖ਼ੂਨ ਦਾਨ ਕੀਤਾ ਗਿਆ। ਇਸ ਸਮੇਂ ਬਲੱਡ ਬੈਂਕ ਦੇ ਪ੍ਰਧਾਨ ਜਸਦੀਪ ਸਿੰਘ ਪਾਹਵਾ ਵੱਲੋਂ ਅਕਾਲੀ ਦਲ ਦੀ ਲੀਡਰਸ਼ਿਪ ਤੇ ਵਰਕਰਾਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਤੁਹਾਡੇ ਵੱਲੋਂ ਦਾਨ ਕੀਤੇ ਗਏ ਖ਼ੂਨ ਦੀ ਇੱਕ-ਇੱਕ ਬੂੰਦ ਜ਼ਰੂਰਤਮੰਦ ਲੋਕਾਂ ਦੀ ਜ਼ਿੰਦਗੀ ਬਚਾਵੇਗੀ। ਇਸ ਮੌਕੇ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਕਿਹਾ ਕਿ ਖ਼ੂਨਦਾਨ ਕੈਂਪ ਪ੍ਰਤੀ ਪਾਰਟੀ ਵਰਕਰਾਂ ਤੇ ਆਗੂਆਂ ਨੇ ਜਿਸ ਤਰ੍ਹਾਂ ਉਤਸ਼ਾਹ ਦਿਖਾਇਆ ਹੈ ਉਸ ਤੋਂ ਸਪੱਸ਼ਟ ਹੈ ਕਿ ਕਿਵੇਂ ਅੱਜ ਵੀ ਪਾਰਟੀ ਵਰਕਰ ਆਪਣੇ ਮਹਿਬੂਬ ਲੀਡਰ ਨੂੰ ਪਿਆਰ ਕਰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਜੀਵਨ ਦੌਰਾਨ ਸੂਬੇ ਤੇ ਸੂਬਾ ਵਾਸੀਆਂ ਦੀ ਭਲਾਈ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਤੇ ਹਮੇਸ਼ਾ ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦੇ ਹੋਏ ਸ਼ਾਂਤੀ ਬਣਾਈ ਰੱਖੀ ਜਿਸ ਕਾਰਨ ਸੂਬਾ ਤਰੱਕੀ ਕਰ ਸਕਿਆ। ਖ਼ੂਨਦਾਨ ਮਹਾਨਦਾਨ ਹੈ ਤੇ ਸਾਨੂੰ ਸਭ ਨੂੰ ਇਸ ਦਾ ਹਿੱਸਾ ਜਰੂਰ ਬਣਨਾ ਚਾਹੀਦਾ ਹੈ। ਇਸ ਮੌਕੇ ਸਾਬਕਾ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲਾਂਵਾਲਾ, ਸੰਤੋਖ ਸਿੰਘ ਔਜਲਾ, ਨਰਿੰਦਰ ਸਿੰਘ, ਰੂਪ ਲਾਲ ਥਾਪਰ, ਜਗਤਾਰ ਸਿੰਘ, ਸੁਮਿੱਤਰ ਸਿੰਘ ਸੀਕਰੀ, ਪ੍ਰਭਪਾਲ ਬਾਜਵਾ, ਹਰਪ੍ਰੀਤ ਸਿੰਘ ਰਿੰਕੂ ਬੇਦੀ, ਰਵਿੰਦਰਪਾਲ ਸਿੰਘ ਮਿੰਟੂ, ਇੰਦਰਜੀਤ ਸਿੰਘ ਕੰਗ, ਐਡਵੋਕੇਟ ਸ਼ਮਸ਼ੇਰ ਭਾਰਦਵਾਜ, ਰਣਧੀਰ ਭਾਰਜ, ਸਫੀ ਹੀਰ, ਅਮੀਤੋਜ ਮਾਹਿਲਪੁਰੀ, ਸਿਮਰਜੀਤ ਗ੍ਰੇਵਾਲ, ਜਪਿੰਦਰ ਅਟਵਾਲ, ਵਿਸ਼ਾਲ ਆਦੀਆ, ਮਨਰਾਜ ਸਿੰਘ, ਕੁਲਰਾਜ ਸਿੰਘ, ਕੁਲਦੀਪ ਸਿੰਘ ਬਜਵਾੜਾ, ਰਿੱਕੀ ਆਦਮਵਾਲ, ਨਰੇਸ਼ ਕੁਮਾਰ, ਜੱਸ ਸਿੰਘ, ਗੁਰਪ੍ਰੀਤ ਕੋਹਲੀ, ਨਵਜੋਤ ਜੋਤੀ, ਸਰਪੰਚ ਹਰਦੀਪ ਦੀਪਾ, ਪੁਨੀਤ ਕੰਗ, ਰਵੀ ਕੁਮਾਰ, ਭੋਲਾ ਆਦਿ ਵੀ ਮੌਜੂਦ ਸਨ।

## ਪੋਲੀਓ ਰੋਕੂ ਬੂੰਦਾਂ ਪਿਲਾਈਆਂ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)-ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੀਨੀਅਰ ਮੈਡੀਕਲ ਅਫਸਰ ਗੀਤਾਂਜਲੀ ਸਿੰਘ ਦੇ ਨਿਰਦੇਸ਼ਾਂ ਅਨੁਸਾਰ ਪਿੰਡ ਬਰਨਾਲਾ ਕਲਾਂ, ਏ ਐਨ ਐਮ ਰਾਜ ਕੁਮਾਰੀ ਮਲਟੀਪਰਪਜ਼ ਹੈਲਥ ਵਰਕਰ ਕ੍ਰਿਸ਼ਨਾ ਦੇਵੀ, ਆਸ਼ਾ ਵਰਕਰ ਦਲਜੀਤ ਕੌਰ ਪਿੰਡ ਦੁਰਗਾਪੁਰ, ਆਸ਼ਾ ਵਰਕਰ ਤਰਮੇਸ਼ ਕੌਰ ਆਂਗਣਵਾੜੀ ਪਿੰਡ ਮਹਾਲੋ, ਏ ਐਨ ਐਮ ਗੁਰਦੇਵ ਕੌਰ ਵੱਲੋਂ ਜ਼ੀਰੋ ਤੋਂ ਪੰਜ ਸਾਲ ਤੱਕ ਦੇ ਸਾਰੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ ਹਨ ਤਾਂ ਜੋ 0 ਤੋਂ 5 ਸਾਲ ਦਾ ਕੋਈ ਵੀ ਬੱਚਾ ਪੋਲੀਓ ਰੋਕੂ ਬੂੰਦਾਂ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਭਾਵੇਂ ਬੱਚਾ ਬਿਮਾਰ ਹੋਵੇ, ਦਵਾਈ ਪਹਿਲਾਂ ਪੀਤੀ ਹੋਈ ਹੋਵੇ ਜਾਂ ਬੱਚਾ ਨਵਜੰਮਿਆਂ ਹੋਵੇ ਤਾਂ ਵੀ ਉਹ ਬੱਚੇ ਨੂੰ ਪੋਲੀਓ ਦਵਾਈ ਦੀਆਂ ਬੂੰਦਾਂ ਜ਼ਰੂਰ ਪਿਲਾਉਣ, ਕਿਉਂਕਿ ਪੋਲੀਓ ਵੈਕਸੀਨ ਬੱਚੇ ਨੂੰ ਜੀਵਨ ਭਰ ਸੁਰੱਖਿਆ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਕੋਈ ਵੀ ਬੱਚਾ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ ਹੈ।

11-DEC-PAGE-9.qxd 12/10/2023 10:37 PM Page 1



# ਅਕਾਲ ਗਲੈਕਸੀ ਕਾਨਵੈਂਟ ਸਕੂਲ 'ਚ ਮਨਾਇਆ ਸਾਲਾਨਾ ਇਨਾਮ ਵੰਡ ਸਮਾਰੋਹ ਤੇ ਐਨੂਅਲ ਸਪੋਰਟਸ ਮੀਟ

**ਲੋਹੀਆਂ ਖਾਸ (ਰੀਨਾ ਸ਼ਰਮਾ, ਯੋਗੇਸ਼ਵਰ) :** ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ, ਲੋਹੀਆਂ ਖਾਸ ਵਿਖੇ ਪ੍ਰਿੰਸੀਪਲ ਅਮਨਪ੍ਰੀਤ ਕੌਰ ਦੀ ਅਗਵਾਈ ਹੇਠ ਤਿੰਨ ਦਿਨਾ ਸਪੋਰਟਸ ਮੀਟ ਅਤੇ ਸਲਾਨਾ ਇਨਾਮ ਵੰਡ ਸਮਾਰੋਹ ਮਨਾਇਆ ਗਿਆ। ਇਸ ਸਮਾਰੋਹ ਦੀ ਸ਼ੁਰੂਆਤ ਵਿਦਿਆਰਥੀਆਂ ਦੁਆਰਾ ਸ਼ਾਨਦਾਰ ਮਾਰਚ ਪਾਸ ਕਰ ਕੇ ਕੀਤੀ ਗਈ ਜਿਸ ਦੌਰਾਨ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ, ਅਸਿਸਟੈਂਟ ਮੈਨੇਜਿੰਗ ਡਾਇਰੈਕਟਰ ਪ੍ਰਗਟ ਸਿੰਘ ਜੱਜ ਅਤੇ ਪ੍ਰਿੰਸੀਪਲ ਅਮਨਪ੍ਰੀਤ ਕੌਰ ਦੁਆਰਾ ਸਮਾਰੋਹ ਦੇ ਮੁੱਖ ਮਹਿਮਾਨ ਗਗਨਦੀਪ ਸਿੰਘ (ਐਮ .ਡੀ ਵਾਹਿਗੁਰੂ ਅਕੈਡਮੀ,ਪ੍ਰੈਜ਼ੀਡੈਂਟ ਬਘੇਲ ਸਿੰਘ ਸਪੋਰਟਸ ਕਲੱਬ ,ਉਨ੍ਹਾਂ ਦੇ ਸਬੋਡੀਨੇਟਸ ਇੰਦਰਜੀਤ ਸਿੰਘ,ਮਿਸ ਅਰਸ਼ਪ੍ਰੀਤ ,ਮਿਸ ਪਿੰਕੀ ਸੁਲਤਾਨਪੁਰ ਲੋਧੀ ਤੋਂ ਅਤੇ ਗੈਸਟ ਆਫ਼ ਆਨਰ ਹੈਡ ਕਾਂਸਟੇਬਲ ਪੰਜਾਬ ਪੁਲਸ ਜਤਿੰਦਰ ਸਿੰਘ ਸੰਧਾ ਜੋ ਕਿ ਸਪੋਰਟਸ ਦੇ ਖੇਤਰ ਵਿੱਚ ਬਾਡੀ ਬਿਲਡਿੰਗ 'ਚ ਮਿਸਟਰ ਪੰਜਾਬ, ਮਿਸਟਰ ਇੰਡੀਆ ਵੀ ਰਹੇ ਹਨ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ। ਇਸ ਉਪਰੰਤ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਗਈ। ਵਿਦਿਆਰਥੀਆਂ ਦੁਆਰਾ ਮਸ਼ਾਲ ਜਲਾ ਕੇ ਖੇਡਾਂ ਦੀ ਸ਼ੁਰੂਆਤ ਕੀਤੀ ਗਈ । ਪਹਿਲੇ ਦਿਨ ਵਿਦਿਆਰਥੀਆਂ ਦੀਆਂ ਦੌੜਾਂ ਕਰਵਾਈਆਂ ਗਈਆਂ ਜਿਸ ਵਿੱਚ ਵਿਦਿਆਰਥੀਆਂ ਵਲੋਂ ਰਿੰਗ ਡਰਿੱਲ, ਦੁਪੱਟਾ ਡਰਿੱਲ, ਤਰਕਿਸ਼ ਡਾਂਸ ਅਤੇ ਲੋਕ -ਨਾਚ ਗਿੱਧਾ ਪੇਸ਼ ਕੀਤਾ ਗਿਆ। ਇਸ ਮੌਕੇ 2022-23 ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹੇ ਵਿਦਿਆਰਥੀਆਂ ਨੂੰ ਸਕੂਲ ਮੈਨੇਜਮੈਂਟ, ਪ੍ਰਿੰਸੀਪਲ ਅਤੇ ਸਮਾਰੋਹ ਦੇ ਮੁੱਖ ਮਹਿਮਾਨਾਂ ਵੱਲੋਂ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਹੌਂਸਲਾ ਅਫਜ਼ਾਈ ਕੀਤੀ ਗਈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ, ਅਸਿਸਟੈਂਟ ਡਾਇਰੈਕਟਰ ਪ੍ਰਗਟ ਸਿੰਘ ਜੱਜ, ਪ੍ਰਿੰਸੀਪਲ ਅਮਨਪ੍ਰੀਤ ਕੌਰ ਵੱਲੋਂ ਸਮਾਰੋਹ ਦੇ ਮੁੱਖ ਮਹਿਮਾਨ ਗਗਨਦੀਪ ਸਿੰਘ ਅਤੇ ਗੈਸਟ ਆਫ ਆਨਰ ਜਤਿੰਦਰ ਸਿੰਘ ਸੰਧਾ ਨੂੰ ਸਨਮਾਨ ਚਿੰਨ੍ਹ ਅਤੇ ਟੋਕਨ ਆਫ ਲਵ ਦੇ ਕੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਸਾਥੀ ਇੰਦਰਜੀਤ ਸਿੰਘ, ਮਿਸ ਅਰਸ਼ਪ੍ਰੀਤ ਅਤੇ ਮਿਸ ਪਿੰਕੀ ਨੂੰ ਟੋਕਨ ਆਫ ਲਵ ਦੇ ਕੇ ਸਨਮਾਨਤ ਕੀਤਾ ਗਿਆ। ਸਪੋਰਟਸ ਮੀਟ ਦੇ ਅੰਤਿਮ ਦਿਨ ਸਕੂਲ ਅਧਿਆਪਕਾਂ ਨੇ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸੁਖਦੇਵ ਸਿੰਘ ਜੱਜ ਦੁਆਰਾ ਸੁਪਰਵਾਈਜ਼ਰ ਸਪਨਾ ਸ਼ਰਮਾ, ਮੈਡਮ ਵੀਨੂ, ਚਾਰੋਂ ਹਾਊਸ ਇੰਚਾਰਜਸ ਨੂਤਨ ਸ਼ਰਮਾ ਮਨਦੀਪ ਕੌਰ, ਸਰਬਜੀਤ ਕੌਰ, ਗੁਰਸਰਨ ਕੌਰ, ਵਾਈਸ ਇੰਚਾਰਜ ਹਰਜਿੰਦਰ ਕੌਰ, ਮੈਡਮ ਗੌਰੀ, ਦਿਲਰਾਜ ਕੌਰ ਅਨੀਤਾ ਰਤਨ , ਸਾਰੇ ਡੀ. ਪੀ. ਈ. ਸਮੂਹ ਸਟਾਫ ਨੂੰ ਸ਼ਾਨਦਾਰ ਸਪੋਰਟਸ ਮੀਟ ਲਈ ਵਧਾਈ ਦਿੱਤੀ ਗਈ ਇਸ ਸਪੋਰਟਸ ਮੀਟ ਵਿੱਚ ਪੁੱਜੇ ਮੁੱਖ ਮਹਿਮਾਨ ਗਗਨਦੀਪ ਸਿੰਘ ਵੱਲੋਂ ਸਕੂਲ ਦੇ ਡੀ ਪੀ ਅੰਮ੍ਰਿਤ ਪਾਲ ਸਿੰਘ, ਮਨਜੀਤ ਸਿੰਘ, ਹੈਡ ਬੁਆਏ ਅਤੇ ਹੈੱਡ ਗਰਲ ਨੂੰ ਵਿਸ਼ੇਸ਼ ਤੌਰ 'ਤੇ ਟੋਕਨ ਆਫ ਵਿਕਟਰੀ ਦੇ ਕੇ ਸਨਮਾਨਤ ਕੀਤਾ।



## 1795 ਨਸ਼ੀਲੀਆਂ ਗੋਲੀਆਂ ਤੇ 1320 ਨਸ਼ੀਲੇ ਕੈਪਸੂਲ ਸਮੇਤ ਗ੍ਰਿਫਤਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸੁਰੇਂਦਰ ਲਾਂਬਾ ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਾ ਤਸਕਰ ਤੇ ਸਮਾਜ ਵਿਰੋਧੀ ਅਨਸਰਾਂ 'ਤੇ ਸ਼ਿਕੰਜਾ ਕੱਸਦੇ ਹੋਏ ਸਰਬਜੀਤ ਸਿੰਘ ਬਾਹੀਆ ਪੁਲਿਸ ਕਪਤਾਨ ਤਫਤੀਸ਼ ਅਤੇ ਪ੍ਰਮਿੰਦਰ ਸਿੰਘ ਉਪ ਪੁਲਸ ਕਪਤਾਨ ਤਫਤੀਸ਼ ਦੀ ਨਿਗਰਾਨੀ ਹੇਠ ਇੰਸਪੈਕਟਰ ਬਲਵਿੰਦਰ ਪਾਲ ਇੰਚਾਰਜ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਨੇ ਸਮੇਤ ਪੁਲਸ ਪਾਰਟੀ ਦੇ ਯੂ ਪੀ ਤੋਂ ਨਸ਼ੀਲੀਆਂ ਗੋਲੀਆਂ ਤੇ ਕੈਪਸੂਲ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਸੀਨੀਅਰ ਪੁਲਸ ਕਪਤਾਨ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਵਿੱਚ ਤਾਇਨਾਤ ਏ.ਐਸ.ਆਈ ਕੌਸ਼ਲ ਚੰਦਰ ਦੀ ਵਿਸ਼ੇਸ਼ ਟੀਮ ਵੱਲੋਂ ਗੌਰਮੈਂਟ ਕਾਲਜ ਚੌਕ, ਹੁਸ਼ਿਆਰਪੁਰ ਦੇ ਨਜ਼ਦੀਕ ਇੱਕ ਐਕਟਿਵਾ ਸਕੂਟਰੀ ਨੰਬਰੀ 07—7144 ਸਵਾਰ ਪੰਕਜ ਕੁਮਾਰ ਗੁਪਤਾ ਪੁੱਤਰ ਵਾਸੁਦੇਵ ਗੁਪਤਾ ਵਾਸੀ ਨਿਊ ਦੀਪ ਨਗਰ ਨੂੰ ਕਾਬੂ ਕਰਕੇ ਉਸ ਪਾਸੋਂ 1440 ਨਸ਼ੀਲੇ ਕੈਪਸੂਲ ਅਤੇ 1200 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਪੰਕਜ ਕੁਮਾਰ ਗੁਪਤਾ ਖਿਲਾਫ ਐਨ ਡੀ ਪੀ ਐਸ ਐਕਟ ਤਹਿਤ ਥਾਣਾ ਮਾਡਲ ਟਾਊਨ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਜਿਸ ਉਪਰੰਤ ਉਕਤ ਦੇ ਕੀਤੇ ਹੋਏ ਇੰਕਸ਼ਾਫ ਮੁਤਾਬਿਕ ਪੁਲਸ ਪਾਰਟੀ ਨੇ 5040 ਹੋਰ ਨਸ਼ੀਲੇ ਕੈਪਸੂਲ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਸੀ। ਉਨ੍ਹਾ ਦੱਸਿਆ ਕਿ ਪੰਕਜ ਕੁਮਾਰ ਗੁਪਤਾ ਨੇ ਪੁੱਛਗਿੱਛ ਦੌਰਾਨ ਇੰਕਸ਼ਾਫ ਕੀਤਾ ਸੀ ਕਿ ਇਹ ਨਸ਼ੀਲੇ ਕੈਪਸੂਲ ਤੇ ਗੋਲੀਆਂ ਉਹ ਬਰੀਜੇਸ਼ ਸਿੰਘ ਪੁੱਤਰ ਮਦਨ ਸਿੰਘ ਵਾਸੀ ਸਾਹਿਬਾਬਾਦ ਝੰਡਪੁਰ ਥਾਣਾ ਲਿੰਕ ਰੋਡ ਗਾਜ਼ੀਆਬਾਦ ਉੱਤਰ ਪ੍ਰਦੇਸ਼ ਤੋਂ ਲਿਆਉਂਦਾ ਸੀ। ਬਰੀਜੇਸ ਸਿੰਘ ਨੂੰ ਨਾਮਜ਼ਦ ਇੰਸਪੈਕਟਰ ਬਲਵਿੰਦਰ ਪਾਲ ਇੰਚਾਰਜ ਸੀ.ਆਈ.ਏ ਸਟਾਫ ਹੁਸ਼ਿਆਰਪੁਰ ਨੇ ਸਮੇਤ ਪੁਲਸ ਪਾਰਟੀ ਨੇ ਗਾਜ਼ੀਆਬਾਦ ਤੋਂ ਗ੍ਰਿਫਤਾਰ ਕਰਕੇ ਉਸ ਪਾਸੋਂ 1795 ਨਸ਼ੀਲੀਆਂ ਗੋਲੀਆਂ ਅਤੇ 1320 ਨਸ਼ੀਲੇ ਕੈਪਸੂਲ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

# 76 ਗ੍ਰਾਮ ਹੈਰੋਇਨ ਬਰਾਮਦ, ਇਕ ਔਰਤ ਸਮੇਤ ਤਿੰਨ ਨਸ਼ਾ ਤਸਕਰ ਗ੍ਰਿਫਤਾਰ

**ਨਵਾਂਸ਼ਹਿਰ (ਮਨੋਜ ਲਾਡੀ)**- ਐਸ.ਐਸ.ਪੀ ਸ਼ਹੀਦ ਭਗਤ ਸਿੰਘ ਨਗਰ ਡਾ. ਅਖਿਲ ਚੌਧਰੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ ਗਈ ਮੁਹਿੰਮ ਤਹਿਤ ਜ਼ਿਲ੍ਹਾ ਪੁਲਸ ਨੇ ਤਿੰਨ ਵੱਖ-ਵੱਖ ਮਾਮਲਿਆਂ ਵਿੱਚ ਇੱਕ ਔਰਤ ਸਮੇਤ ਤਿੰਨ ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ। ਫੜੇ ਗਏ ਨਸ਼ਾ ਤਸਕਰਾਂ 'ਚੋਂ ਰਾਹੋਂ ਪੁਲਸ ਨੇ ਇੱਕ ਨਸ਼ਾ ਤਸਕਰ ਨੂੰ 50 ਗ੍ਰਾਮ ਹੈਰੋਇਨ ਅਤੇ 100 ਰੁਪਏ ਦੀ ਡਰੱਗ ਮਨੀ ਸਮੇਤ, ਸਿਟੀ ਨਵਾਂਸ਼ਹਿਰ ਪੁਲਸ ਨੇ ਇੱਕ ਔਰਤ ਨੂੰ 20 ਗ੍ਰਾਮ ਹੈਰੋਇਨ ਸਮੇਤ ਅਤੇ ਸਦਰ ਨਵਾਂਸ਼ਹਿਰ ਪੁਲਸ ਨੇ ਇੱਕ ਨੌਜਵਾਨ ਨੂੰ 6 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਉਕਤ ਤਿੰਨਾਂ ਮਾਮਲਿਆਂ 'ਚ ਨਸ਼ਾ ਤਸਕਰਾਂ ਦੇ ਖਿਲਾਫ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪਹਿਲੇ ਮਾਮਲੇ ਵਿੱਚ ਥਾਣਾ ਸਿਟੀ ਨਵਾਂਸ਼ਹਿਰ 'ਚ ਤਾਇਨਾਤ ਏ.ਐੱਸ.ਆਈ ਬਲਵੀਰ ਰਾਮ ਨੇ ਗੁਰਦੀਪ ਕੌਰ ਪਤਨੀ ਅਮਰੀਕ ਸਿੰਘ ਵਾਸੀ ਮੁਹੱਲਾ ਕਲਾਰਾਂ, ਨਵਾਂਸ਼ਹਿਰ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 20 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਦੂਜੇ ਮਾਮਲੇ ਵਿੱਚ ਥਾਣਾ ਸਦਰ ਨਵਾਂਸ਼ਹਿਰ ਵਿੱਚ ਤਾਇਨਾਤ ਏ.ਐਸ.ਆਈ ਅਮਰਜੀਤ ਕੌਰ ਨੇ ਮੁਖਤਿਆਰ ਰਾਮ ਪੁੱਤਰ ਗੁਰਮੇਲ ਰਾਮ ਵਾਸੀ ਪਿੰਡ ਲੰਗੜੋਆ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਤੀਸਰੇ ਮਾਮਲੇ ਵਿਚ ਸੀ ਆਈ ਏ ਸਟਾਫ ਨਵਾਂਸ਼ਹਿਰ ਵਿੱਚ ਤਾਇਨਾਤ ਏ ਐਸ ਆਈ ਜਸਵੀਰ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਦੀ ਤਲਾਸ਼ ਵਿੱਚ ਨਵਾਂਸ਼ਹਿਰ ਤੋਂ ਰਾਹੋਂ ਵੱਲ ਜਾ ਰਹੇ ਸਨ। ਇਸ ਦੌਰਾਨ ਜਦੋਂ ਪੁਲਸ ਪਾਰਟੀ ਰਾਹੋਂ ਦੇ ਦੁਸਹਿਰਾ ਗਰਾਊਂਡ ਨੇੜੇ ਪੁੱਜੀ ਤਾਂ ਸਾਹਮਣੇ ਤੋਂ ਇਕ ਨੌਜਵਾਨ ਪੈਦਲ ਆਉਂਦਾ ਦਿਖਾਈ ਦਿੱਤਾ। ਪੁਲਸ ਨੂੰ ਦੇਖ ਕੇ ਨੌਜਵਾਨ ਡਰ ਗਿਆ ਅਤੇ ਸੜਕ ਦੇ ਨਾਲ ਕੱਚੀ ਗਲੀ 'ਚ ਦਾਖਲ ਹੋ ਗਿਆ ਅਤੇ ਤੇਜ਼ ਰਫਤਾਰ ਨਾਲ ਚੱਲਣ ਲੱਗਾ। ਪੁਲਸ ਤੋਂ ਬਚਣ ਲਈ ਨੌਜਵਾਨ ਨੇ ਆਪਣੀ ਪੈਂਟ ਦੀ ਜੇਬ 'ਚੋਂ ਇਕ ਪਾਰਦਰਸ਼ੀ ਪਲਾਸਟਿਕ ਦਾ ਲਿਫਾਫਾ ਕੱਢ ਕੇ ਝਾੜੀਆਂ ਵੱਲ ਸੁੱਟ ਦਿੱਤਾ। ਜਿਸ ਕਾਰਨ ਪੁਲਸ ਨੂੰ ਉਕਤ ਨੌਜਵਾਨ 'ਤੇ ਸ਼ੱਕ ਹੋਇਆ ਅਤੇ ਸਟਾਫ ਦੀ ਮਦਦ ਨਾਲ ਉਸ ਨੂੰ ਕਾਬੂ ਕਰਕੇ ਲਿਫਾਫੇ ਦੀ ਜਾਂਚ ਕੀਤੀ ਗਈ। ਜਾਂਚ ਦੌਰਾਨ ਪੁਲਸ ਨੇ ਲਿਫਾਫੇ 'ਚੋਂ 50 ਗ੍ਰਾਮ ਹੈਰੋਇਨ ਬਰਾਮਦ ਕੀਤੀ। ਮੁਲਜ਼ਮ ਨਸ਼ਾ ਤਸਕਰ ਦੀ ਪਛਾਣ ਜਸਵਿੰਦਰ ਪੁੱਤਰ ਵਿਜੇ ਕੁਮਾਰ ਵਾਸੀ ਰਾਹੋਂ ਵਜੋਂ ਹੋਈ ਹੈ।

## ਸਾਗਰ ਸੇਤੀਆ ਨੇ ਏ ਡੀ ਸੀ (ਪੇਂਡੂ ਵਿਕਾਸ) ਵਜੋਂ ਸੰਭਾਲਿਆ ਚਾਰਜ



**ਨਵਾਂਸ਼ਹਿਰ (ਮਨੋਜ ਲਾਡੀ)**- ਆਈ.ਏ.ਐਸ. ਸਾਗਰ ਸੇਤੀਆ ਨੇ ਵੀਰਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਤੌਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦੇ ਅਹੁਦੇ 'ਤੇ ਆਪਣਾ ਚਾਰਜ ਸੰਭਾਲਿਆ ਹੈ। ਇਸ ਤੋਂ ਪਹਿਲਾਂ ਉਹ ਮੁੱਖ ਪ੍ਰਸ਼ਾਸਕ, ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਿਟੀ (ਗਲਾਡਾ), ਵਧੀਕ ਡਿਪਟੀ ਕਮਿਸ਼ਨਰ (ਜ) ਕਪੂਰਥਲਾ, ਵਧੀਕ ਡਿਪਟੀ ਕਮਿਸ਼ਨਰ (ਜ) ਫਿਰੋਜ਼ਪੁਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਚੁਕੇ ਹਨ। ਆਈ.ਏ.ਐਸ. ਸਾਗਰ ਸੇਤੀਆ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਆਪਣਾ ਚਾਰਜ ਸੰਭਾਲਿਆ ਹੈ।

## ਡਾਇਰੈਕਟਰ ਸੈਲੇਸ਼ ਸ਼ਰਮਾ ਨੂੰ ਸਰਵੋਤਮ ਲੇਖਕ ਪੁਰਸਕਾਰ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ( ਆਟੋਨੋਮਸ ) ਕਾਲਜ ਆਫ ਫਾਰਮੇਸੀ ਬੇਲਾ ਦੇ ਡਾਇਰੈਕਟਰ ਡਾ. ਸੈਲੇਸ਼ ਸ਼ਰਮਾ ਨੂੰ ਸਰਵੋਤਮ ਲੇਖਕ ਅਵਾਰਡ 2023 ਮਿਲਿਆ । ਇਹ ਵੱਕਾਰੀ ਸਨਮਾਨ ਉਨ੍ਹਾਂ ਨੂੰ ਨਵੀਂ ਦਿੱਲੀ ਵਿਖੇ ਆਯੋਜਿਤ ਨੈਸ਼ਨਲ ਫਾਰਮਾ ਸੰਮੇਲਨ ਦੌਰਾਨ ਪ੍ਰਦਾਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਅਤੇ ਡਾ. ਮਮਤਾ ਅਰੋੜਾ ਨੇ ਦੱਸਿਆ ਕਿ ਡਾ. ਸ਼ਰਮਾ ਨੂੰ ਫਾਰਮਾਸਿਊਟਿਕਸ ਦੇ ਖੇਤਰ ਵਿੱਚ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਲਈ ਪ੍ਰਾਪਤ ਹੋਏ ਇਸ ਪੁਰਸਕਾਰ ਨੇ ਨਾ ਸਿਰਫ ਉਨ੍ਹਾਂ ਦੀ ਸ਼ਲਾਘਾ ਕੀਤੀ ਹੈ, ਸਗੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਸੀਓਪੀ-ਬੇਲਾ ਦੀ ਫਾਰਮਾਸਿਊਟੀਕਲ ਖੋਜ ਨੂੰ ਵੀ ਮਾਨਤਾ ਦਿੱਤੀ ਹੈ। ਸੀਓਪੀ-ਬੇਲਾ ਦੇਸ਼ ਦੀ ਇੱਕ ਪ੍ਰਸਿੱਧ ਖੁਦਮੁਖਤਿਆਰ ਸੰਸਥਾ ਹੈ ਜਿਸ ਨੇ ਮਿਆਰੀ ਸਿੱਖਿਆ ਅਤੇ ਫਾਰਮਾਸਿਊਟੀਕਲ ਖੋਜ ਨੂੰ ਜਾਰੀ ਰੱਖ ਕੇ ਦੇਸ ਦੇ ਪ੍ਰਮੁੱਖ ਫਾਰਮਾਸਿਊਟੀਕਲ ਵਿਦਿਅਕ ਅਦਾਰਿਆਂ ਵਿੱਚ ਇੱਕ ਮਜ਼ਬੂਤ ਬੈਂਚਮਾਰਕ ਸਥਾਪਤ ਕੀਤਾ ਹੈ। ਡਾ. ਸ਼ਰਮਾ ਕੋਲ ਫਾਰਮੇਸੀ ਦੇ ਖੇਤਰ ਵਿੱਚ 23 ਕਿਤਾਬਾਂ, 3 ਕਿਤਾਬਾਂ ਦੇ ਚੈਪਟਰ, 6 ਪੇਟੈਂਟ, 7 ਡਿਜ਼ਾਈਨ ਪੇਟੈਂਟ, 19 ਕਾਪੀਰਾਈਟ, 125 ਤੋਂ ਵੱਧ ਪੇਪਰ, 3 ਸਰਕਾਰੀ ਖੋਜ ਪ੍ਰੋਜੈਕਟ ਹਨ। ਡਾ. ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੰਸਥਾ ਦੁਆਰਾ ਪ੍ਰਦਾਨ ਕੀਤੇ ਗਏ ਖੋਜ-ਅਨੁਕੂਲ ਵਾਤਾਵਰਣ ਲਈ ਇਹ ਪੁਰਸਕਾਰ ਮਿਲਿਆ, ਜਿਸ ਨਾਲ ਉਹ ਇੱਕ ਖੋਜਕਰਤਾ ਵਜੋਂ ਵਧਣ-ਫੁੱਲਣ ਦੇ ਯੋਗ ਹੋਏ । ਇਸ ਵੱਡੀ ਪ੍ਰਾਪਤੀ ਲਈ ਸਮੁੱਚੀ ਪ੍ਰਬੰਧਕ ਕਮੇਟੀ ਅਤੇ ਸਟਾਫ ਮੈਂਬਰਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ।

## ਜੀਤ ਲਾਲ ਭੱਟੀ ਨੇ ਚੱਲ ਰਹੇ ਕੰਮਾਂ ਦਾ ਲਿਆ ਜਾਇਜ਼ਾ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਪਿੰਡ ਖੁਰਦਪੁਰ ਵਿਖੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਵੱਲੋਂ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਗਿਆ ਅਤੇ ਆਦਮਪੁਰ ਸਿਵਲ ਹਸਪਤਾਲ ਦਾ ਦੌਰਾ ਕੀਤਾ ਤੇ ਲੋਕਾਂ ਤੋਂ ਪੁੱਛਿਆ ਗਿਆ ਕਿ ਉਹਨਾਂ ਨੂੰ ਦਵਾਈ ਲੈਣ ਅਤੇ ਟੈਸਟ ਕਰਾਉਣ ਲਈ ਕੋਈ ਸਮੱਸਿਆ ਤਾਂ ਨਹੀਂ ਆ ਰਹੀ। ਇਸ ਮੌਕੇ ਪਰਮਜੀਤ ਸਿੰਘ ਰਾਜਵੰਸ਼ ਚੇਅਰਮੈਨ ਮਾਰਕਿਟ ਕਮੇਟੀ ਆਦਮਪੁਰ, ਸਰਪੰਚ ਗੁਲਜਾਰ ਸਿੰਘ, ਸੈਕਟਰੀ ਵਿਜੇ ਕੁਮਾਰ, ਬਲਾਕ ਪ੍ਰਧਾਨ ਇੰਦਰਜੀਤ ਸਿੰਘ, ਬਲਾਕ ਪ੍ਰਧਾਨ ਕਮਲਜੀਤ, ਹਨਿੰਦਰ ਸਿੰਘ, ਤਰਲੋਕ ਕੁਮਾਰ, ਇਕਬਾਲ ਅਹਿਮਦ, ਸਤਨਾਮ ਸਿੰਘ ਮਨਕੋਟੀਆ, ਕੁਲਦੀਪ ਕੁਮਾਰ, ਅਮਰੀਕ ਲਾਲ, ਚੌਧਰੀ ਤਰਸੇਮ ਲਾਲ ਮੌਜੂਦ ਸਨ।

## ਕਾਂਗਰਸ ਵਿਰੁੱਧ ਰੋਸ ਪ੍ਰਦਰਸ਼ਨ



**ਭੋਗਪੁਰ-( ਗੁਰਪ੍ਰੀਤ ਸਿੰਘ ਭੋਗਲ)** ਮਨਮੀਤ ਵਿੱਕੀ (ਬੀ ਜੇ ਪੀ ਜਨਰਲ ਸੈਕਟਰੀ ਜਲੰਧਰ ਦਿਹਾਤੀ) ਵੱਲੋਂ ਭੋਗਪੁਰ ਵਿਖੇ ਧੀਰਜ ਸ਼ਾਹੂ ਕਾਂਗਰਸ ਸਾਂਸਦ ਮੈਂਬਰ ਝਾਰਖੰਡ ਦੇ ਘਰ ਤੋਂ 300 ਕਰੋੜ ਤੋਂ ਵੱਧ ਕਾਲਾ ਧੰਨ ਬਰਾਮਦ ਕਰਨ 'ਤੇ ਕਾਂਗਰਸ ਪਾਰਟੀ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ। ਇਸ ਮੌਕੇ ਸਮੂਹ ਬੀ ਜੇ ਪੀ ਵਰਕਰਾਂ ਨੇ ਟੀ ਪੁਆਇੰਟ ਆਦਮਪੁਰ ਵਿਖੇ ਧੀਰਜ ਸ਼ਾਹੂ ਤੇ ਕਾਂਗਰਸ ਸਰਕਾਰ ਦਾ ਪੁਤਲਾ ਸਾੜਿਆ। ਜਿਸ ਵਿੱਚ ਨਿਧੀ ਤਿਵਾੜੀ (ਜਿਲ੍ਹਾ ਪ੍ਰਧਾਨ ਮਹਿਲਾ ਮੋਰਚਾ), ਸਰਬਜੀਤ ਗਿੱਲ (ਸਰਕਲ ਪ੍ਰਧਾਨ ਭੋਗਪੁਰ), ਪਵਨ ਭੱਟੀ, ਸੁਧੀਰ ਪੁਰੀ, ਕੁਲਵਿੰਦਰਜੀਤ ਸਿੰਘ, ਵਿਕਰਮ ਵਿੱਕੀ ਆਦਮਪੁਰ, ਵਿਵੇਕ ਖੰਨਾ, ਪੰਕਜ ਪਰਾਸ਼ਰ ਅਤੇ ਹੋਰ ਪਾਰਟੀ ਵਰਕਰ ਸ਼ਾਮਲ ਹੋਏ।

## ਪ੍ਰਵਾਸੀ ਮਜ਼ਦੂਰ ਨੂੰ ਲਿਫਟ ਦੇਣੀ ਮਹਿੰਗੀ ਪਈ

**ਫਿਲੌਰ (ਨਿਰਮਲ)** ਸ਼ਨੀਵਾਰ ਨੂੰ ਇੱਕ ਪ੍ਰਵਾਸੀ ਮਜ਼ਦੂਰ ਨੂੰ 2 ਵਿਅਕਤੀਆਂ ਨੂੰ ਲਿਫਟ ਦੇਣੀ ਮਹਿੰਗੀ ਪੈ ਗਈ ਜਦੋਂ ਲਿਫਟ ਲੈਣ ਵਾਲਿਆਂ ਨੇ ਹੀ ਤੇਜ਼ਧਾਰ ਹਥਿਆਰ ਦੀ ਨੋਕ 'ਤੇ ਉਕਤ ਪ੍ਰਵਾਸੀ ਪਾਸੋਂ ਨਗਦੀ ਅਤੇ ਮੋਬਾਇਲ ਫੋਨ ਖੋ ਲਿਆ ਅਤੇ ਸੱਟਾਂ ਵੀ ਮਾਰ ਦਿੱਤੀਆਂ। ਪੀੜਤ ਨੇ ਇਸ ਦੀ ਸ਼ਿਕਾਇਤ ਥਾਣਾ ਫਿਲੌਰ ਦੀ ਪੁਲਸ ਨੂੰ ਦਿੱਤੀ ਹੈ। ਪੀੜਤ ਰੁਪੇਸ਼ ਕੁਮਾਰ ਨੇ ਦੱਸਿਆ ਕਿ ਉਹ ਹਾਲ ਵਾਸੀ ਪਿੰਡ ਅਚਾਨਚੱਕ ਦਾ ਰਹਿਣ ਵਾਲਾ ਹੈ ਅਤੇ ਆਪਣੇ ਕੰਮ ਤੋਂ ਵਾਪਸ ਫਿਲੌਰ ਸਾਇੰਡ ਨੂੰ ਆ ਰਿਹਾ ਸੀ, ਰਸਤੇ ਵਿੱਚ ਪੈਦਲ ਜਾ ਰਹੇ ਨੌਜਵਾਨਾਂ ਨੇ ਉਸ ਕੋਲੋਂ ਲਿਫਟ ਮੰਗੀ ਤੇ ਫਿਰ ਥੋੜ੍ਹਾ ਅੱਗੇ ਜਾ ਕੇ ਝੋਲੇ ਵਿੱਚੋਂ ਦਾਤਰ ਕੱਢਕੇ ਗਰਦਨ 'ਤੇ ਰੱਖ ਦਿੱਤਾ ਤੇ ਉਸ ਪਾਸੋਂ ਮੋਬਾਇਲ ਫੋਨ ਅਤੇ 5 ਹਜ਼ਾਰ ਰੁਪਏ ਦੀ ਨਗਦੀ ਖੋਹ ਕੇ ਫਰਾਰ ਹੋ ਗਏ।

## ਵਾਰਡ ਨੰਬਰ 8 ਦੇ ਲੋਕਾਂ ਨੇ ਸੜਕ ਬਣਾਉਣ ਲਈ ਨਗਰ ਕੌਂਸਲ ਦਾ ਕੀਤਾ ਧੰਨਵਾਦ



**ਆਦਮਪੁਰ (ਪਰਮਜੀਤ ਸਿੰਘ)**-ਆਦਮਪੁਰ ਦੇ ਵਾਰਡ ਨੰਬਰ 8 ਦੇ ਮੁਹੱਲਾ ਨਿਵਾਸੀਆਂ ਨੇ ਨਗਰ ਕੌਂਸਲ ਆਦਮਪੁਰ ਦਾ ਸੜਕ ਬਣਾਉਣ ਲਈ ਧੰਨਵਾਦ ਕਰਨ ਲਈ ਸਮਾਗਮ ਕਰਵਾਇਆ ਜਿਸ ਵਿੱਚ ਮੁੱਖ ਮਹਿਮਾਨ ਵਜੋਂ ਨਗਰ ਕੌਂਸਲ ਆਦਮਪੁਰ ਦੇ ਈ ਓ ਰਾਮਜੀਤ, ਪ੍ਰਧਾਨ ਦਰਸ਼ਨ ਸਿੰਘ ਕਰਵਲ ਤੇ ਵਿਸ਼ੇਸ਼ ਮਹਿਮਾਨ ਵਜੋਂ ਕੌਂਸਲਰ ਭੁਪਿੰਦਰ ਸਿੰਘ ਭਿੰਦਾ, ਰਾਜ ਕੁਮਾਰ ਕਲਰਕ ਨਗਰ ਕੌਂਸਲ ਨੇ ਸ਼ਿਰਕਤ ਕੀਤੀ। ਸਮਾਰੋਹ ਦੌਰਾਨ ਵਾਰਡ ਵਿੱਚ ਬਣੀ ਨਵੀਂ ਸੜਕ ਦਾ ਉਦਘਾਟਨ ਨਗਰ ਕੌਂਸਲ ਆਦਮਪੁਰ ਦੇ ਈ ਓ ਰਾਮਜੀਤ, ਪ੍ਰਧਾਨ ਦਰਸ਼ਨ ਸਿੰਘ ਕਰਵਲ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਵਾਰਡ ਨੰਬਰ 8 ਦੇ ਨਿਵਾਸੀ ਰੇਣੂਕਾ ਰਾਜਪੂਤ, ਅਸ਼ੋਕ ਕੁਮਾਰ ਵਰਮਾ, ਰਾਜੇਸ਼ ਕੁਮਾਰ ਵਰਮਾ, ਹਰਬੰਸ ਕੌਰ ਤੇ ਹੋਰਾਂ ਨੇ ਨਗਰ ਕੌਂਸਲ ਆਦਮਪੁਰ ਦੇ ਈ ਓ ਰਾਮਜੀਤ ਪ੍ਰਧਾਨ ਦਰਸ਼ਨ ਸਿੰਘ ਕਰਵਲ, ਵਾਰਡ ਦੇ ਕੌਂਸਲਰ ਹਰਜਿੰਦਰ ਸਿੰਘ ਕਰਵਲ ਤੇ ਕੌਂਸਲਰ ਭੁਪਿੰਦਰ ਸਿੰਘ ਭਿੰਦਾ ਦਾ ਉਨ੍ਹਾਂ ਦੇ ਮੁਹੱਲੇ ਦੀ ਸੜਕ ਬਣਾਉਣ ਲਈ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਵਾਰਡ ਵਿੱਚ ਪਿਛਲੇ ਕਈ ਸਾਲਾਂ ਤੋਂ ਸੜਕ ਨਾ ਬਣਨ ਕਾਰਨ ਉਨ੍ਹਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਬਰਸਾਤ ਦੇ ਮੌਸਮ ਦੌਰਾਨ ਉਨ੍ਹਾਂ ਦੇ ਘਰਾਂ ਅੱਗੇ ਇੰਨਾ ਚਿੱਕੜ ਹੋ ਜਾਂਦਾ ਸੀ ਕਿ ਉਨ੍ਹਾਂ ਦਾ ਘਰੋਂ ਬਾਹਰ ਨਿਕਲਣਾ ਵੀ ਔਖਾ ਹੋ ਜਾਂਦਾ ਸੀ ਅਤੇ ਅੱਜ ਉਹ ਬਹੁਤ ਖੁਸ਼ ਹਨ ਕਿ ਨਗਰ ਕੌਂਸਲ ਨੇ ਸੜਕ ਬਣਾ ਕੇ ਉਨ੍ਹਾਂ ਦੀ ਸਮੱਸਿਆ ਦਾ ਹੱਲ ਕਰ ਦਿੱਤਾ ਹੈ। ਉਪਰੰਤ ਪ੍ਰਧਾਨ ਦਰਸ਼ਨ ਸਿੰਘ ਕਰਵਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪਿਛਲੇ 3 ਸਾਲਾਂ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਆਦਮਪੁਰ ਚ ਕਰੀਬ 10 ਕਰੋੜ ਰੁਪਏ ਦੀ ਲਾਗਤ ਨਾਲ 300 ਸੜਕਾਂ ਬਣਾਈਆਂ ਗਈਆਂ ਹਨ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਵਿਕਾਸ ਕਾਰਜ ਜਾਰੀ ਰਹਿਣਗੇ। ਇਸ ਮੌਕੇ ਈ ਓ ਰਾਮਜੀਤ ਨੇ ਸੰਬੋਧਨ ਕਰਦਿਆ ਕਿਹਾ ਕਿ ਆਦਮਪੁਰ ਵਿੱਚ ਪਹਿਲਾਂ ਵੀ ਕਈ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ, ਪਰ ਇਹ ਪਹਿਲੀ ਵਾਰ ਹੈ ਕਿ ਕਿਸੇ ਨੇ ਇਸ ਤਰ੍ਹਾਂ ਨਗਰ ਕੌਂਸਲ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਵਾਰਡ ਨੰਬਰ 8 ਦੇ ਮੁਹੱਲਾ ਨਿਵਾਸੀਆਂ ਦਾ ਐਨਾ ਮਾਣ ਸਨਮਾਨ ਕਰਨ ਲਈ ਧੰਨਵਾਦ ਕੀਤਾ। ਇਸ ਮੌਕੇ ਸਤਨਾਮ ਸਿੰਘ, ਵਰਿੰਦਰ ਕੌਰ, ਸੁਧਾਸੂ, ਵਿਨੋਦ ਸਿੰਘ, ਅੰਜੂ, ਰਾਹੁਲ, ਸੁਮਨ ਲਤਾ, ਸ਼ਸ਼ੀ ਮਾਹੀ, ਰਾਮੂ, ਅਨੀਤਾ ਦੇਵੀ, ਮੋਨਿਕਾ, ਸ਼ਿਵਾਨੀ, ਈਸਾ, ਅਮਰੀਕ, ਲਲਿਤ ਸਿੰਘ, ਬਲਬੀਰ ਮਾਹੀ ਅਤੇ ਹੋਰ ਮੁਹੱਲਾ ਨਿਵਾਸੀ ਹਾਜ਼ਰ ਸਨ।

## ਆਮ ਆਦਮੀ ਕਲੀਨਿਕ ਦੇ ਸਟਾਫ ਵੱਲੋਂ ਜ਼ਿਲ੍ਹਾ ਪੱਧਰੀ ਮੀਟਿੰਗ

**ਨਵਾਂਸ਼ਹਿਰ ( ਮਨੋਜ ਲਾਡੀ )**- ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਸਰਜਨ ਦਫਤਰ ਵਿਖੇ ਸਮੂਹ ਜ਼ਿਲ੍ਹੇ ਦੇ ਆਮ ਆਦਮੀ ਕਲੀਨਿਕ ਦੇ ਸਟਾਫ ਦੀ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ। ਜਿਸ ਵਿੱਚ ਡਾਕਟਰ, ਫਾਰਮਾਸਿਸਟ ਤੇ ਕਲੀਨਿਕ ਅਸਿਸਟੈਂਟ ਹਾਜ਼ਰ ਸਨ ਅਤੇ ਸਰਬ- ਸੰਮਤੀ ਨਾਲ ਜ਼ਿਲ੍ਹਾ ਪੱਧਰ 'ਤੇ ਵਰਕਿੰਗ ਬੌਡੀ / ਯੂਨੀਅਨ ਦੀ ਚੋਣ ਕੀਤੀ ਗਈ। ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਡਾ. ਮਨਦੀਪ ਵਿਰਦੀ ਸੀਨੀਅਰ ਮੀਤ ਪ੍ਰਧਾਨ, ਬੀਰ ਪਰਮਵੀਰ ਸਿੰਘ, ਜਨਰਲ ਸਕੱਤਰ ਡਾ. ਪ੍ਰਸ਼ਾਂਤ ਮਾਨ, ਸਕੱਤਰ ਆਸ਼ਾ ਰਾਣੀ, ਮੀਤ ਪ੍ਰਧਾਨ ਡਾ. ਗਗਨਦੀਪ, ਕੈਸ਼ੀਅਰ ਡਾ. ਵੰਸ਼ਿਕਾ ਚੋਪੜਾ, ਚੇਅਰਮੈਨ ਨਰੇਸ਼ ਕੁਮਾਰ, ਮੁੱਖ ਸਲਾਹਕਾਰ ਰਾਜਦੀਪ ਕੌਰ, ਪ੍ਰੈਸ ਸਕੱਤਰ ਰਵੀ ਕੁਮਾਰ ਨੂੰ ਸਰਬ ਸੰਮਤੀ ਨਾਲ ਚੁਣਿਆ ਗਿਆ ਤੇ ਯੂਨੀਅਨ ਦਾ ਗਠਨ ਕਰਕੇ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਇਸ ਮੌਕੇ ਪੰਜਾਬ ਸਟੇਟ ਮਨਿਸਟਰੀਅਲ ਯੂਨੀਅਨ ਦੇ ਸੂਬਾ ਪ੍ਰਧਾਨ ਅਜੇ ਕੁਮਾਰ ਵੀ ਹਾਜ਼ਰ ਸਨ ਅਤੇ ਉਨ੍ਹਾਂ ਯੂਨੀਅਨ ਦੇ ਕੰਮ ਕਰਨ ਦੇ ਤਰੀਕੇ ਸੰਬੰਧੀ ਅਤੇ ਹੱਕਾਂ ਲਈ ਵਿਚਾਰ ਸਾਂਝੇ ਕੀਤੇ ਅਤੇ ਭਵਿੱਖ ਵਿੱਚ ਵੀ ਮਦਦ ਕਰਨ ਅਤੇ ਸੇਧ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਯੂਨੀਅਨ ਦਾ ਗਠਨ ਕਰਨ ਤੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

## ਜਗਨ ਨਾਥ ਭੰਡਾਰੀ ਤੇ ਸੀਨੀਅਰ ਪੱਤਰਕਾਰ ਸੰਜੀਵ ਭੰਡਾਰੀ ਨੂੰ ਸਦਮਾ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਨੂਰਪੁਰਬੇਦੀ ਦੇ ਸੀਨੀਅਰ ਪੱਤਰਕਾਰ ਸੰਜੀਵ ਭੰਡਾਰੀ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਿਆ ਜਦੋਂ ਉਨ੍ਹਾਂ ਦੀ ਮਾਤਾ ਤੇ ਨਗਰ ਪੰਚਾਇਤ ਨੂਰਪੁਰ ਬੇਦੀ ਦੇ ਸਾਬਕਾ ਪ੍ਰਧਾਨ ਮਾਸਟਰ ਜਗਨ ਨਾਥ ਭੰਡਾਰੀ ਦੀ ਪਤਨੀ ਪ੍ਰੋਮਿਲਾ ਭੰਡਾਰੀ ਦਾ ਅਚਾਨਕ ਹੀ ਦਿਹਾਂਤ ਹੋ ਗਿਆ। ਜਾਣਕਾਰੀ ਮੁਤਾਬਿਕ ਮਾਤਾ ਪ੍ਰੋਮਿਲਾ ਦੇਵੀ ਦੇ ਅੱਖ 'ਚ ਕੁਝ ਦਿਨ ਪਹਿਲਾਂ ਫੰਗਲ ਇਨਫੈਕਸ਼ਨ ਹੋ ਗਈ ਸੀ , ਜਿਸ ਕਾਰਨ ਉਨ੍ਹਾਂ ਦਾ ਇਲਾਜ ਮੁਹਾਲੀ ਦੇ ਮੈਕਸ ਹਸਪਤਾਲ ਤੋਂ ਬਾਅਦ ਪੀ.ਜੀ.ਆਈ ਚੰਡੀਗੜ੍ਹ ਚ ਚੱਲ ਰਿਹਾ ਸੀ ਤੇ ਬੀਤੇ ਦਿਨੀਂ ਉਨ੍ਹਾਂ ਨੂੰ ਹਸਪਤਾਲ ਤੋਂ ਘਰ ਲਿਆਂਦਾ ਗਿਆ ਤੇ ਸਵੇਰੇ ਪਰਵਾਰਕ ਮੈਂਬਰਾ ਨਾਲ ਗੱਲਾਂ ਕਰਦੇ ਹੋਏ ਉਨ੍ਹਾਂ ਦਾ ਅਚਾਨਕ ਹੀ ਦਿਹਾਂਤ ਹੋ ਗਿਆ ਤੇ ਅੰਤਿਮ ਸੰਸਕਾਰ ਦੁਪਹਿਰ ਸਮੇਂ ਨੂਰਪੁਰਬੇਦੀ ਦੇ ਸ਼ਮਸ਼ਾਨ ਘਾਟ 'ਚ ਹਿੰਦੂ ਰੀਤੀ ਰਿਵਾਜਾਂ ਮੁਤਾਬਿਕ ਕੀਤਾ ਗਿਆ।

ਜਿਸ ਮੌਕੇ ਤਿੰਨੋਂ ਪੁੱਤਰਾਂ ਤੇ ਪੋਤਰਿਆਂ ਨੇ ਉਨ੍ਹਾਂ ਨੂੰ ਮੁੱਖ ਅਗਨੀ ਭੇਟ ਕੀਤੀ। ਇਸ ਮੌਕੇ ਖੇਤਰ ਦੀਆਂ ਵੱਖ-ਵੱਖ ਧਾਰਮਿਕ,ਰਾਜਨੀਤਕ ਤੇ ਸਮਾਜਿਕ ਸਖਸੀਅਤਾਂ ਚ ਸ਼ਿਵ ਮੰਦਿਰ ਨੂਰਪੁਰਬੇਦੀ ਦੇ ਮਹੰਤ ਸੰਮਤ ਗਿਰੀ, ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਹਲਕਾ ਵਿਧਾਇਕ ਰੂਪਨਗਰ ਐਡਵੋਕੇਟ ਦਿਨੇਸ਼ ਚੱਢਾ ਦੇ ਪਿਤਾ ਰਾਮ ਪ੍ਰਸ਼ਾਦ ਪਾਲੀ, ਡਾ.ਰਵਿੰਦਰ ਦੀਵਾਨ ਮੈਂਬਰ ਪੀ.ਪੀ.ਸੀ.ਸੀ, ਭੁਪਿੰਦਰ ਬਜਰੂੜ, ਪੰਜਾਬ ਮੋਰਚਾ ਦੇ ਕਨਵੀਨਰ ਗੌਰਵ ਰਾਣਾ, ਰਾਮ ਲੀਲ੍ਹਾ ਕਮੇਟੀ ਦੇ ਡਾਇਰੈਕਟਰ ਵਿਜੇ ਸ਼ਰਮਾ, ਮਾਸਟਰ ਰਾਮ ਸਿੰਘ, ਸੰਮਤੀ ਮੈਂਬਰ ਨਰਿੰਦਰ ਬੱਗਾ, ਸੰਜੂ ਬਾਂਸਲ, ਵਿਜੇ ਪੁਰੀ, ਡਾ.ਰਕੇਸ਼ ਕੁਮਾਰ ਢੰਡ, ਅਮਨ ਚੱਢਾ, ਅਵਨੀਤ ਚੱਢਾ ,ਵੇਦ ਪ੍ਰਕਾਸ਼ ਕੌਮੀ ਆਗੂ ਪ.ਸ.ਸ.ਫ, ਗੁਰਵਿੰਦਰ ਸਸਕੌਰ ਪ੍ਰਧਾਨ ਜੀ.ਟੀ.ਯੂ, ਅਸ਼ਵਨੀ ਸ਼ਰਮਾ ਮੈਂਬਰ ਪੀ.ਪੀ.ਸੀ.ਸੀ, ਬਲਵੀਰ ਭੱਟੋਂ ਬਰਿੰਦਰ ਬੁੱਲ੍ਹੀ ਵਸ਼ਿਸ਼ਟ ਤੋਂ ਇਲਾਵਾ ਅਧਿਆਪਕ ਯੂਨੀਅਨ, ਪੱਤਰਕਾਰ ਭਾਈਚਾਰਾ, ਕਿਸਾਨ ਯੂਨੀਅਨ ਦੇ ਆਗੂਆਂ ਨੇ ਆਦਿ ਨੇ ਅੰਤਿਮ ਸੰਸਕਾਰ ਰਸਮ 'ਚ ਸ਼ਾਮਲ ਹੋ ਕੇ ਦੁੱਖ ਦਾ ਪ੍ਰਗਟਾਵਾ ਕੀਤਾ।

# ਪਿੰਡ ਦਾ ਨਾਂਅ ਪੰਜੋਖਰਾ ਸਾਹਿਬ ਹੋਣ ਨਾਲ ਨੇੜਲੇ ਪਿੰਡਾਂ ਤੇ ਸਿੱਖ ਭਾਈਚਾਰੇ 'ਚ ਭਾਰੀ ਉਤਸ਼ਾਹ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਅੰਬਾਲਾ ਛਾਉਣੀ ਵਿਧਾਨ ਸਭਾ ਹਲਕੇ ਦੇ ਪਿੰਡ ਦਾ ਨਾਂਅ ਉਨ੍ਹਾਂ ਦੇ ਧਾਰਮਿਕ ਅਤੇ ਇਤਿਹਾਸਕ ਮਹੱਤਵ ਅਨੁਸਾਰ ਹੁਣ ਪੰਜੋਖਰਾ ਸਾਹਿਬ ਹੋਣ 'ਤੇ ਪੰਜੋਖਰਾ ਸਾਹਿਬ ਤੇ ਨੇੜਲੇ ਹਲਕੇ ਦੇ ਸੈਕੜਾਂ ਪਿੰਡ ਵਾਸੀਆਂ ਨੇ ਗ੍ਰਹਿ ਮੰਤਰੀ ਅਨਿਲ ਵਿਜ ਦਾ ਧੰਨਵਾਦ ਪ੍ਰਗਟਾਉਂਦੇ ਹੋਏ ਕਿਹਾ ਕਿ ਪਹਿਲਾਂ ਸਰਕਾਰਾਂ ਨੇ ਉਨ੍ਹਾਂ ਦੀ ਇਸ ਮੰਗ ਨੂੰ ਕਦੇ ਪੂਰਾ ਨਹੀਂ ਕੀਤਾ।

ਪਿੰਡ ਵਾਸੀਆਂ ਨੇ ਕਿਹਾ ਕਿ ਪਹਿਲਾਂ ਦੀਆਂ ਸਰਕਾਰਾਂ ਕੋਲ ਪਿੰਡ ਵਾਸੀਆਂ ਨੇ ਮੰਗ ਚੁੱਕੀ ਸੀ, ਪਰ ਕਿਸੇ ਨੇ ਇਸ ਨੂੰ ਪੂਰਾ ਨਹੀਂ ਕੀਤਾ। ਹੁਣ ਗ੍ਰਹਿ ਮੰਤਰੀ ਅਨਿਲ ਵਿਜ ਨੇ ਉਨ੍ਹਾਂ ਦੀ ਦਹਾਕਿਆਂ ਪੁਰਾਣੀ ਮੰਗ ਨੂੰ ਪੂਰਾ ਕੀਤਾ ਹੈ। ਗ੍ਰਹਿ ਮੰਤਰੀ ਅਨਿਲ ਵਿਜ ਕਾਰਨ ਪਿੰਡ ਦਾ ਨਾਂਅ ਪੰਜੋਖਰਾ ਸਾਹਿਬ ਹੋਣ ਨਾਲ ਪਿੰਡ ਵਾਸੀਆਂ ਕੋਲ ਨੇੜਲੇ ਪਿੰਡਾਂ ਅਤੇ ਸਿੱਖ ਭਾਈਚਾਰੇ ਵਿਚ ਭਾਰੀ ਉਤਸ਼ਾਹ ਹੈ। ਅੱਜ ਗ੍ਰਹਿ ਮੰਤਰੀ ਅਨਿਲ ਵਿਜ ਦੀ ਰਿਹਾਇਸ਼ 'ਤੇ ਪੰਜੋਖਰਾ ਸਾਹਿਬ ਅਤੇ ਨੇੜਲੇ ਪਿੰਡਾਂ ਦੇ ਵਾਸੀਆਂ ਨੇ ਪੁੱਜ ਕੇ ਉਨ੍ਹਾਂ ਦਾ ਧੰਨਵਾਦ ਪ੍ਰਗਟਾਇਆ। ਪੰਜੋਖਰਾ ਸਾਹਿਬ ਪਿੰਡ ਦੇ ਸਰਪੰਚ ਬੌਬੀ ਨੇ ਦੱਸਿਆ ਕਿ ਪਿੰਡ ਦਾ ਨਾਂਅ ਧਾਰਮਿਕ ਮਹੱਤਵ ਅਨੁਸਾਰ ਕਰਨ ਲਈ ਦਹਾਕਿਆਂ ਤੋਂ ਇਹ ਮੰਗ ਸਾਬਕਾ ਸਰਕਾਰਾਂ ਦੇ ਸਾਹਮਣੇ ਉਨ੍ਹਾਂ ਵੱਲੋਂ ਚੁੱਕੀ ਗਈ ਸੀ ਪਰ ਸਾਬਕਾ ਸਰਕਾਰਾਂ ਨੇ ਇਸ 'ਤੇ ਕੋਈ ਧਿਆਨ ਨਹੀਂ ਦਿੱਤਾ, ਪਰ ਗ੍ਰਹਿ ਮੰਤਰੀ ਅਨਿਲ ਵਿਜ ਨੇ ਇਤਿਹਾਸਕ ਫੈਸਲਾ ਲੈਂਦੇ ਹੋਏ ਪਿੰਡ ਦੇ ਨਾਂਅ ਨੂੰ ਪੰਜੋਖਰਾ ਸਾਹਿਬ ਕਰਨ ਲਈ ਕਾਰਵਾਈ ਕੀਤੀ ਜੋ ਕਿ ਉਨ੍ਹਾਂ ਦੇ ਯਤਨਾਂ ਨਾਲ ਪੂਰੀ ਹੋਈ ਹੈ। ਗ੍ਰਹਿ ਮੰਤਰੀ ਅਨਿਲ ਵਿਜ ਨੇ ਪਿੰਡ ਦਾ ਨਾਂਅ ਪੰਜੋਖਰਾ ਸਾਹਿਬ ਕਰਨ ਦੇ ਪ੍ਰਸਤਾਵ ਦੀ ਮੰਗ ਨੂੰ ਸੂਬਾ ਸਰਕਾਰ ਦੇ ਸਾਹਮਣੇ ਚੁੱਕਿਆ ਸੀ, ਜਿਸ ਤੋਂ ਬਾਅਦ ਕੇਂਦਰ ਤੋਂ ਵੀ ਇਜਾਜ਼ਤ ਮਿਲਣ 'ਤੇ ਹਰਿਆਣਾ ਸਰਕਾਰ ਨੇ ਇਸ ਦੀ ਨੋਟੀਫਿਕੇਸ਼ਨ ਪਿਛਲੇ ਦਿਨਾਂ ਜਾਰੀ ਕੀਤੀ ਸੀ।

## ਧੀਰਜ ਸਾਹੂ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀ ਜਨਤਾ ਪਾਰਟੀ ਦੀ ਤਰਫੋਂ ਪੂਰੇ ਦੇਸ਼ ਵਿੱਚ ਜ਼ਿਲ੍ਹਾ ਪੱਧਰ 'ਤੇ ਕਾਂਗਰਸ ਪਾਰਟੀ ਦੇ ਭ੍ਰਿਸ਼ਟਾਚਾਰ ਦੇ ਖਿਲਾਫ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜ਼ਿਲ੍ਹਾ ਨਵਾਂਸ਼ਹਿਰ ਵਿੱਚ ਜ਼ਿਲ੍ਹਾ ਪ੍ਰਧਾਨ ਅਸ਼ੋਕ ਬਾਠ ਦੀ ਅਗਵਾਈ ਅਤੇ ਹਲਕਾ ਇੰਚਾਰਜ ਡਾ: ਪੂਨਮ ਮਾਣਿਕ ਅਤੇ ਮੰਡਲ ਪ੍ਰਧਾਨ ਵਿਜੇ ਸ਼ਮਸ਼ੇਰ ਦੀ ਅਗਵਾਈ 'ਚ ਸਿੰਘ ਪਰਮਾਰ ਦੀ ਪ੍ਰਧਾਨਗੀ ਹੇਠ ਡੀ.ਸੀ ਦਫਤਰ ਤੋਂ ਚੰਡੀਗੜ੍ਹ ਚੌਂਕ 'ਚ ਕਾਂਗਰਸੀ ਸੰਸਦ ਮੈਂਬਰ ਧੀਰਜ ਸਾਹੂ ਦਾ ਪੁਤਲਾ ਫੂਕ ਕੇ ਰੋਸ ਪ੍ਰਦਰਸ਼ਨ ਕੀਤਾ। ਕਾਂਗਰਸ ਦੇ ਸਾਂਸਦ ਧੀਰਜ ਸਾਹੂ ਦੇ ਘਰ ਤੋਂ ਭ੍ਰਿਸ਼ਟਾਚਾਰ ਦੀ ਜਿਉਂਦੀ ਜਾਗਦੀ ਮਿਸਾਲ ਹੈ। ਕਾਂਗਰਸ ਨੇ ਹਮੇਸ਼ਾ ਦੇਸ਼ ਉੱਤੇ ਰਾਜ ਕੀਤਾ ਹੈ। ਜਿਸ ਕਰਕੇ ਅੱਜ ਇਹ ਪਾਰਟੀ ਪੂਰੇ ਦੇਸ਼ ਵਿੱਚੋਂ ਅਲੋਪ ਹੁੰਦੀ ਜਾ ਰਹੀ ਹੈ। ਜੇਕਰ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਭਾਰਤ ਜਲਦੀ ਹੀ ਕਾਂਗਰਸ ਮੁਕਤ ਹੋ ਜਾਵੇਗਾ। ਇਸ ਮੁਜਾਹਰੇ ਨੂੰ ਰਾਸ਼ਟਰੀ ਮਹਿਲਾ ਮੋਰਚਾ ਦੀ ਮੀਤ ਪ੍ਰਧਾਨ ਵਰਿੰਦਰ ਕੌਰ ਥਾਂਦੀ ਨੇ ਕਾਂਗਰਸ ਦੀ ਭ੍ਰਿਸ਼ਟ ਨੀਤੀ ਤੋਂ ਸੁਚੇਤ ਕਰਦਿਆਂ ਸਾਬਕਾ ਐੱਸ ਸੀ ਮੋਰਚਾ ਪੰਜਾਬ ਦੇ ਪ੍ਰਧਾਨ ਰਾਜਕੁਮਾਰ ਅਟਵਾਲ ਨੇ ਕਾਂਗਰਸ ਦੇ ਸੀਨੀਅਰ ਆਗੂ ਅਸ਼ਵਨੀ ਬਲਗਾਨ, ਜ਼ਿਲ੍ਹਾ ਜਨਰਲ ਸਕੱਤਰ ਪ੍ਰੀਤਪਾਲ ਬਜਾਜ ਅਮਨ ਰਾਣਾ, ਜ਼ਿਲ੍ਹਾ ਜਨਰਲ ਸਕੱਤਰ ਪ੍ਰੀਤਪਾਲ ਬਜਾਜ ਦੇ ਭ੍ਰਿਸ਼ਟ ਇਰਾਦਿਆਂ ਦਾ ਸਖਤ ਖੰਡਨ ਕੀਤਾ। ਇਸ ਮੌਕੇ ਮੀਤ ਪ੍ਰਧਾਨ ਹਿੰਮਤ ਤੇਜਪਾਲ, ਸੰਦੀਪ ਲਦੋਈਆ, ਸੁਭਾਸ਼ ਬਾਠ ਮੰਡਲ ਦੇ ਪ੍ਰਧਾਨ ਨੰਦ ਕਿਸ਼ੋਰ ਸੁਰਿੰਦਰ ਬਗਾਨੀਆ, ਵਿੱਕੀ ਖੋਸਲਾ ਰਾਮਾਨੰਦ ਭਨੋਟ ਪਾਲਾ ਸਿੰਘ ਨਰਿੰਦਰ ਸੂਦਨ, ਗੀਤਿਕਾ ਪਰਮਾਰ, ਪਰਮਜੀਤ ਖਾਲਸਾ, ਡਾ: ਕਲਵਿੰਦਰ ਸਿੰਘ, ਸੁਰਿੰਦਰ ਸ਼ਹਿਨਸ਼ਾਹ, ਦਵਿੰਦਰ ਸਿੰਘ, ਗੋਲਡੀ ਪਰਵੀਨ ਕੁਮਾਰੀ, ਬਲਜੀਤ ਸਿੰਘ ਆਦਿ ਹਾਜ਼ਰ ਸਨ।

## ਪੰਜਾਬ ਕਲਾ ਮੰਚ ਵੱਲੋਂ ਪੈਦਲ ਯਾਤਰਾ ਦਾ ਬੈਨਰ ਜਾਰੀ



**ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**-ਪੰਜਾਬ ਕਲਾ ਮੰਚ ਵੱਲੋਂ ਸ਼੍ਰੋਮਣੀ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚਮਕੌਰ ਸਾਹਿਬ ਦੇ ਸਮੂਹ ਸ਼ਹੀਦ ਸਿੰਘਾਂ ਦੀ ਯਾਦ ਨੂੰ ਸਮਰਪਤ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਤੋਂ 21ਵੀਂ ਦਸਮੇਸ਼ ਪੈਦਲ ਯਾਤਰਾ ਦਾ ਬੈਨਰ ਹੈਡ ਗ੍ਰੰਥੀ ਭਾਈ ਨਿਸ਼ਾਨ ਸਿੰਘ ਵੱਲੋਂ ਅਰਦਾਸ ਕਰਨ ਉਪਰੰਤ ਜਾਰੀ ਕੀਤਾ ਗਿਆ। ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੱਬਰ ਨੇ ਦੱਸਿਆ ਕਿ ਦਸਮੇਸ਼ ਪੈਦਲ ਯਾਤਰਾ 20 ਦਸੰਬਰ 2003 ਤੋਂ ਲਗਾਤਾਰ ਪੰਜਾਬ ਕਲਾ ਮੰਚ ਦੇ ਉਪਰਾਲੇ ਸਦਕਾ ਅਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਗਈ ਸੀ , ਜਿਸ ਹਰ ਸਾਲ ਸੰਗਤਾਂ ਦੀ ਆਮਦ ਵਿੱਚ ਵਾਧਾ ਹੁੰਦਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਪੈਦਲ ਯਾਤਰਾ 'ਚ ਸ਼ਾਮਲ ਸੰਗਤਾਂ ਨਿਸ਼ਾਨ ਸਾਹਿਬ ਦੀ ਅਗਵਾਈ ਹੇਠ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਹੋਈਆਂ ਰਾਤੋ ਰਾਤ 21 ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਵੱਖ-ਵੱਖ ਗੁਰੂਘਰਾਂ, ਰਾਇਪੁਰ, ਜੰਡ ਸਾਹਿਬ, ਕੀੜੀ ਅਫਗਾਨਾ, ਕੋਟਲਾ ਸੁਰਮੁੱਖ ਸਿੰਘ ਅਤੇ ਬਹਿਲੋਲਪੁਰ ਦੇ ਦਰਸ਼ਨ ਕਰਦੀਆਂ ਹੋਈਆਂ ਸਵੇਰੇ ਗੁਰਦੁਆਰਾ ਸ੍ਰੀ ਝਾੜ ਸਾਹਿਬ ਪਹੁੰਚ ਕੇ ਨਤਮਸਤਕ ਹੁੰਦੀਆਂ ਹਨ ਅਤੇ ਅਰਦਾਸ ਕਰਨ ਉਪਰੰਤ ਸਮਾਪਤ ਹੁੰਦੀ ਹੈ । ਉਨ੍ਹਾਂ ਇਹ ਵੀ ਦੱਸਿਆ ਕਿ ਗੁਰਦੁਆਰਾ ਝਾੜ ਸਾਹਿਬ ਤੋਂ ਸੰਗਤਾਂ ਨੂੰ ਲੈ ਕੇ ਆਉਣ ਦਾ ਖਾਸ ਪ੍ਰਬੰਧ ਮੰਚ ਵੱਲੋਂ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਹ ਯਾਤਰਾ ਸ਼ਹੀਦੀ ਜੋੜ ਮੇਲ ਦੇ ਦੂਜੇ ਦਿਨ 22 ਦਸੰਬਰ ਦੀ ਰਾਤ ਨੂੰ 12 ਵਜੇ ਅਰਦਾਸ ਕਰਨ ਉਪਰੰਤ ਰਵਾਨਾ ਹੋਵੇਗੀ । ਇਸ ਮੌਕੇ ਮੈਨੇਜਰ ਭਾਈ ਨੱਥਾ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਪਰਮਜੀਤ ਸਿੰਘ ਲੱਖੇਵਾਲ, ਡਾਇਰੈਕਟਰ ਕੁਲਦੀਪ ਸਿੰਘ ਕੰਗ, ਭਾਈ ਜੋਗਿੰਦਰ ਸਿੰਘ, ਰਵਿੰਦਰ ਸਿੰਘ, ਭਾਈ ਕੁਲਦੀਪ ਸਿੰਘ ਗੋਗੀ, ਸੁਰਮਖ ਸਿੰਘ, ਡਾ. ਤੇਜਪਾਲ ਸਿੰਘ ਕੰਗ, ਜਸਪਾਲ ਸਿੰਘ ਦਿਓਲ, ਸੁਖਵੀਰ ਸਿੰਘ, ਸਤਨਾਮ ਸਿੰਘ, ਡਾ. ਰਾਜਪਾਲ ਸਿੰਘ ਅਤੇ ਮਨਮੋਹਣ ਸਿੰਘ ਆਦਿ ਹਾਜ਼ਰ ਸਨ ।

## ਹਰਿਆਣਾ 'ਚ ਵਿਆਪਕ ਪੱਧਰ 'ਤੇ ਪ੍ਰਬੰਧਿਤ ਹੋ ਰਹੇ ਵਿਕਸਤ ਭਾਰਤ ਸੰਕਲਪ ਯਾਤਰਾ ਦੇ ਪ੍ਰੋਗਰਾਮ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਸਰਕਾਰ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਚਲਾਈ ਜਾ ਰਹੀ ਵਿਕਸਿਤ ਭਾਰਤ ਸੰਕਲਪ ਯਾਤਰਾ ਵਿਚ ਆਪਣਾ ਸਰਗਰਮ ਯੋਗਦਾਨ ਦੇਣ ਦਾ ਸੰਕਲਪ ਕੀਤਾ ਹੈ। ਇਸੀ ਦੇ ਚਲਦੇ ਸੂਬੇ ਵਿਚ ਇਸ ਯਾਤਰਾ ਦੇ ਪ੍ਰੋਗ੍ਰਾਮ ਵਿਆਪਕ ਪੱਧਰ 'ਤੇ ਪ੍ਰਬੰਧਿਤ ਕੀਤੇ ਜਾ ਰਹੇ ਹਨ। ਯਾਤਰਾ ਦਾ ਮੁੱਖ ਉਦੇਸ਼ ਯੋਗ ਲਾਭਕਾਰਾਂ ਨੂੰ ਕੇਂਦਰ ਸਰਕਾਰ ਦੀ ਯੋਜਨਾਵਾਂ ਦੇ ਬਾਰੇ ਵਿਚ ਜਾਗਰੂਕ ਕਰਨਾ ਅਤੇ ਨਵੀਂ ਯੋਜਨਾਵਾਂ ਰਾਹੀਂ ਉਨ੍ਹਾਂ ਨੂੰ ਲਾਭ ਪਹੁੰਚਾਉਣਾ ਹੈ। ਕੋਈ ਵੀ ਯੋਗ ਵਿਅਕਤੀ ਸਰਕਾਰ ਦੀ ਯੋਜਨਾਵਾਂ ਤੋਂ ਨਾ ਵਾਂਝਾ ਰਹੇ ਇਹ ਯਕੀਨੀ ਕਰਨ ਲਈ ਹਰਿਆਣਾ ਵਿਚ ਇਸ ਯਾਤਰਾ ਦੇ ਪ੍ਰੋਗ੍ਰਾਮ ਪਿੰਡਾਂ ਦੇ ਨਾਲ-ਨਾਲ ਸ਼ਹਿਰਾਂ ਵਿਚ ਵੀ ਵੱਡੇ ਪੱਧਰ 'ਤੇ ਪ੍ਰਬੰਧਿਤ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਮਨੋਹਰ ਲਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਪ੍ਰੀਕਲਪਨਾ ਹੈ ਕਿ ਭਾਰਤ 2047 ਤਕ ਵਿਕਸਿਤ ਰਾਸ਼ਟਰ ਵਿਚ ਤਬਦੀਲ ਹੋ ਜਾਵੇ। ਇਹ ਇਕ ਵੱਡੀ ਅਤੇ ਵਿਆਪਕ ਮੁਹਿੰਮ ਹੈ। ਦੇਸ਼ ਦੇ ਹਰੇਕ ਨਾਗਰਿਕ ਅਤੇ ਸਾਰੇ ਵਰਗ ਦੇ ਲੋਕਾਂ ਨੂੰ ਇਸ ਮੁਹਿੰਮ ਨਾਲ ਜੁੜਨਾ ਚਾਹੀਦਾ ਹੈ। ਜੇਕਰ ਸਾਰੇ ਲੋਕ ਇਸ ਨਾਲ ਜੁੜਨਗੇ ਤਾਂ ਯਕੀਨੀ ਹੀ ਭਵਿੱਖ ਵਿਚ ਭਾਰਤ ਵਿਸ਼ਵ ਨਕਸ਼ੇ 'ਤੇ ਬਿਹਤਰੀਨ ਰਾਸ਼ਟਰ ਵਜੋ ਸਥਾਪਿਤ ਹੋ ਸਕੇਗਾ। ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਇਸ ਯਾਤਰਾ ਰਾਹੀਂ ਇਹ ਯਤਨ ਕਰਨਾ ਚਾਹੁੰਦੇ ਹਨ ਕਿ ਗਰੀਬਾਂ ਦੇ ਜੀਵਨ ਪੱਧਰ ਵਿਚ ਬਦਲਾਅ ਲਿਆਉਣ ਲਈ ਬਣਾਈ ਗਈ ਯੋਜਨਾਵਾਂ ਆਮ ਜਨਤਾ ਤਕ ਪਹੁੰਚਣ ਅਤੇ ਯਾਤਰਾ ਲੋਕਾਂ ਨੂੰ ਉਨ੍ਹਾਂ ਦਾ ਲਾਭ ਮਿਲੇ। ਯਾਤਰਾ ਦੇ ਨੌਂਵੇਂ ਦਿਨ ਪੂਰੇ ਸੂਬੇ ਵਿਚ 128 ਸਥਾਨਾਂ 'ਤੇ ਪ੍ਰੋਗ੍ਰਾਮ ਪ੍ਰਬੰਧਿਤ ਹੋਏ ਜਿਸ ਵਿਚ 53 ਹਜਾਰ ਤੋਂ ਵੱਧ ਲੋਕਾਂ ਦੀ ਭਾਗੀਦਾਰੀ ਰਹੀ। ਯਾਤਰਾ ਦੌਰਾਨ 15 ਹਜਾਰ ਤੋਂ ਵੱਧ ਲੋਕ ਹੈਲਥ ਕੈਂਪਾਂ ਵਿਚ ਪਹੁੰਚੇ ਅਤੇ ਆਪਣੀ ਸਿਹਤ ਸਬੰਧੀ ਜਾਂਚ ਕਰਵਾਈ। 10227 ਲੋਕਾਂ ਦੀ ਟੀਬੀ ਦੀ ਸਕ੍ਰੀਨਿੰਗ ਕੀਤੀ ਗਈ। ਯਾਤਰਾ ਦੌਰਾਨ 88 ਲੋਕਾਂ ਨੇ ਆਯੁਸ਼ਮਾਨ ਕਾਰਡ ਕੈਂਪ ਲਾਭ ਚੁਕਿਆ, 136 ਲੋਕ ਆਧਾਰ ਕਾਰਡ ਕੈਂਪ ਵਿਚ ਪਹੁੰਚੇ ਅਤੇ 104 ਕਿਸਾਨਾਂ ਨੇ ਨੈਚੁਰਲ ਫਾਰਮਿੰਗ ਨਾਲ ਸਬੰਧਿਤ ਜਾਣਕਾਰੀ ਲਈ।

## ਪੀ ਐੱਨ ਬੀ ਬ੍ਰਾਂਚ ਨੂੰ 'ਰਕਸਕ ਪਲੱਸ' ਬ੍ਰਾਂਚ ਵਜੋਂ ਨਿਵਾਜਿਆ



**ਆਦਮਪੁਰ (ਪਰਮਜੀਤ ਸਿੰਘ)** ਪੰਜਾਬ ਨੈਸ਼ਨਲ ਬੈਂਕ ਦੀ ਆਦਮਪੁਰ ਬ੍ਰਾਂਚ ਵਿੱਚ ਭਾਰਤੀ ਫੌਜ ਦੇ ਸ਼ਹੀਦ ਕੁਲਵਿੰਦਰ ਸਿੰਘ ਡਰੋਲੀ ਖੁਰਦ ਦੀ ਯਾਦ ਵਿੱਚ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਅਤੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਸ ਵਿੱਚ ਭਾਰਤੀ ਫੌਜ ਦੇ ਹੈੱਡਕੁਆਰਟਰ 11 ਕੋਰ ਦੇ ਮੁਖੀ ਮੇਜਰ ਜਨਰਲ ਅਤੇ ਪ੍ਰਵੀਨ ਗੋਇਲ ਜ਼ੋਨਲ ਮੁਖੀ ਅੰਮ੍ਰਿਤਸਰ, ਅਮਰ ਸ਼ਹੀਦ ਕੁਲਵਿੰਦਰ ਸਿੰਘ ਦੇ ਪਿਤਾ ਪ੍ਰੀਤਮ ਸਿੰਘ, ਮਾਤਾ ਗੁਰਮੀਤ ਕੌਰ ਅਤੇ ਹੋਰ ਪਰਵਾਰਕ ਮੈਂਬਰਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਰੋਹ ਦਾ ਸ਼ੁੱਭ ਆਰੰਭ ਮੁੱਖ ਮਹਿਮਾਨ ਭਾਰਤੀ ਫੌਜ ਦੇ ਮੇਜਰ ਜਨਰਲ ਹੈੱਡਕੁਆਰਟਰ 11 ਕੋਰ, ਅਮਰ ਸ਼ਹੀਦ ਕੁਲਵਿੰਦਰ ਸਿੰਘ ਦੇ ਪਿਤਾ ਪ੍ਰੀਤਮ ਸਿੰਘ ਡਰੋਲੀ ਖੁਰਦ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਪ੍ਰਵੀਨ ਗੋਇਲ ਜ਼ੋਨਲ ਹੈੱਡ ਅੰਮ੍ਰਿਤਸਰ ਨੇ ਕਿਹਾ ਕਿ ਪੀ ਐਨ ਬੀ ਆਦਮਪੁਰ ਬ੍ਰਾਂਚ ਨੂੰ ਸ਼ਹੀਦ ਕੁਲਵਿੰਦਰ ਸਿੰਘ ਨੂੰ ਸਮਰਪਿਤ ਕਰਦੇ ਹੋਏ 'ਰਕਸਕ ਪਲੱਸ' ਬ੍ਰਾਂਚ ਵਜੋਂ ਨਿਵਾਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਨੇ ਜੁਲਾਈ 1998 ਵਿੱਚ ਜੰਮੂ-ਕਸ਼ਮੀਰ 'ਚ ਕੁਪਵਾੜਾ 'ਚ ਅੱਤਵਾਦੀਆਂ ਖਿਲਾਫ 'ਆਪ੍ਰੇਸ਼ਨ ਰਕਸਕ' ਸ਼ੁਰੂ ਕੀਤਾ ਗਿਆ ਸੀ, ਜਿਸ 'ਚ ਕੁਲਵਿੰਦਰ ਸਿੰਘ ਨੇ ਆਪਣੀ ਸਿਆਣਪ, ਬਹਾਦਰੀ ਅਤੇ ਅਥਾਹ ਹਿੰਮਤ ਦਿਖਾਉਂਦੇ ਹੋਏ ਕਈ ਅੱਤਵਾਦੀਆਂ ਨੂੰ ਮਾਰ ਮੁਕਾਇਆ ਅਤੇ ਖੁਦ ਵੀ ਸ਼ਹੀਦੀ ਪ੍ਰਾਪਤ ਕੀਤੀ। ਇਸ ਮੌਕੇ ਆਪਣੀਆਂ ਅਮਰ ਯਾਦਾਂ ਨੂੰ ਸਭ ਨਾਲ ਸਾਂਝਾ ਕੀਤਾ, ਜਿਸ ਨੂੰ ਸੁਣ ਕੇ ਸਾਰਿਆਂ ਦੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ। ਉਨ੍ਹਾਂ ਦੱਸਿਆ ਪੀ ਐਨ ਬੀ ਨੇ ਦੇਸ਼ ਭਰ ਵਿੱਚ 11 ਸਾਖਾਵਾਂ ਸ਼ਹੀਦਾਂ ਨੂੰ ਸਮਰਪਿਤ ਕੀਤੀਆਂ ਹਨ ਅਤੇ ਇਸ ਲੜੀ ਵਿੱਚ ਆਦਮਪੁਰ ਬ੍ਰਾਂਚ ਅੰਮ੍ਰਿਤਸਰ ਜੋਨ ਵਿੱਚ ਤੀਜੀ ਅਤੇ ਦੇਸ਼ ਵਿੱਚ ਆਖਰੀ ਸ਼ਾਖਾ ਸੀ। ਭਾਰਤੀ ਫੌਜ ਦੇ ਮੇਜਰ ਜਨਰਲ ਹੈੱਡਕੁਆਰਟਰ 11 ਕੋਰ ਤੇ ਪ੍ਰਵੀਨ ਗੋਇਲ ਨੇ ਅਮਰ ਸ਼ਹੀਦ ਕੁਲਵਿੰਦਰ ਸਿੰਘ ਦੇ ਪਿਤਾ ਪ੍ਰੀਤਮ ਸਿੰਘ, ਮਾਤਾ ਗੁਰਮੀਤ ਕੌਰ ਅਤੇ ਹੋਰ ਪਰਿਵਾਰਕ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਸਨਮਾਨਿਤ ਕੀਤਾ। ਸਮਾਗਮ ਦੇ ਅੰਤ ਵਿੱਚ ਗਗਨਦੀਪ ਸਿੰਘ ਬ੍ਰਾਂਚ ਮੁਖੀ ਆਦਮਪੁਰ ਨੇ ਸਮਾਗਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਆਏ ਹੋਏ ਪਤਵੰਤਿਆ ਦਾ ਧੰਨਵਾਦ ਕੀਤਾ। ਇਸ ਮੌਕੇ ਹਰਵਿੰਦਰ ਸਿੰਘ ਮੰਡਲ ਮੁਖੀ ਜਲੰਧਰ, ਜੀ ਐਸ ਬਾਠ ਸਹਾਇਕ ਜਨਰਲ ਮੈਨੇਜਰ ਜ਼ੋਨਲ ਦਫਤਰ ਅੰਮ੍ਰਿਤਸਰ, ਦਲਜੀਤ ਸਿੰਘ ਮੁੱਖ ਪ੍ਰਬੰਧਕ ਮੰਡਲ ਦਫਤਰ, ਜਲੰਧਰ ਅਤੇ ਸ਼ਾਖਾ ਆਦਮਪੁਰ ਅਤੇ ਮੰਡਲ ਦਫਤਰ ਦੇ ਸਟਾਫ ਮੈਂਬਰ ਵੀ ਹਾਜ਼ਰ ਸਨ।

## ਪੰਜਾਬ ਭਰ 'ਚ ਲਗਾਈ ਗਈ ਕੌਮੀ ਲੋਕ ਅਦਾਲਤ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਦੀ ਅਗਵਾਈ ਹੇਠ ਅੱਜ ਸੂਬੇ ਭਰ ਵਿੱਚ ਕੌਮੀ ਲੋਕ ਅਦਾਲਤ ਲਗਾਈ ਗਈ। ਇਸ ਲੋਕ ਅਦਾਲਤ ਵਿੱਚ ਕੁੱਲ 384 ਬੈਂਚਾਂ ਵਿੱਚ ਲਗਭਗ 2.97 ਲੱਖ ਕੇਸ ਸੁਣਵਾਈ ਲਈ ਪੇਸ਼ ਹੋਏ। ਇਸ ਲੋਕ ਅਦਾਲਤ ਵਿਚ ਦੀਵਾਨੀ ਕੇਸ, ਘਰੇਲੂ ਝਗੜੇ, ਜਾਇਦਾਦ ਦੇ ਝਗੜਿਆਂ, ਚੈੱਕ ਬਾਊਂਸ ਦੇ ਕੇਸ, ਮਜ਼ਦੂਰੀ ਸਬੰਧੀ ਮਾਮਲੇ, ਕ੍ਰਿਮੀਨਲ ਕੰਪਾਊਂਡੇਬਲ ਕੇਸ, ਵੱਖ-ਵੱਖ ਐਫ.ਆਈ.ਆਰਜ਼ ਦੀਆਂ ਕੈਂਸਲੇਸ਼ਨ/ਅਣਟ੍ਰੇਸਡ ਰਿਪੋਰਟਾਂ ਆਦਿ ਨਾਲ ਸਬੰਧਤ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਾਮਲਿਆਂ 'ਤੇ ਸੁਣਵਾਈ ਕੀਤੀ ਗਈ। ਇਸ ਮੌਕੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ ਮੈਂਬਰ ਸਕੱਤਰ ਮਨਜਿੰਦਰ ਸਿੰਘ ਅਤੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਮਿਸ ਸਮ੍ਰਿਤੀ ਧੀਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਦਾ ਮੁੱਖ ਮੰਤਵ ਆਪਸੀ ਸਮਝੌਤੇ ਰਾਹੀਂ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਹੈ। ਲੋਕਾਂ ਨੂੰ ਵਿਕਲਪੀ ਝਗੜਾ ਨਿਵਾਰਣ ਕੇਂਦਰਾਂ ਰਾਹੀਂ ਝਗੜਿਆਂ ਦਾ ਨਿਪਟਾਰਾ ਕਰਵਾਉਣਾ ਚਾਹੀਦਾ ਹੈ ਕਿਉਂ ਜੋ ਇਸ ਨਾਲ ਲੋਕਾਂ ਦੇ ਕੀਮਤੀ ਸਮੇਂ ਅਤੇ ਪੈਸੇ ਦੀ ਬੱਚਤ ਹੁੰਦੀ ਹੈ। ਮੈਂਬਰ ਸਕੱਤਰ ਨੇ ਅੱਗੇ ਦੱਸਿਆ ਕਿ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਲੋਕਾਂ ਦੇ ਫੈਸਲੇ ਕਰਵਾਉਣ ਲਈ ਵਚਨਬੱਧ ਹੈ।

# 5 ਕਿਲੋਮੀਟਰ ਲੰਬੀ ਵਾਕਾਥੋਨ 'ਜ਼ਿੰਦਗੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਦਾ ਆਯੋਜਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਕਜੁੱਟ ਕਰਨ ਦੀਆਂ ਗਤੀਵਿਧੀਆਂ ਤਹਿਤ ਅੱਜ 5 ਕਿਲੋਮੀਟਰ ਲੰਬੀ ਵਾਕਾਥੋਨ 'ਜ਼ਿੰਦਗੀ ਨੂੰ ਹਾਂ, ਨਸ਼ਿਆਂ ਨੂੰ ਨਾਂਹ' ਦਾ ਆਯੋਜਨ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਸ ਵੱਲੋਂ ਪੁਲਸ ਲਾਈਨ ਹੁਸ਼ਿਆਰਪੁਰ ਤੋਂ ਸ਼ੁਰੂ ਕੀਤਾ ਗਿਆ ਇਹ ਮਾਰਚ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ 'ਚੋਂ ਹੁੰਦਾ ਹੋਇਆ ਮੁੜ ਪੁਲਸ ਲਾਈਨ ਵਿਖੇ ਸਮਾਪਤ ਹੋਇਆ। ਇਸ ਵਾਕਾਥੋਨ ਵਿਚ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ, ਵਿਧਾਇਕ ਸ਼ਾਮਚੁਰਾਸੀ ਡਾ. ਰਵਜੋਤ ਸਿੰਘ, ਡਿਪਟੀ ਕਮਿਸ਼ਨਰ ਕੋਮਲ ਮਿੱਤਲ, ਐਸ.ਐਸ.ਪੀ ਸੁਰੇਂਦਰ ਲਾਂਬਾ ਦੀ ਅਗਵਾਈ ਵਿਚ ਵਿਦਿਆਰਥੀਆਂ, ਖਿਡਾਰੀਆਂ, ਯੂਥ ਕਲੱਬਾਂ ਦੇ ਮੈਂਬਰਾਂ, ਸਮਾਜ ਸੇਵੀਆਂ ਅਤੇ ਪੁਲਸ ਟ੍ਰੇਨਿੰਗ ਸੈਂਟਰ ਦੇ ਸਿਖਿਆਰਥੀਆਂ ਸਮੇਤ ਹਜ਼ਾਰਾਂ ਹੁਸ਼ਿਆਰਪੁਰ ਵਾਸੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਵਾਕਾਥੋਨ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਹੱਥਾਂ ਵਿਚ ਨਸ਼ਾ ਵਿਰੋਧੀ ਜਾਗਰੂਕਤਾ ਪਲੇਕਾਰਡ ਫੜ ਕੇ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਈ। ਇਸ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਨਸ਼ਿਆਂ ਵਿਰੁੱਧ ਸਕਿੱਟ, ਡਾਂਸ, ਕਵਿਤਾ ਅਤੇ ਹੋਰ ਪ੍ਰੋਗਰਾਮ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਮੁੱਖ ਮਹਿਮਾਨ ਵੱਲੋਂ ਸਨਮਾਨਤ ਵੀ ਕੀਤਾ ਗਿਆ। ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਦੇ ਆਪਣੇ ਸੰਕਲਪ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਤੋਂ ਜ਼ਿਲ੍ਹਾ ਪੱਧਰ ਤੱਕ ਨਸ਼ਿਆਂ ਦੇ ਖਾਤਮੇ ਦਾ ਬਿਗਲ ਵਜਾ ਦਿੱਤਾ ਹੈ ਅਤੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਇਸ ਜੰਗ ਵਿੱਚ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਸਮੂਹ ਅਧਿਕਾਰੀ ਅਤੇ ਕਰਮਚਾਰੀ ਦਿਨ- ਰਾਤ ਇਕ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਆਸ ਹੈ ਕਿ ਅਸੀਂ ਮਿਲ ਕੇ ਮੁੱਖ ਮੰਤਰੀ ਦੇ 'ਰੰਗਲੇ ਪੰਜਾਬ' ਦੇ ਸੁਪਨੇ ਨੂੰ ਜਲਦੀ ਸਾਕਾਰ ਕਰਾਂਗੇ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੀ ਮੁਕੰਮਲ ਰੋਕਥਾਮ ਲਈ ਜ਼ਿਲ੍ਹਾ ਵਾਸੀਆਂ ਨੂੰ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ੍ਹਾਂ ਵਿਅਕਤੀਆਂ ਦੇ ਇਲਾਜ ਉਪਰੰਤ ਮੁੜ ਵਸੇਬੇ ਲਈ ਵੀ ਵੱਖ-ਵੱਖ ਸਕੀਮਾਂ 'ਤੇ ਕੰਮ ਕੀਤਾ ਜਾ ਰਿਹਾ ਹੈ ਤਾਂ ਜੋ ਸਿਹਤਯਾਬ ਹੋਣ ਉਪਰੰਤ ਇਨ੍ਹਾਂ ਨੂੰ ਮੁੱਖ ਧਾਰਾ ਨਾਲ ਜੋੜਿਆ ਜਾ ਸਕੇ। ਐਸ.ਐਸ.ਪੀ ਸੁਰਿੰਦਰ ਲਾਂਬਾ ਨੇ ਕਿਹਾ ਕਿ ਹੁਸ਼ਿਆਰਪੁਰ ਪੁਲਸ ਨਸ਼ੇ ਦੇ ਮੁਕੰਮਲ ਖਾਤਮੇ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਦੀ ਇਸ ਮੁਹਿੰਮ ਵਿਚ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ ਅਤੇ ਉਨ੍ਹਾਂ ਜ਼ਿਲ੍ਹੇ ਦੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਨਸ਼ਿਆਂ ਦੇ ਕਾਰੋਬਾਰ ਬਾਰੇ ਪੁਲਸ ਨੂੰ ਸੂਚਨਾ ਦੇਣ ਵਾਲੇ ਵਿਅਕਤੀਆਂ ਦੇ ਨਾਂ ਗੁਪਤ ਰੱਖੇ ਜਾਣਗੇ ਅਤੇ ਇਸ ਵਿਚ ਸ਼ਾਮਲ ਵਿਅਕਤੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਜ਼ਿਲ੍ਹਾ ਯੋਜਨਾ ਕਮੇਟੀ ਦੀ ਚੇਅਰਪਰਸਨ ਕਰਮਜੀਤ ਕੌਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ, ਆਮ ਆਦਮੀ ਪਾਰਟੀ ਦੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਸਿੰਘ ਪਾਬਲਾ, ਐਸ.ਪੀ ਮਨਜੀਤ ਕੌਰ, ਐਸ.ਪੀ ਸਰਬਜੀਤ ਸਿੰਘ ਬਾਹੀਆ, ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਸਿਵਲ ਸਰਜਨ ਡਾ: ਬਲਵਿੰਦਰ ਕੁਮਾਰ ਡਮਾਣਾ, ਐਸ.ਐਮ.ਓ. ਡਾ. ਸਵਾਤੀ, ਡੀ.ਐਸ.ਪੀ ਪਲਵਿੰਦਰ ਸਿੰਘ, ਸਹਾਇਕ ਡਾਇਰੈਕਟ ਯੁਵਕ ਸੇਵਾਵਾਂ ਪ੍ਰੀਤ ਕੋਹਲੀ, ਰਾਜੇਸ਼ਵਰ ਦਿਆਲ ਬੱਬੀ, ਵਰਿੰਦਰ ਸ਼ਰਮਾ ਬਿੰਦੂ, ਐਡਵੋਕੇਟ ਅਮਰਜੋਤ ਸੈਣੀ, ਕੌਂਸਲਰ ਜਸਪਾਲ ਸਿੰਘ ਚੇਚੀ, ਮੁਖੀ ਰਾਮ, ਪ੍ਰਦੀਪ ਬਿੱਟੂ, ਮੀਨਾ ਸ਼ਰਮਾ, ਵਰਿੰਦਰ ਵੈਦ, ਸੁਮੇਸ ਸੋਨੀ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

## ਪੰਜਾਬ ਸਕੂਲ ਸਿੱਖਿਆ ਬੋਰਡ ਨੇ ਅੰਤਰਰਾਸ਼ਟਰੀ ਪੰਜਾਬੀ ਭਾਸ਼ਾ ਓਲੰਪਿਆਡ ਕਰਵਾਈ

**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਸਕੂਲ ਸਿੱਖਿਆ ਬੋਰਡ ਨੇ ਸਨਿੱਚਰਵਾਰ ਨੂੰ ਅੰਤਰਰਾਸ਼ਟਰੀ ਪੰਜਾਬੀ ਭਾਸ਼ਾ ਓਲੰਪਿਆਡ ਦਾ ਸਫਲਤਾਪੂਰਵਕ ਆਯੋਜਨ ਕੀਤਾ ਅਤੇ 10 ਦਸੰਬਰ ਨੂੰ ਵਿਦੇਸ਼ੀ ਉਮੀਦਵਾਰਾਂ ਲਈ ਟੈਸਟ ਲਿਆ ਜਾ ਰਿਹਾ ਹੈ। ਪੰਜਾਬ , ਦੇਸ਼ ਦੇ ਹੋਰ ਹਿੱਸਿਆਂ ਅਤੇ ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਕੀਨੀਆ ਸਮੇਤ ਵੱਖ-ਵੱਖ ਦੇਸ਼ਾਂ ਤੋਂ ਲਗਭਗ 25,000 ਉਮੀਦਵਾਰ ਇਸ ਪ੍ਰੀਖਿਆ ਵਿੱਚ ਅਪੀਅਰ ਹੋਏ। ਜ਼ਿਕਰਯੋਗ ਹੈ ਕਿ ਕਿਸੇ ਸਕੂਲ ਬੋਰਡ ਵੱਲੋਂ ਦੇਸ਼ ਵਿੱਚ ਕਿਸੇ ਖੇਤਰੀ ਭਾਸ਼ਾ ਵਿੱਚ ਓਲੰਪਿਆਡ ਕਰਵਾਉਣ ਦਾ ਇਹ ਪਹਿਲਾ ਉਪਰਾਲਾ ਹੈ। ਪੰਜਾਬੀ ਭਾਸ਼ਾ ਨਾ ਸਿਰਫ ਪੰਜਾਬ ਰਾਜ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਬੋਲੀ ਜਾਂਦੀ ਹੈ, ਸਗੋਂ ਵਿਦੇਸ਼ੀ ਪ੍ਰਵਾਸੀਆਂ ਵਿੱਚ, ਖਾਸ ਕਰਕੇ ਕੈਨੇਡਾ, ਸੰਯੁਕਤ ਰਾਜ ਅਮਰੀਕਾ ਅਤੇ ਯੂਨਾਈਟਿਡ ਕਿੰਗਡਮ ਵਿੱਚ ਵੀ ਬੋਲੀ ਜਾਂਦੀ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਨੇ ਪੰਜਾਬੀ ਭਾਸ਼ਾ ਵਿੱਚ ਓਲੰਪਿਆਡ ਕਰਵਾਉਣ ਦੀ ਇਹ ਵਿਲੱਖਣ ਪਹਿਲ ਕੀਤੀ ਹੈ ਤਾਂ ਜੋ ਭਾਰਤ ਅਤੇ ਦੁਨੀਆ ਦੇ ਹੋਰ ਹਿੱਸਿਆਂ ਵਿੱਚ ਰਹਿੰਦੀ ਨੌਜਵਾਨ ਪੀੜ੍ਹੀ ਵਿੱਚ ਭਾਸ਼ਾ ਨੂੰ ਸਾਂਭਿਆ ਅਤੇ ਪ੍ਰਫੁੱਲਤ ਕੀਤਾ ਜਾ ਸਕੇ। ਇਹ ਟੈਸਟ 13 ਤੋਂ 17 ਸਾਲ ਦੀ ਉਮਰ ਦੇ ਕਿਸੇ ਵੀ ਵਿਅਕਤੀ ਲਈ ਖੁੱਲ੍ਹਾ ਸੀ। ਇਹ ਟੈਸਟ ਕਰਵਾਉਣ ਦੀ ਪੂਰੀ ਪ੍ਰਕਿਰਿਆ ਰਜਿਸਟ੍ਰੇਸ਼ਨ ਤੋਂ ਲੈ ਕੇ ਸਰਟੀਫਿਕੇਟ ਬਣਾਉਣ ਤੱਕ ਆਨਲਾਈਨ ਸੀ। ਮਾਹਿਰਾਂ ਦੀ ਮਦਦ ਨਾਲ ਵਿਸ਼ੇਸ਼ ਮਿਆਰੀ ਅਧਿਐਨ ਸਮੱਗਰੀ ਤਿਆਰ ਕੀਤੀ ਗਈ ਸੀ ਜੋ ਇਸ ਟੈਸਟ ਲਈ ਰਜਿਸਟਰ ਕਰਨ ਵਾਲੇ ਉਮੀਦਵਾਰਾਂ ਨੂੰ ਮੁਹੱਈਆ ਕਰਵਾਈ ਗਈ। ਇਸ ਟੈਸਟ ਲਈ ਸਾਰੇ ਰਜਿਸਟਰਡ ਉਮੀਦਵਾਰਾਂ ਲਈ ਮੌਕ ਟੈਸਟ ਦੀ ਸਹੂਲਤ ਵੀ ਉਪਲਬਧ ਕਰਵਾਈ ਗਈ ਸੀ। ਉਮੀਦਵਾਰਾਂ ਦੀ ਮਦਦ ਲਈ, ਉਹਨਾਂ ਦੇ ਸਵਾਲਾਂ ਦੇ ਹੱਲ ਲਈ ਅਤੇ ਕਿਸੇ ਵੀ ਸਮੱਸਿਆ ਦੇ ਹੱਲ ਲਈ ਵਿਸੇਸ ਹੈਲਪ ਲਾਈਨ ਦੀ ਸੁਵਿਧਾ ਦਿੱਤੀ ਗਈ ਸੀ। ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਇਹ ਟੈਸਟ ਦੁਨੀਆ ਦੇ ਵੱਖ-ਵੱਖ ਹਿੱਸਿਆਂ ਦੇ ਸਮਾਂ ਖੇਤਰਾਂ ਦੇ ਅਨੁਸਾਰ ਆਯੋਜਿਤ ਕੀਤਾ ਗਿਆ ਸੀ। ਪੰਜਾਬ ਬੋਰਡ ਦੇ ਚੇਅਰਪਰਸਨ ਡਾ: ਸਤਬੀਰ ਬੇਦੀ ਅਤੇ ਬੋਰਡ ਦੇ ਹੋਰ ਅਧਿਕਾਰੀਆਂ ਵੱਲੋਂ ਦੱਸਿਆ ਗਿਆ ਕਿ ਇਸ ਟੈਸਟ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਉਤਸ਼ਾਹ ਸੀ ਅਤੇ ਦੇਸ਼-ਵਿਦੇਸ਼ ਵਿੱਚ ਬਹੁਤ ਸਾਰੇ ਲੋਕਾਂ ਅਤੇ ਸੰਸਥਾਵਾਂ ਨੇ ਇਸ ਨਿਵੇਕਲੇ ਉਪਰਾਲੇ ਦੀ ਸਲਾਘਾ ਕੀਤੀ ਹੈ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਅਪੀਲ ਕੀਤੀ ਹੈ ਕਿ ਇਸ ਨੂੰ ਬੋਰਡ ਦੀਆਂ ਗਤੀਵਿਧੀਆਂ ਦਾ ਨਿਯਮਿਤ ਹਿੱਸਾ ਬਣਾਇਆ ਜਾਵੇ।

## ਬਾਦਲ ਦਾ ਜਨਮ ਦਿਨ ਸਦਭਾਵਨਾ ਦਿਵਸ ਦੇ ਤੌਰ 'ਤੇ ਮਨਾਇਆ



**ਨਵਾਂਸ਼ਹਿਰ (ਮਨੋਜ ਲਾਡੀ )** ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਨ ਨੂੰ ਸਮਰਪਤ ਗੁਰਦੁਆਰਾ ਮੰਜੀ ਸਾਹਿਬ ਨਵਾਂਸ਼ਹਿਰ ਵਿਖੇ ਖੂਨਦਾਨ ਕੈਂਪ ਲਗਾਇਆ ਗਿਆ। ਇਸ ਮੌਕੇ ਨੌਜਵਾਨਾਂ ਵਿਚ ਕਾਫ਼ੀ ਉਤਸ਼ਾਹ ਪਾਇਆ ਗਿਆ ਤੇ ਵੱਧ ਚੜ੍ਹ ਕੇ ਖੂਨਦਾਨ ਕੀਤਾ। ਇਸ ਮੌਕੇ 97 ਖੂਨ ਦਾਨੀਆਂ ਨੇ ਖੂਨ ਦਾਨ ਕੀਤਾ। ਪ੍ਰਕਾਸ਼ ਸਿੰਘ ਬਾਦਲ ਵਲੋਂ ਪੰਥ ਪੰਜਾਬ ਪੰਜਾਬੀਅਤ ਅਤੇ ਪੰਜਾਬ ਵਿੱਚ ਅਮਨ ਸ਼ਾਂਤੀ ਅਤੇ ਭਾਈ ਚਾਰਕ ਸਾਂਝ ਲਈ ਉਨ੍ਹਾਂ ਵਲੋਂ ਪਾਏ ਯੋਗਦਾਨ ਨੂੰ ਸਮਰਪਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੀ ਯਾਦ ਵਿੱਚ ਜ਼ਿਲ੍ਹਾ ਜਥੇਬੰਦੀ ਵਲੋਂ ਜ਼ਿਲੇ ਦੇ ਸਮੂਹ ਵਰਕਰਾਂ ਅਤੇ ਅਹੁਦੇਦਾਰਾਂ ਨੇ ਇਕੱਠੇ ਹੋ ਕੇ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਅਤੇ ਪੰਥ ਦੀ ਚੜ੍ਹਦੀ ਕਲਾ ਪੰਜਾਬ ਵਿੱਚ ਭਾਈਚਾਰਕ ਸਾਂਝ, ਏਕਤਾ ਅਤੇ ਅਖੰਡਤਾ ਲਈ ਅਰਦਾਸ ਕੀਤੀ। ਇਸ ਮੌਕੇ ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਸੰਸਦ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਦੀ ਹਾਜ਼ਰੀ ਵਿੱਚ ਇਸ ਖੂਨਦਾਨ ਕੈਂਪ ਦੀ ਅਰੰਭਤਾ ਕੀਤੀ ਗਈ। ਖੂਨਦਾਨ ਕੈਂਪ ਵਿੱਚ ਜਥੇਦਾਰ ਸੁਖਦੀਪ ਸਿੰਘ ਸ਼ੁਕਾਰ, ਜਥੇਦਾਰ ਗੁਰਬਖ਼ਸ਼ ਸਿੰਘ ਖਾਲਸਾ ਨੇ ਵੀ ਖੂਨਦਾਨ ਕਰਕੇ ਸਦਭਾਵਨਾ ਦਿਵਸ ਨੂੰ ਸਮਰਪਤ ਆਪਣਾ ਯੋਗਦਾਰ ਪਾਇਆ। ਇਹ ਕੈਂਪ ਸੁਖਦੀਪ ਸਿੰਘ ਸ਼ੁਕਾਰ ਜਿਲ੍ਹਾ ਜਥੇਦਾਰ, ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੀ ਰਾਹਨੁਮਾਈ ਹੇਠ ਸੁਖਮਨੀ ਸਾਹਿਬ ਦੇ ਭੋਗ ਪਾਉਣ ਉਪਰੰਤ ਲਗਾਇਆ ਗਿਆ। ਇਸ ਮੌਕੇ ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਸੰਸਦ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਪ੍ਰਵੀਨ ਬੰਗਾ, ਸਤਨਾਮ ਸਿੰਘ ਲਾਦੀਆ, ਕੁਲਵਿੰਦਰ ਸਿੰਘ ਢਾਹਾਂ,ਸੋਹਣ ਲਾਲ ਢਾਡਾ ਜ਼ਿਲ੍ਹਾ ਪ੍ਰਧਾਨ ਵਿੰਗ, ਹਰਬੰਸ ਸਿੰਘ ਅੜਿੱਕਾ, ਮੰਗਲ ਸਿੰਘ, ਬਲਦੇਵ ਕ੍ਰਿਸ਼ਨ ਨੌਰਾ, ਸੁਰਜੀਤ ਸਿੰਘ ਮਾਂਗਟ, ਜਰਨੈਲ ਸਿੰਘ ਖਾਲਸਾ, ਜਸਵਿੰਦਰ ਸਿੰਘ, ਹਿੰਮਤ ਕੁਮਾਰ ਬੌਬੀ, ਸ਼ੰਕਰ ਦੁੱਗਲ, ਪਰਮ ਸਿੰਘ ਖਾਲਸਾ, ਦਿਨੇਸ਼ ਕੁਮਾਰ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ, ਰਮਨਦੀਪ ਸਿੰਘ ਥਿਆੜਾ ਯੂਥ ਆਗੂ, ਤਿਰਲੋਕ ਸਿੰਘ, ਰੇਵਲ ਸਿੰਘ, ਸੁਖਵਿੰਦਰ ਸਿੰਘ, ਜਤਿੰਦਰ ਸਿੰਘ, ਛਿੰਦਾ ਸਿੰਘ, ਦੀਪ ਸਿੰਘ, ਮਨਜੀਤ ਕੌਰ ਮੰਜੂ, ਰੂਬੀ, ਸਚਿਨ ਕੁਮਾਰ, ਸੁਖਵਿੰਦਰ ਮਿੰਟੂ, ਤਰਨਜੀਤ ਸਿੰਘ ਥਾਦੀ, ਮਲਵਿੰਦਰ ਸਿੰਘ ਮਹਾਲੋਂ, ਅਮਰੀਕ ਸਿੰਘ ਕੰਗ, ਦੁੱਮਣ ਸਿੰਘ ਆਦਿ ਵਰਕਰ ਅਤੇ ਆਗੂਆਂ ਨੇ ਸ਼ਮੂਲੀਅਤ ਕੀਤੀ।

# ਮਾਈਨਰ 'ਚ ਪਿਆ ਪਾੜ, 25 ਏਕੜ ਫ਼ਸਲ ਪਾਣੀ 'ਚ ਡੁੱਬੀ



**ਫ਼ਾਜ਼ਿਲਕਾ (ਕ੍ਰਿਸ਼ਨ ਸਿੰਘ)**

ਪਿੰਡ ਗਗਨਕੇ ਨੇੜੇ ਮੌਜਮ ਮਾਈਨਰ ਵਿੱਚ ਪਾੜ ਪੈਣ ਕਾਰਨ ਕਰੀਬ 25 ਏਕੜ ਫ਼ਸਲ ਪਾਣੀ ਵਿੱਚ ਡੁੱਬ ਗਈ। ਪਿੰਡ ਵਾਸੀਆਂ ਵੱਲੋਂ ਨਹਿਰੀ ਵਿਭਾਗ ਨੂੰ ਸੂਚਿਤ ਕਰਨ ਤੋਂ ਬਾਅਦ ਵਿਭਾਗ ਵੱਲੋਂ ਮੌਕੇ 'ਤੇ ਜੇਸੀਬੀ ਮਸ਼ੀਨ ਭੇਜ ਕੇ ਪਾੜ ਨੂੰ ਭਰਿਆ ਗਿਆ।

ਕਿਸਾਨ ਸੰਦੀਪ ਸਿੰਘ ਨੇ ਦੱਸਿਆ ਕਿ ਬੀਤੇ ਦਿਨ ਨਹਿਰੀ ਵਿਭਾਗ ਵੱਲੋਂ ਇਸ ਮਾਈਨਰ ਵਿੱਚ ਪਾਣੀ ਛੱਡਿਆ ਗਿਆ ਸੀ, ਜਿਸ ਤੋਂ ਬਾਅਦ ਵੀਰਵਾਰ ਤੇ ਸ਼ੁੱਕਰਵਾਰ ਦੀ ਦਰਮਿਆਨੀ ਰਾਤ ਨੂੰ ਇਸ ਮਾਈਨਰ ਵਿੱਚ ਅਚਾਨਕ ਪਾੜ ਪੈ ਗਿਆ, ਜਿਸ ਕਾਰਨ ਉਸ ਦੀ ਕਰੀਬ ਇੱਕ ਏਕੜ ਫ਼ਸਲ ਬਰਬਾਦ ਹੋ ਗਈ। ਇਸ ਤੋਂ ਇਲਾਵਾ ਨੇੜਲੇ ਕਿਸਾਨਾਂ ਦੀ ਕਰੀਬ 25 ਏਕੜ ਫ਼ਸਲ ਤਬਾਹ ਹੋ ਗਈ।

ਉਨ੍ਹਾਂ ਦੱਸਿਆ ਕਿ ਨਹਿਰ ਵਿੱਚ ਪਾੜ ਪੈਣ ਕਾਰਨ ਕਰੀਬ 20 ਏਕੜ ਕਣਕ ਦੀ ਫ਼ਸਲ ਤਬਾਹ ਹੋ ਗਈ, ਜਿਸ ਦੀ ਬਿਜਾਈ ਕੁਝ ਦਿਨ ਪਹਿਲਾਂ ਹੀ ਕਿਸਾਨਾਂ ਨੇ ਕੀਤੀ ਸੀ। ਇਸ ਤੋਂ ਇਲਾਵਾ ਬਾਕੀ ਚਾਰੇ ਦੀ ਫ਼ਸਲ ਵੀ ਪਾਣੀ ਵਿਚ ਡੁੱਬ ਗਈ ਹੈ। ਉਨ੍ਹਾਂ ਦੱਸਿਆ ਕਿ ਇੱਥੇ ਬਹੁਤ ਸਾਰੇ ਛੋਟੇ ਕਿਸਾਨ ਹਨ, ਜਿਨ੍ਹਾਂ ਕੋਲ ਇੱਕ ਜਾਂ ਦੋ ਏਕੜ ਜ਼ਮੀਨ ਹੈ, ਜਿਸ 'ਤੇ ਉਹ ਖੇਤੀ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਨਹਿਰੀ ਵਿਭਾਗ ਵੱਲੋਂ ਇਸ ਮਾਈਨਰ ਦੀ ਸਹੀ ਢੰਗ ਨਾਲ ਮੁਰੰਮਤ ਨਹੀਂ ਕੀਤੀ ਜਾਂਦੀ, ਜਿਸ ਕਾਰਨ ਹਰ ਸੀਜ਼ਨ ਵਿੱਚ ਇਸ ਖੱਡ ਵਿੱਚ ਪਾੜ ਪੈਣ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਅਕਸਰ ਬਰਬਾਦ ਹੋ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਨਹਿਰੀ ਵਿਭਾਗ ਵੱਲੋਂ ਇਸ ਮਾਈਨਰ ਦੀ ਸਹੀ ਢੰਗ ਨਾਲ ਸਫਾਈ ਨਾ ਕੀਤੇ ਜਾਣ ਕਾਰਨ ਨਹਿਰ ਵਿੱਚ ਪਾੜ ਪੈ ਗਿਆ ਹੈ।

# ਐੱਚ ਪੀ ਸੀ ਐੱਲ 'ਚ ਕਰਾਈ ਬੰਬ ਡਿਜ਼ਾਸਟਰ ਮੌਕ ਡਰਿੱਲ



**ਬਠਿੰਡਾ (ਪਰਵਿੰਦਰਜੀਤ ਸਿੰਘ)**

ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮ: ਦੀ ਰਾਮਾਮੰਡੀ-ਰਿਵਾੜੀ ਕਾਨਪੁਰ ਪਾਈਪ ਲਾਈਨ ਦੇ ਅਧਿਕਾਰੀਆਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਸੀਨੀਅਰ ਪੁਲਸ ਕਪਤਾਨ ਸ੍ਰੀ ਹਰਮਨਬੀਰ ਸਿੰਘ (ਆਈ.ਪੀ.ਐੱਸ.) ਦੀ ਪ੍ਰਧਾਨਗੀ ਹੇਠ ਬੰਬ ਡਿਜ਼ਾਸਟਰ ਡਰਿੱਲ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫ਼ੋਂ ਸ੍ਰੀ ਰਵਿੰਦਰ ਕੁਮਾਰ ਏ.ਐਸ.ਆਈ ਪੁਲਸ (ਬੀ.ਡੀ.ਡੀ.ਟੀ. ਵਿਭਾਗ) ਤੇ ਉਨ੍ਹਾਂ ਦੀ 6 ਵਿਅਕਤੀਆਂ ਦੀ ਟੀਮ ਹਾਜ਼ਰ ਸੀ।

ਐਚ.ਪੀ.ਸੀ.ਐਲ ਦੇ ਡਿਪਟੀ ਜਨਰਲ ਮੈਨੇਜਰ ਸਟੇਸ਼ਨ ਇੰਚਾਰਜ ਸ੍ਰੀ ਅਜਯਪਾਲ ਸਰੋਹਾ ਨੇ ਕਿਹਾ ਕਿ ਇਹ ਪਾਈਪਲਾਈਨ ਰਾਸ਼ਟਰੀ ਸੰਪੱਤੀ ਹੈ ਅਤੇ ਇਸ ਦੀ ਸੁਰੱਖਿਆ ਲਈ ਜ਼ਿਲ੍ਹਾ ਪੱਧਰ 'ਤੇ ਅਜਿਹੇ ਅਭਿਆਸ ਕਰਾਏ ਜਾਂਦੇ ਹਨ। ਪੁਲਿਸ ਇੰਸਪੈਕਟਰ ਸ੍ਰੀ ਰਵਿੰਦਰ ਕੁਮਾਰ (ਬੀ.ਡੀ.ਡੀ.ਟੀ. ਵਿਭਾਗ) ਨੇ ਇਸ ਡਰਿੱਲ ਦਾ ਨਿਰੀਖਣ ਕੀਤਾ ਤੇ ਅਧਿਕਾਰੀਆਂ ਨਾਲ ਅਹਿਮ ਨੁਕਤਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਪਾਈਪਲਾਈਨ ਦੀ ਸੁਰੱਖਿਆ ਲਈ ਐਚ.ਪੀ.ਸੀ.ਐਲ ਵੱਲੋਂ ਕੀਤੇ ਜਾ ਰਹੇ ਲਗਾਤਾਰ ਕੰਮਾਂ ਦੀ ਸਲਾਘਾ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਇਸ ਦੀ ਸੁਰੱਖਿਆ ਵਿੱਚ ਪ੍ਰਸ਼ਾਸਨ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਪੁਲਿਸ ਇੰਸਪੈਕਟਰ ਸ੍ਰੀ ਸੰਤੋਖ ਲਾਲ (ਬੀ.ਡੀ.ਡੀ.ਟੀ. ਵਿਭਾਗ) ਨੇ ਡਰਿੱਲ ਦਾ ਨਿਰੀਖਣ ਕੀਤਾ ਅਤੇ ਅਧਿਕਾਰੀਆਂ ਨਾਲ ਅਹਿਮ ਨੁਕਤਿਆਂ 'ਤੇ ਚਰਚਾ ਕੀਤੀ ਅਤੇ ਐਚ.ਪੀ.ਸੀ.ਐਲ ਵੱਲੋਂ ਪਾਈਪ ਲਾਈਨ ਦੀ ਸੁਰੱਖਿਆ ਲਈ ਕੀਤੇ ਜਾ ਰਹੇ ਨਿਰੰਤਰ ਕਾਰਜਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਇਸ ਦੀ ਸੁਰੱਖਿਆ ਵਿੱਚ ਪ੍ਰਸ਼ਾਸਨ ਵੱਲੋਂ ਪੂਰਾ ਸਹਿਯੋਗ ਦਿੱਤਾ ਜਾਵੇਗਾ। ਸੀਨੀਅਰ ਮੈਨੇਜਰ ਸ੍ਰੀ ਸਿਧਾਰਥ ਦੂਆ ਨੇ ਐਚ.ਪੀ.ਸੀ.ਐਲ ਵੱਲੋਂ ਜ਼ਿਲ੍ਹੇ ਵਿੱਚ ਸੀ.ਐਸ.ਆਰ ਪ੍ਰੋਜੈਕਟ ਤਹਿਤ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮ: ਦੇ ਟੋਲ ਫਰੀ ਨੰਬਰ 1800-180-1276 ਬਾਰੇ ਜਾਣਕਾਰੀ ਦਿੱਤੀ।

# ਕਲੈਰੀਕਲ ਸਟਾਫ਼ ਦੇ ਸੰਘਰਸ਼ ਦੀ ਹਮਾਇਤ 'ਚ ਸ਼ਾਮਲ ਹੋਏ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੇ ਆਗੂ

**ਮੋਗਾ (ਅਮਰਜੀਤ ਬੱਬਰੀ)**



ਮਨਿਸਟਰੀਅਲ ਸਟਾਫ਼ ਦੀ ਕਲਮ ਛੋੜ ਹੜਤਾਲ ਨੂੰ ਲਗਪਗ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਜੋ ਅੜੀਅਲ ਰਵਈਆ ਅਪਨਾਇਆ ਹੋਇਆ ਹੈ, ਉਸ ਖਿਲਾਫ਼ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਦੇ ਆਗੂ ਵੱਡੀ ਗਿਣਤੀ ਵਿੱਚ ਧਰਨੇ 'ਤੇ ਪਹੁੰਚੇ, ਜਿਨ੍ਹਾਂ ਵਿੱਚ ਮੁਲਾਜ਼ਮ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੂਬਾ ਕਨਵੀਨਰ ਭਜਨ ਸਿੰਘ ਗਿੱਲ, ਸੂਬਾ ਕਮੇਟੀ ਮੈਂਬਰ ਸੁਰਿੰਦਰ ਰਾਮ ਕੁੱਸਾ, ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਲੈਕ: ਸੁਖਮੰਦਰ ਸਿੰਘ, ਜਨਰਲ ਸਕੱਤਰ ਸਰਬਜੀਤ ਸਿੰਘ ਦਾਉਧਰ, ਵਿੱਤ ਸਕੱਤਰ ਪ੍ਰੇਮ ਕੁਮਾਰ, ਸੀਨੀ : ਮੀਤ ਪ੍ਰਧਾਨ ਚਮਕੌਰ ਸਿੰਘ ਸਰਾਂ, ਸੁਰਿੰਦਰ ਪਾਲ ਸਿੰਘ ਵਰਕਿੰਗ ਪ੍ਰਧਾਨ ਬਾਘਾ ਪੁਰਾਣਾ, ਮੋਗਾ 2 ਦੇ ਪ੍ਰਧਾਨ ਬਲਬੀਰ ਸਿੰਘ, ਗੁਰਜੰਟ ਸਿੰਘ, ਇੰਦਰਜੀਤ ਸਿੰਘ ਮੋਗਾ ਅਤੇ ਜਗਜੀਤ ਸਿੰਘ, ਮਾਸਟਰ ਸੁਖਦੇਵ ਸਿੰਘ ਸ਼ਾਮਲ ਹੋਏ।ਪ ਸ ਸ ਫ ਰਾਣਾ ਵੱਲੋਂ ਰਾਜਿੰਦਰ ਸਿੰਘ ਰਿਆੜ, ਸਤਿਅਮ ਪ੍ਰਕਾਸ਼, ਗੁਰਨੈਬ ਸਿੰਘ ਗਿੱਲ, ਦਾਤਾਰ ਸਿੰਘ ਸਮੇਤ ਹਰਜੰਟ ਸਿੰਘ ਬੋਡੇ ਅਧਿਆਪਕ ਦਲ ਵੱਲੋਂ ਇਸ ਧਰਨੇ ਵਿੱਚ ਸ਼ਾਮਲ ਸਨ।ਪੰਜਾਬ ਸਰਕਾਰ ਦੁਆਰਾ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ ਨੂੰ ਕੇਂਦਰ ਸਰਕਾਰ ਨਾਲੋਂ ਡੀ ਲਿੰਕ ਕਰਨ ਕਰਕੇ ਡੀ.ਏ ਦੀਆ ਤਿੰਨ ਕਿਸ਼ਤਾਂ ਦੀ ਮੰਗ, ਪੁਰਾਣੀ ਪੈਨਸ਼ਨ ਬਹਾਲ ਕਰਨ ਤੇ ਲਾਰਾ ਲੱਪਾ ਅਤੇ ਟਰਕਾਊ ਨੀਤੀ, ਮੁਲਾਜ਼ਮਾਂ ਦਾ ਸਾਢੇ ਪੰਜ ਸਾਲ ਦਾ ਬਕਾਇਆ ਅਤੇ ਪੈਨਸ਼ਨਰਾਂ ਤੇ ਛੇਵਾਂ ਪੇ ਕਮਿਸ਼ਨ ਲਾਗੂ ਕਰਨ ਵਰਗੀਆਂ ਮੰਗਾਂ ਬਾਰੇ ਸਰਕਾਰ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਦੀ ਮੀਟਿੰਗ 12 ਦਸੰਬਰ ਨੂੰ ਇੱਕ ਵਜੇ ਸੁਤੰਤਰਤਾ ਸੈਨਾਨੀ ਭਵਨ ਮੋਗਾ ਵਿਖੇ ਭਜਨ ਸਿੰਘ ਗਿੱਲ ਕਨਵੀਨਰ ਵੱਲੋਂ ਸੱਦੀ ਗਈ ਹੈ।

## ਕਾਤਰਾਂ

### ਇਸਤਰੀ ਅਕਾਲੀ ਦਲ ਵੱਲੋਂ ਕੀਤੀ ਜਾਵੇਗੀ ਵੱਡੀ ਕਾਨਫਰੰਸ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਵੱਲੋਂ ਮਾਘੀ ਦੇ ਮੇਲੇ ਦੌਰਾਨ ਸ੍ਰੀ ਮੁਕਤਸਰ ਸਾਹਿਬ ਵਿਖੇ 12 ਫਰਵਰੀ ਨੂੰ ਮਲੋਟ ਰੋਡ ਸ੍ਰੀ ਮੁਕਤਸਰ ਸਾਹਿਬ ਵਿਖੇ (ਅਕਾਲੀ ਦਲ ਵਾਲੀ ਕਾਨਫਰੰਸ ਵਾਲੀ ਥਾਂ 'ਤੇ) ਔਰਤਾਂ ਦੀ ਇੱਕ ਵੱਡੀ ਕਾਨਫਰੰਸ ਕੀਤੀ ਜਾ ਰਹੀ ਹੈ, ਜਿਸ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਔਰਤਾਂ ਪੁੱਜਣਗੀਆਂ। ਕਾਨਫਰੰਸ ਦੀ ਤਿਆਰੀ ਸਬੰਧੀ ਸ੍ਰੀ ਮੁਕਤਸਰ ਸਾਹਿਬ ਵਿਖੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਇਸਤਰੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਹਰਗੋਬਿੰਦ ਕੌਰ ਨੇ ਮੀਟਿੰਗ ਕੀਤੀ ਅਤੇ ਕਾਨਫਰੰਸ ਨੂੰ ਸਫ਼ਲ ਬਣਾਉਣ ਲਈ ਪ੍ਰੋਗਰਾਮ ਉਲੀਕਿਆ ਗਿਆ। ਦੋਵਾਂ ਆਗੂਆਂ ਨੇ ਦੱਸਿਆ ਕਿ ਮਾਘੀ ਦੇ ਮੇਲੇ ਦੌਰਾਨ ਪਹਿਲੀ ਵਾਰ ਮਾਈ ਭਾਗੋ ਨੂੰ ਸਮਰਪਤ ਔਰਤਾਂ ਦੀ ਕਾਨਫਰੰਸ ਹੋ ਰਹੀ ਹੈ, ਜੋ ਮੇਲੇ ਤੋਂ ਪਹਿਲਾਂ 12 ਫਰਵਰੀ ਨੂੰ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸਤਰੀ ਵਿੰਗ ਦੀਆਂ ਇਕਾਈਆਂ ਵੱਡੇ ਪੱਧਰ 'ਤੇ ਬਣਾਈਆਂ ਜਾ ਰਹੀਆਂ ਹਨ ਤੇ ਮੀਟਿੰਗਾਂ ਚੱਲ ਰਹੀਆਂ ਹਨ। ਔਰਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

### ਪੁਲਸ ਨੇ ਰੈਪਿਡ ਫੋਰਸ ਨਾਲ ਕੱਢਿਆ ਸ਼ਹਿਰ 'ਚ ਫਲੈਗ ਮਾਰਚ



**ਬਰੇਟਾ (ਰੀਤਵਾਲ)**-ਪੈਰਾਮਿਲਟਰੀ ਫੋਰਸਿਸ ਰਾਹੀਂ ਅਮਨ ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਣ ਲਈ ਸ਼ਹਿਰ 'ਚੋਂ ਫਲੈਗ ਮਾਰਚ ਕੱਢਿਆ ਗਿਆ। ਇਸ ਮੌਕੇ ਬੋਲਦਿਆਂ ਐਸ.ਐਚ.ਓ. ਬੂਟਾ ਸਿੰਘ ਨੇ ਦੱਸਿਆ ਕਿ ਬੀ194 ਬਟਾਲੀਅਨ ਦੇ ਡੀ.ਐਸ.ਪੀ. (ਆਰ.ਏ.ਐਫ਼) ਪ੍ਰਹਿਲਾਦ ਸਹਿ ਕਮਾਂਡੈਂਟ ਦੀ ਰਹਿਨੁਮਾਈ ਹੇਠ ਤੇ ਰੈਪਿਡ ਐਕਸ਼ਨ ਫੋਰਸ ਦੀ ਟੁਕੜੀ ਦੇ ਨਾਲ ਫਲੈਗ ਮਾਰਚ ਕੀਤਾ ਗਿਆ, ਜੋ 11 ਦਸੰਬਰ ਤੱਕ ਜ਼ਿਲ੍ਹੇ ਦੇ ਹਰ ਖੇਤਰ ਦੀ ਜਾਣਕਾਰੀ ਤੋਂ ਇਲਾਵਾ ਮਹੱਤਵਪੂਰਨ ਸਥਾਨ, ਧਾਰਮਿਕ ਸਥਾਨਾਂ ਦੀ ਵਿਸਥਾਰ ਜਾਣਕਾਰੀ ਹਾਸਲ ਕਰਨਗੇ ਤਾਂ ਜੁ ਲੋੜ ਪੈਣ 'ਤੇ ਰੈਪਿਡ ਫੋਰਸ ਮੌਕੇ 'ਤੇ ਸਥਿਤੀ ਨੂੰ ਸੰਭਾਲ ਸਕਣ। ਇਸ ਰੈਪਿਡ ਫੋਰਸ ਵਿੱਚ ਮਹਿਲਾ ਫੋਰਸ ਵੀ ਸ਼ਾਮਲ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਦੀ ਵਿਵਸਥਾ ਨੂੰ ਕਾਇਮ ਰੱਖਣ ਲਈ ਪੁਲਿਸ ਪੂਰੀ ਤਰ੍ਹਾਂ ਮੁਸਤੈਦ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਸ਼ੱਕੀ ਵਿਅਕਤੀ ਵਸਤੂਆਂ ਦੀ ਇਤਲਾਹ ਤੁਰੰਤ ਪੁਲਸ ਨੂੰ ਦੇਣ।

### ਦੁਕਾਨਦਾਰ ਚਿੱਟੇ ਸਮੇਤ ਕਾਬੂ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਲੋਕਾਂ ਦੇ ਸਹਿਯੋਗ ਨਾਲ ਭੁੱਚੋ ਪੁਲਸ ਵੱਲੋਂ ਪਿੰਡ ਲਹਿਰਾ ਮੁਹੱਬਤ ਵਿਖੇ ਪ੍ਰਚੂਨ ਦੀ ਦੁਕਾਨ ਚਲਾਉਂਦੇ ਆ ਰਹੇ ਰਾਮਪੁਰਾ ਫੂਲ ਨਿਵਾਸੀ ਮੰਗਤ ਰਾਏ (ਮੰਗੂ) ਪੁੱਤਰ ਭੂਸ਼ਣ ਕੁਮਾਰ ਨੂੰ 2 ਗ੍ਰਾਮ 15 ਮਿਲੀਗ੍ਰਾਮ ਹੈਰੋਇਨ (ਚਿੱਟੇ) ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਇਸ ਸਬੰਧੀ ਥਾਣਾ ਨਥਾਣਾ ਵਿਖੇ ਮੁਕੱਦਮਾ ਨੰਬਰ 218, ਮਿਤੀ 08/12/2023 ਧਾਰਾ 21 ਏ, 61, 85 ਐਨ. ਡੀ. ਪੀ. ਐਸ. ਐਕਟ ਤਹਿਤ ਮਾਮਲਾ ਦਰਜ ਕਰਕੇ ਪੁਲਸ ਨੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਔਰਤ ਦੀ ਕੁੱਟਮਾਰ ਕਰਨ ਦੇ ਦੋਸ਼ 'ਚ 3 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਤਾਰੇਵਾਲਾ ਉਰਫ ਰੋੜਾਂਵਾਲਾ ਵਿਖੇ ਹੋਈ ਲੜਾਈ ਦੇ ਦੌਰਾਨ ਕੁੱਟਮਾਰ ਕਰਨ ਦੇ ਦੋਸ਼ ਵਿੱਚ 3 ਵਿਅਕਤੀਆਂ ਦੇ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਮੁੱਦਈ ਕ੍ਰਿਸ਼ਨ ਰਾਣੀ ਵਿਧਵਾ ਗੁਰਮੀਤ ਸਿੰਘ ਵਾਸੀ ਤਾਰੇਵਾਲਾ ਉਰਫ ਰੋੜਾਂ ਵਾਲਾ ਹਾਲ ਨੁਕੇਰੀਆ ਨੇ ਪੁਲਸ ਕੋਲ ਬਿਆਨ ਦਰਜ ਕਰਾਏ ਗਏ ਹਨ ਕਿ ਸੰਤੋਖ ਸਿੰਘ, ਬਿਮਲਾ ਰਾਣੀ ਤੇ ਮੋਨਿਕਾ ਨੇ ਉਸਦੀ ਕੁੱਟਮਾਰ ਕੀਤੀ ਗਈ ਹੈ, ਜਿਸ 'ਤੇ ਪੁਲਸ ਨੇ ਮੁੱਦਈ ਕ੍ਰਿਸ਼ਨਾ ਰਾਣੀ ਦੇ ਬਿਆਨਾਂ ਦੇ ਅਧਾਰ ਤੇ ਸੰਤੋਖ ਸਿੰਘ ਪੁੱਤਰ ਖੀਵਾ ਰਾਮ, ਬਿਮਲਾ ਰਾਣੀ ਪੱਤਨੀ ਸੰਤੋਖ ਸਿੰਘ ਅਤੇ ਮੋਨਿਕਾ ਰਾਣੀ ਪੱਤਨੀ ਬਲਵਿੰਦਰ ਸਿੰਘ ਪੁੱਤਰੀ ਸੰਤੋਖ ਸਿੰਘ ਵਾਸੀਆਨ ਤਾਰੇਵਾਲਾ ਉਰਫ ਰੋੜਾਵਾਲਾ ਦੇ ਖਿਲਾਫ ਧਾਰਾ 341, 323, 34 ਆਈ ਪੀ ਸੀ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।

# ਹੱਤਿਆ ਮਾਮਲੇ 'ਚ ਇੱਕ ਹੋਰ ਦੋਸ਼ੀ ਗ੍ਰਿਫ਼ਤਾਰ



**ਬਰੇਟਾ (ਰੀਤਵਾਲ)**-ਪੁਲਸ ਵੱਲੋਂ ਪ੍ਰੇਮ ਕੁਮਾਰ ਦੀ ਹੱਤਿਆ ਦੇ ਦਰਜ ਕੇਸ ਨੰਬਰ 157 ਵਿੱਚੋਂ ਇਸ ਦੇ ਛੇਵੇਂ ਦੋਸ਼ੀ ਵਰਿੰਦਰ ਭੋਪਾ ਵਾਸੀ ਥਸਕਾ (ਹਰਿਆਣਾ) ਨੂੰ ਪ੍ਰੋਟੈਕਸ਼ਨ ਵਰੰਟ 'ਤੇ ਲਿਆ ਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਹੋਰ ਜਾਣਕਾਰੀ ਲਈ ਪੁਲਸ ਰਿਮਾਂਡ ਤੇ ਲਿਆਂਦੇ ਜਾਣ ਦੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਬੂਟਾ ਸਿੰਘ ਨੇ ਦੱਸਿਆ ਕਿ ਇਸ ਕੇਸ ਦੇ 5 ਦੋਸ਼ੀ ਪਹਿਲਾਂ ਜੇਲ ਭੇਜੇ ਜਾ ਚੁੱਕੇ ਹਨ ਅਤੇ ਫੜੇ ਗਏ ਦੋਸ਼ੀ ਤੋਂ ਇਲਾਵਾ 1 ਹੋਰ ਦੀ ਭਾਲ ਜਾਰੀ ਹੈ। ਸਹਾਇਕ ਇੰਸਪੈਕਟਰ ਦਰਸ਼ਨ ਸਿੰਘ ਨੇ ਦੱਸਿਆ ਕਿ ਇਸ ਫੜੇ ਗਏ ਦੋਸ਼ੀ ਵਿਰੁੱਧ ਵੱਖ ਵੱਖ ਸਟੇਟਾਂ ਵਿੱਚ ਪਹਿਲਾਂ ਤੋਂ ਹੀ ਹੱਤਿਆ ਤੋਂ ਇਲਾਵਾ ਪੈਟਰੋਲ ਪੰਪ ਲੁੱਟਣ ਦੇ 6, ਕਾਰ ਚੋਰੀ ਦਾ ਇੱਕ, ਮੋਟਰ ਸਾਈਕਲ ਚੋਰੀ ਦੇ 6, 307 ਦੇ ਤਿੰਨ ਅਤੇ ਹਵਾਈ ਫਾਈਰਿੰਗ ਦੇ 3 ਮਾਮਲਿਆਂ ਸਮੇਤ 24 ਕੇਸ ਦਰਜ ਹਨ।

# ਪਹਿਲੀ ਜਨਵਰੀ ਨੂੰ ਹੋਵੇਗੀ 34ਵੀਂ ਡੀ ਟੀ ਐੱਫ ਵਜ਼ੀਫ਼ਾ ਪ੍ਰੀਖਿਆ



**ਲੌਂਗੋਵਾਲ/ਸੰਗਰੂਰ (ਪ੍ਰਦੀਪ ਸਿੰਘ ਸੱਪਲ)**-ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਸੰਗਰੂਰ ਦੀ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਅੱਜ ਸਥਾਨਕ ਆਦਰਸ਼ ਸਕੂਲ ਵਿਖੇ ਹੋਈ। ਇਸ ਵਿੱਚ ਜ਼ਿਲ੍ਹਾ ਪ੍ਰਧਾਨ ਦਾਤਾ ਸਿੰਘ ਨਮੋਲ ਵੱਲੋਂ ਹਲਕੇ ਦੀ ਨਾਮਵਰ ਸ਼ਖ਼ਸੀਅਤ ਅਤੇ ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾਈ ਆਗੂ ਅਤੇ ਜ਼ਿਲ੍ਹਾ ਸੰਗਰੂਰ ਦੇ ਸਾਬਕਾ ਪ੍ਰਧਾਨ ਨਾਮਦੇਵ ਭੁਟਾਲ ਦੇ ਦੇਹਾਂਤ 'ਤੇ ਸ਼ੋਕ ਮਤਾ ਪਾਇਆ ਗਿਆ। ਇਸ ਤੋਂ ਇਲਾਵਾ ਮੀਟਿੰਗ ਵਿੱਚ ਤੈਅ ਕੀਤਾ ਗਿਆ ਕਿ ਡੀ.ਟੀ.ਐੱਫ. ਵੱਲੋਂ ਪਿਛਲੇ ਤਿੰਨ ਦਹਾਕਿਆਂ ਤੋਂ ਕਰਵਾਈ ਜਾ ਰਹੀ ਵਜ਼ੀਫ਼ਾ ਪ੍ਰੀਖਿਆ ਦੀ ਲੜੀ ਵਿੱਚ ਇਸ ਵਾਰ 34ਵੀਂ ਵਜ਼ੀਫ਼ਾ ਪ੍ਰੀਖਿਆ 21 ਜਨਵਰੀ ਨੂੰ ਕਰਵਾਈ ਜਾਵੇਗੀ। ਇਹ ਤੈਅ ਕੀਤਾ ਗਿਆ ਕਿ ਪ੍ਰੀਖਿਆ ਸਬੰਧੀ ਸਕੂਲਾਂ ਵੱਲੋਂ ਵਿਦਿਆਰਥੀਆਂ ਦਾ ਐਂਟਰੀ ਫ਼ਾਰਮ 15 ਜਨਵਰੀ ਤੱਕ ਪ੍ਰੀਖਿਆ ਸੰਚਾਲਨ ਕਮੇਟੀ ਤੱਕ ਪਹੁੰਚਾ ਦਿੱਤਾ ਜਾਵੇ। ਜਥੇਬੰਦੀ ਵੱਲੋਂ ਲੜੀਵਾਰ ਕਰਵਾਈ ਜਾ ਰਹੀ ਇਸ ਪ੍ਰੀਖਿਆ ਵਿੱਚ ਸਾਰੇ ਜ਼ਿਲ੍ਹੇ ਵਿੱਚੋਂ ਸਰਕਾਰੀ ਪ੍ਰਾਈਵੇਟ ਅਤੇ ਏਡਿਡ ਸਕੂਲਾਂ ਦੇ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਦੇ ਲਗਭਗ 4 ਤੋਂ 5 ਹਜ਼ਾਰ ਵਿਦਿਆਰਥੀ ਹਰ ਸਾਲ ਭਾਗ ਲੈਂਦੇ ਹਨ। ਇਸ ਉਪਰੰਤ ਮੀਟਿੰਗ ਵਿੱਚ ਲੰਘੀ 26 ਨਵੰਬਰ ਨੂੰ ਸੰਯੁਕਤ ਅਧਿਆਪਕ ਫਰੰਟ ਦੇ ਝੰਡੇ ਹੇਠ ਕੀਤੀ ਗਈ ਰੈਲੀ ਦੇ ਸਬੰਧ ਵਿੱਚ ਡੀ.ਟੀ.ਐੱਫ. ਦੁਆਰਾ ਕੀਤੀਆਂ ਗਈਆਂ ਜਥੇਬੰਦਕ ਸਰਗਰਮੀਆਂ ਅਤੇ ਰੈਲੀ ਵਿੱਚ ਜਥੇਬੰਦੀ ਦੇ ਕਾਡਰ ਦੀ ਸ਼ਮੂਲੀਅਤ ਦੀ ਸਮੀਖਿਆ ਕੀਤੀ ਗਈ ਅਤੇ ਅਧਿਆਪਕ ਲਹਿਰ ਨੂੰ ਹੋਰ ਮਜ਼ਬੂਤ ਕਰਨ ਦਾ ਅਹਿਦ ਦੁਹਰਾਇਆ ਗਿਆ। ਵਿੱਤ ਸਕੱਤਰ ਯਾਦਵਿੰਦਰ ਪਾਲ ਧੂਰੀ ਨੇ ਜਥੇਬੰਦੀ ਦੀ ਵਿੱਤੀ ਸਥਿਤੀ 'ਤੇ ਚਾਨਣਾ ਪਾਇਆ। ਇਸ ਉਪਰੰਤ ਜਥੇਬੰਦੀ ਵੱਲੋਂ 10 ਦਸੰਬਰ ਦੀ ਕੰਪਿਊਟਰ ਅਧਿਆਪਕਾਂ ਦੀ ਧੂਰੀ ਰੈਲੀ ਤੇ 11 ਦਸੰਬਰ ਦੇ ਸੰਯੁਕਤ ਅਧਿਆਪਕ ਮੋਰਚੇ ਦੁਆਰਾ ਸਰਕਾਰ ਦੇ ਮੀਟਿੰਗ ਤੋਂ ਭੱਜਣ ਦੇ ਰੋਸ ਵਜੋਂ ਜ਼ਿਲ੍ਹਾ ਹੈੱਡ ਕੁਆਰਟਰ 'ਤੇ ਕੀਤੇ ਜਾਣ ਵਾਲੇ ਅਰਥੀ ਫੂਕ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਸਬੰਧੀ ਯੋਜਨਾਬੰਦੀ ਕੀਤੀ ਗਈ। ਮੀਟਿੰਗ ਵਿੱਚ ਉਕਤ ਆਗੂਆਂ ਤੋਂ ਇਲਾਵਾ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਜ਼ਿਲ੍ਹਾ ਸਕੱਤਰ ਹਰਭਗਵਾਨ ਗੁਰਨੇ, ਪ੍ਰੈਸ ਸਕੱਤਰ ਜਸਬੀਰ ਨਮੋਲ ਅਤੇ ਬਲਾਕ ਆਗੂਆਂ ਜਗਦੇਵ ਕੁਮਾਰ, ਨਾਇਬ ਸਿੰਘ ਰਟੋਲਾਂ, ਸਹਿਦੇਵ ਚੱਠਾ, ਸਤਨਾਮ ਉਭਾਵਾਲ, ਗਗਨ ਧੂਰੀ ਸ਼ਾਮਲ ਹੋਏ।

# ਐੱਸ ਐੱਫ ਸੀ ਪਬਲਿਕ ਸਕੂਲ 'ਚ ਕਰਵਾਈ ਸਪੋਰਟਸ ਮੀਟ



**ਮੋਗਾ (ਅਮਰਜੀਤ ਬੱਬਰੀ)**-ਮੋਗਾ ਦੀ ਸੰਸਥਾ ਐਸ ਐਫ ਸੀ ਪਬਲਿਕ ਸਕੂਲ ਵਿੱਚ ਸਲਾਨਾ ਦੋ ਰੋਜ਼ਾ ਸਪੋਰਟਸ ਮੀਟ ਦਾ ਆਯੋਜਨ ਕੀਤਾ ਗਿਆ।ਪ੍ਰੋਗਰਾਮ ਦੀ ਸ਼ੁਰੂਆਤ ਐਸ ਐਫ ਸੀ ਸੰਸਥਾ ਦੀ ਚੇਅਰਪਰਸਨ ਸਰੋਜ ਜਿੰਦਲ ਵਲੋਂ ਮਸ਼ਾਲ ਜਗਾ ਕੇ ਕੀਤੀ ਗਈ। ਮੁੱਖ ਮਹਿਮਾਨ ਸੀ ਈ ਓ ਅਭਿਸ਼ੇਕ ਜਿੰਦਲ ਵੱਲੋਂ ਖੇਡ ਝੰਡਾ ਲਹਿਰਾਇਆ ਗਿਆ। ਸਕੂਲ ਡਾਇਰੈਕਟਰ ਪ੍ਰਦੀਪ ਕੁਮਾਰ ਪਾਂਡੇ ਦੀ ਅਗਵਾਈ ਹੇਠ ਇੰਟਰ ਹਾਊਸ ਪ੍ਰਤੀਯੋਗਤਾ ਅਨੁਸਾਰ ਖੇਡਾਂ ਕਰਵਾਈਆਂ ਗਈਆਂ। ਖੇਡਾਂ 'ਚ ਨਰਸਰੀ ਤੋਂ ਲੈ ਕੇ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ।ਮਾਰਚ ਪਾਸਟ ਦੀ ਅਗਵਾਈ ਹਾਊਸ ਕੈਪਟਨ ਅਤੇ ਹਾਊਸ ਹੈੱਡ ਅਧਿਆਪਕ ਵੱਲੋਂ ਕੀਤੀ ਗਈ।ਸਕੂਲ ਸੰਸਥਾ ਵੱਲੋਂ ਸਕੂਲ ਦੇ ਹੋਣਹਾਰ ਵਿਦਿਆਰਥੀ ਜੋ ਸਟੇਟ ਪੱਧਰ ਤੱਕ ਖੇਡ ਚੁੱਕੇ ਹਨ, ਨੂੰ ਖਾਸ ਤੌਰ 'ਤੇ ਸਨਮਾਨਤ ਕੀਤਾ ਗਿਆ ਜਿਨ੍ਹਾਂ ਵਿੱਚ ਲਵਜੀਤ ਸਿੰਘ ਆਰਚਰੀ, ਤਸ਼ਾਲਪ੍ਰੀਤ ਕ੍ਰਿਕਟ, ਕਰਨਵੀਰ ਸਿੰਘ ਸਕੇਟਿੰਗ ਅਤੇ ਹਰਸਿਮਰਨ ਸਿੰਘ ਸਕੇਟਿੰਗ ਆਦਿ ਸ਼ਾਮਲ ਸਨ। ਖੇਡ ਸਮਾਰੋਹ ਦੌਰਾਨ ਸੈਕ ਰੇਸ, ਰਿਲੇਅ ਰੇਸ, 200 ਮੀਟਰ, 400 ਮੀਟਰ, ਗੋਲਾ ਸੁੱਟਣਾ, ਨੇਜ਼ਾ ਸੁੱਟਣਾ ਅਤੇ ਕਈ ਹੋਰ ਮੁਕਾਬਲੇ ਕਰਵਾਏ ਗਏ।ਸਕੂਲ ਪ੍ਰਿੰਸੀਪਲ ਸ਼ੀਨਮ ਜਿੰਦਲ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਡਾ. ਗੁਰਪ੍ਰੀਤ ਕੌਰ ਨੇ ਜ਼ਿਲ੍ਹੇ ਦੇ ਸਮੂਹ ਸਿਹਤ ਸੁਪਰਵਾਈਜ਼ਰਾਂ ਨਾਲ ਕੀਤੀ ਮੀਟਿੰਗ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**



ਸਿਵਲ ਸਰਜਨ ਫਤਿਹਗੜ੍ਹ ਸਾਹਿਬ, ਡਾ. ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਐਪੀਡਿਮੋਲੋਜਿਸਟ ਡਾ. ਗੁਰਪ੍ਰੀਤ ਕੌਰ ਵੱਲੋਂ ਜ਼ਿਲ੍ਹੇ ਦੇ ਸਮੂਹ ਮਲਟੀਪਰਪਜ਼ ਸਿਹਤ ਸੁਪਰਵਾਈਜ਼ਰ (ਮੇਲ) ਦੀ ਮਹੀਨਾਵਾਰੀ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਗੁਰਪ੍ਰੀਤ ਕੌਰ ਨੇ ਕਿਹਾ ਕਿ ਭਾਵੇਂ ਜ਼ਿਲ੍ਹੇ ਅੰਦਰ ਡੇਂਗੂ ਕੇਸਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ ਪਰ ਫਿਰ ਵੀ ਡੇਂਗੂ ਵਿਰੋਧੀ ਗਤੀਵਿਧੀਆਂ ਨੂੰ ਜਾਰੀ ਰੱਖਿਆ ਜਾਵੇ। ਜਦੋਂ ਤੱਕ ਮੁਕੰਮਲ ਤੌਰ 'ਤੇ ਡੇਂਗੂ ਖਤਮ ਨਹੀਂ ਹੋ ਜਾਂਦਾ ਉਦੋਂ ਤੱਕ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਵੀ ਲਗਾਤਾਰ ਜਾਰੀ ਰੱਖੀ ਜਾਵੇ ਅਤੇ ਪਿਛਲੇ ਸਾਲ ਜਿਹੜੇ ਏਰੀਏ ਵਿੱਚ ਪੰਜ ਜਾਂ ਪੰਜ ਤੋਂ ਵੱਧ ਕੇਸ ਰਿਪੋਰਟ ਹੋਏ ਸਨ ਉਸ ਏਰੀਏ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਅਜਿਹੇ ਪਿੰਡਾਂ ਦੀ ਸੂਚੀ ਸਬੰਧਤ ਬੀਡੀਪੀਓ ਨੂੰ ਭੇਜੀ ਜਾਵੇ ਤੇ ਇਨ੍ਹਾਂ ਪਿੰਡਾਂ ਵਿੱਚ ਪੰਚਾਇਤਾਂ ਨਾਲ ਮਿਲ ਕੇ ਸਪਰੇਅ ਵੀ ਕਰਵਾਈ ਜਾਵੇ ਅਤੇ ਮੱਛਰ ਦਾ ਲਾਰਵਾ ਮਿਲਣ ਵਾਲੇ ਘਰਾਂ ਦੇ ਐਮ.ਸੀ ਐਕਟ ਤਹਿਤ ਵੱਧ ਤੋਂ ਵੱਧ ਚਲਾਨ ਕੀਤੇ ਜਾਣ ਅਤੇ ਮੌਕੇ ਤੇ ਹੀ ਲਾਰਵੇ ਨੂੰ ਨਸ਼ਟ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਆਉਣ ਵਾਲੇ ਨਵੇਂ ਸਾਲ ਦਾ ਸਾਰੇ ਵਰਕਰਾਂ ਦਾ ਬੀਟ ਵਾਈਜ਼ ਐਡਵਾਂਸ ਟੂਰ ਪ੍ਰੋਗਰਾਮ ਇਸ ਦਫਤਰ ਨੂੰ ਭੇਜਿਆ ਜਾਵੇ, ਫੀਲਡ ਵਿੱਚੋਂ ਆਈਆਂ ਸ਼ਿਕਾਇਤਾਂ ਦਾ ਨਿਪਟਾਰਾ ਸਮੇਂ ਸਿਰ ਕੀਤਾ ਜਾਵੇ, ਪਾਣੀ ਦੇ ਫੇਲ੍ਹ ਆਏ ਸੈਂਪਲਾਂ ਨੂੰ ਦੁਬਾਰਾ ਭਰ ਕੇ ਚੈਕਿੰਗ ਲਈ ਭੇਜਿਆ ਜਾਵੇ, ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ/ ਦੁਕਾਨਦਾਰਾਂ ਦੇ ਵੱਧ ਤੋਂ ਵੱਧ ਚਲਾਨ ਕੀਤੇ ਜਾਣ ਅਤੇ ਆਪੋ ਆਪਣੇ ਏਰੀਏ ਦੇ ਵੱਧ ਤੋਂ ਵੱਧ ਪਿੰਡਾਂ ਨੂੰ ਤੰਬਾਕੂ ਮੁਕਤ ਕੀਤਾ ਜਾਵੇ ,ਸਕੂਲਾਂ ਵਿੱਚ ਜਾ ਕੇ ਬੱਚਿਆਂ ਨੂੰ ਤੰਬਾਕੂ ਤੋਂ ਬਚਾਅ ਅਤੇ ਇਸ ਦੇ ਸੇਵਨ ਨਾਲ ਸਰੀਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕੀਤਾ ਜਾਵੇ।

ਉਨ੍ਹਾ ਸਮੂਹ ਸੁਪਰਵਾਈਜ਼ਰਾਂ ਨੂੰ ਹਦਾਇਤ ਕੀਤੀ ਕਿ ਉਹ ਆਪੋ ਆਪਣੇ ਖੇਤਰ ਅਧੀਨ ਆਉਂਦੇ ਮਲਟੀਪਰਪਜ਼ ਹੈਲਥ ਵਰਕਰਾਂ ਦੀਆਂ ਮੀਟਿੰਗਾਂ ਕਰਕੇ ਜ਼ਿਲ੍ਹਾ ਪੱਧਰ ਤੋਂ ਮਿਲੀਆਂ ਹਦਾਇਤਾਂ ਦੀ ਪਾਲਣਾ ਕਰਵਾਉਣਾ ਯਕੀਨੀ ਬਣਾਉਣ। ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ, ਸਹਾਇਕ ਮਲੇਰੀਆ ਅਫਸਰ ਨਰਿੰਦਰ ਸਿੰਘ, ਸਿਹਤ ਸੁਪਰਵਾਈਜ਼ਰ ਇੰਦਰਜੀਤ ਸਿੰਘ ਤੋਂ ਇਲਾਵਾ ਜਿਲੇ ਦੇ ਸਮੂਹ ਸਿਹਤ ਸੁਪਰਵਾਈਜ਼ਰ ਹਾਜ਼ਰ ਸਨ।

# ਅਰਦਾਸ ਚੈਰੀਟੇਬਲ ਟਰੱਸਟ ਨੇ ਬਾਦਲ ਦਾ ਜਨਮ ਦਿਨ ਮਨਾਇਆ

**ਨਾਭਾ (ਵਰਿੰਦਰ ਵਰਮਾ/ਤੇਜਾ ਸਿੰਘ)**



ਅਰਦਾਸ ਚੈਰੀਟੇਬਲ ਟਰੱਸਟ ਵੱਲੋਂ ਮਾਨਵ ਸੇਵਾ ਉੱਤਮ ਸੇਵਾ ਨਾਭਾ ਤੇ ਐਚ ਡੀ ਐਫ ਸੀ ਬੈਂਕ ਦੇ ਸਹਿਯੋਗ ਨਾਲ ਸ਼੍ਰੋਮਣੀ ਅਕਾਲੀ ਦਲ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਹੇਠ ਪੰਥ ਰਤਨ ਸਵ: ਪ੍ਰਕਾਸ਼ ਸਿੰਘ ਬਾਦਲ ਦੇ ਜਨਮ ਦਿਵਸ ਨੂੰ ਸਮਰਪਤ ਵਿਸ਼ਾਲ ਖ਼ੂਨਦਾਨ ਕੈਂਪ ਗੁਰਦੁਆਰਾ ਅਕਾਲਗੜ੍ਹ ਸਾਹਿਬ (ਜੈਤੋ ਦੇ ਮੋਰਚੇ ਦੇ ਸ਼ਹੀਦਾਂ ਦਾ ਅਸਥਾਨ) ਵਿਖੇ ਲਾਇਆ ਗਿਆ।

ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਕੈਂਪ ਵਿੱਚ ਸਿਵਲ ਹਸਪਤਾਲ ਨਾਭਾ ਦੇ ਐਸ ਐਮ ਓ ਡਾ. ਸੰਜੇ ਗੋਇਲ ਦੀ ਦੇਖ-ਰੇਖ ਵਿੱਚ ਡਾਕਟਰ ਹੀਨਾ ਸਿੰਗਲਾ ਦੀ ਟੀਮ ਵੱਲੋਂ ਖ਼ੂਨਦਾਨੀਆਂ ਤੋਂ ਖ਼ੂਨ ਇਕੱਤਰ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਨਾਭਾ ਤੋਂ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ, ਅਰਦਾਸ ਚੈਰੀਟੇਬਲ ਟਰੱਸਟ ਪ੍ਰਧਾਨ ਅਤੇ ਕੌਂਸਲਰ ਗੁਰਸੇਵਕ ਸਿੰਘ ਗੋਲੂ, ਮਾਨਵ ਸੇਵਾ ਉੱਤਮ ਸੇਵਾ ਨਾਭਾ ਮੁੱਖ ਸੇਵਾਦਾਰ ਵਿਕਾਸ ਮਿੱਤਲ ਤੇ ਐਚ ਡੀ ਐਫ ਸੀ ਬੈਂਕ ਤੋਂ ਮੈਨੇਜਰ ਮੁਨੀਸ਼ ਬਾਂਸਲ, ਚੇਤਨ ਬਾਤਿਸ਼ ਨੇ ਕਿਹਾ ਕਿ ਇਹ ਵਿਸ਼ਾਲ ਖ਼ੂਨਦਾਨ ਕੈਂਪ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਿਸਾਨਾਂ ਅਤੇ ਗਰੀਬਾਂ ਦੇ ਮਸੀਹਾ ਸਨ ਤੇ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਦੇ ਪ੍ਰਤੀਕ ਸਨ।

ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸਾਬਕਾ ਚੇਅਰਮੈਨ ਗੁਰਦਿਆਲ ਇੰਦਰ ਸਿੰਘ ਬਿੱਲੂ, ਅਸ਼ੋਕ ਬਾਂਸਲ, ਬਲਤੇਜ ਸਿੰਘ ਖੋਖ, ਅਮਰ ਸਿੰਘ ਟੋਡਰਵਾਲ, ਗੁਰਮੀਤ ਸਿੰਘ ਕੋਟ, ਸ਼ਮਸ਼ੇਰ ਸਿੰਘ ਚੌਧਰੀ ਮਾਜਰਾ, ਅਨਿਲ ਗੁਪਤਾ, ਜੱਸਾ ਖੋਖ, ਰੌਸ਼ਨ ਲਾਲ, ਬਬਲੂ ਚੌਹਾਨ, ਐਡਵੋਕੇਟ ਸਿਕੰਦਰ ਪ੍ਰਤਾਪ ਸਿੰਘ, ਵਰੁਣ ਜੈਨ, ਸਪਿੰਦਰ ਸਿੰਘ ਗਲਵੱਟੀ, ਨਰੇਸ਼ ਗਰਗ, ਸੁਨੀਲ ਗੁਪਤਾ ਤੇ ਹੋਰ ਵਰਕਰ ਹਾਜ਼ਰ ਸਨ।

# ਸਾਬਕਾ ਮੁੱਖ ਮੰਤਰੀਆਂ ਦੇ ਲੱਗੇ ਬੁੱਤ

## ਡੱਬਵਾਲੀ 'ਚ ਹੋਈ ਜੇਜੇਪੀ ਦੀ ਨਵ ਸੰਕਲਪ ਰੈਲੀ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਹਰਿਆਣਾ 'ਚ ਲੋਕ ਸਭਾ ਅਤੇ ਵਿਧਾਨ ਸਭਾ ਚੋਣਾਂ ਨੇੜੇ ਹੋਣ ਕਾਰਨ ਸਾਰੀਆਂ ਸਿਆਸੀ ਪਾਰਟੀਆਂ ਲੋਕ ਮਨਾਂ ਵਿੱਚ ਥਾਂ ਬਣਾਉਣ ਲਈ ਯਤਨਸ਼ੀਲ ਹਨ। ਭਾਜਪਾ ਤੋਂ ਬਾਅਦ ਹੁਣ ਜੇਜੇਪੀ ਨੇ ਵੀ ਚੋਣਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ।ਸਿਰਸਾ ਲੋਕ ਸਭਾ ਹਲਕੇ ਦੇ ਡੱਬਵਾਲੀ ਦੀ ਅਨਾਜ ਮੰਡੀ ਵਿਖੇ ਜੇਜੇਪੀ ਵੱਲੋਂ ਰੈਲੀ ਨੂੰ ਨਵ ਸੰਕਲਪ ਰੈਲੀ ਦਾ ਨਾਂਅ ਦਿੱਤਾ ਗਿਆ।ਇਸ ਮੌਕੇ ਹਰਿਆਣਾ ਅਤੇ ਪੰਜਾਬ ਦੀ ਸਰਹੱਦ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਚੌਧਰੀ ਦੇਵੀਲਾਲ ਦੇ ਬੁੱਤਾਂ ਦਾ ਉਦਘਾਟਨ ਕੀਤਾ ਗਿਆ।ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬਾਦਲ ਦੀ ਨੂੰਹ ਬੀਬਾ ਹਰਸਿਮਰਤ ਕੌਰ ਬਾਦਲ ਦਾ ਕਹਿਣਾ ਸੀ ਕਿ ਕਿ ਜਦੋਂ ਮੈਂ ਪਹਿਲੀ ਵਾਰ ਲਾੜੀ ਬਣ ਕੇ ਬਾਦਲ ਪਰਵਾਰ ਵਿਚ ਆਈ ਤਾਂ ਸਰਦਾਰ ਬਾਦਲ ਨੇ ਮੈਨੂੰ ਸਭ ਤੋਂ ਪਹਿਲਾਂ ਚੌਧਰੀ ਦੇਵੀ ਲਾਲ ਦਾ ਅਸ਼ੀਰਵਾਦ ਲੈਣ ਲਈ ਕਿਹਾ ਸੀ।

ਉਨ੍ਹਾਂ ਕਿਹਾ ਕਿ ਦੋਵਾਂ ਦੀ ਦੋਸਤੀ ਬਹੁਤ ਪੱਕੀ ਸੀ।ਦੇਵੀ ਲਾਲ ਤੇ ਬਾਦਲ ਨੇ ਹਰ ਵਰਗ ਦੇ ਲੋਕਾਂ ਦੀ ਭਲਾਈ ਲਈ ਕੰਮ ਕੀਤਾ। ਇਸੇ ਕਰਕੇ ਚੌਂ: ਦੇਵੀਲਾਲ ਤੇ ਬਾਦਲ ਨੂੰ ਕਿਸਾਨਾਂ ਦੇ ਮਸੀਹਾ ਕਿਹਾ ਗਿਆ ਹੈ।

# ਡੀ ਏ ਵੀ ਸਕੂਲ ਦੇ ਵਿਦਿਆਰਥੀਆਂ ਨੇ ਕਲੱਸਟਰ ਪੱਧਰੀ ਖੇਡ ਮੁਕਾਬਲਿਆਂ 'ਚ ਕੀਤਾ ਸ਼ਾਨਦਾਰ ਪ੍ਰਦਰਸ਼ਨ



**ਮਲੋਟ (ਗੁਰਮੀਤ ਸਿੰਘ ਮੱਕੜ)**

ਡੀ.ਏ.ਵੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਡੀ.ਏ.ਵੀ ਕਾਲਜ ਪ੍ਰਬੰਧਕ ਕਮੇਟੀ, ਨਵੀਂ ਦਿੱਲੀ ਵੱਲੋਂ ਕਰਾਏ ਗਏ ਕਲੱਸਟਰ ਪੱਧਰੀ ਖੇਡ ਮੁਕਾਬਲਿਆਂ ਵਿਚ ਭਾਗ ਲਿਆ। ਇਨ੍ਹਾਂ ਖੇਡ ਮੁਕਾਬਲਿਆਂ ਵਿਚ ਵਿਦਿਆਰਥੀਆਂ ਨੇ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਅਤੇ ਆਪਣੇ ਸ਼ਹਿਰ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਦੱਸਿਆ ਕਿ ਅੰਡਰ 14 ਤੇ ਅੰਡਰ 17 ਲੜਕੇ ਅਤੇ ਅੰਡਰ 14 ਲੜਕੀਆਂ ਨੇ ਹੈਂਡਬਾਲ 'ਚ ਸੋਨ ਤਗਮਾ ਜਿੱਤਿਆ, ਅੰਡਰ 14 ਲੜਕੀਆਂ ਨੇ ਖੋ-ਖੋ 'ਚ ਸੋਨ ਤਗਮਾ ਜਿੱਤਿਆ, ਅੰਡਰ 17 ਲੜਕੀਆਂ ਨੇ ਸੋਨ ਤਗਮਾ ਜਿੱਤਿਆ। ਬੈਡਮਿੰਟਨ ਵਿੱਚ ਮੈਡਲ, ਕ੍ਰਿਕੇਟ ਅੰਡਰ 17 ਲੜਕਿਆਂ ਨੇ ਉੱਚੀ ਛਾਲ ਵਿਚ ਸੋਨ ਤਗਮਾ ਜਿੱਤਿਆ, ਅੰਡਰ 17 ਲੜਕਿਆਂ ਨੇ ਉੱਚੀ ਛਾਲ ਵਿੱਚ ਸੋਨ ਤਗਮਾ ਜਿੱਤਿਆ, ਅੰਡਰ 14 ਲੜਕਿਆਂ ਨੇ 800 ਮੀਟਰ ਅਤੇ 400 ਮੀਟਰ ਦੌੜ ਵਿੱਚ ਸੋਨ ਤਗਮਾ ਜਿੱਤਿਆ, ਅੰਡਰ 17 ਅਤੇ 19 ਲੜਕਿਆਂ ਨੇ ਸਕੇਟਿੰਗ ਵਿਚ ਸੋਨ ਤਗਮਾ ਜਿੱਤਿਆ, ਅੰਡਰ 17 ਲੜਕਿਆਂ ਨੇ ਏਅਰ ਪਿਸਟਲ ਵਿਚ ਸੋਨ ਤਗਮਾ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਅੰਡਰ-19 ਲੜਕਿਆਂ ਨੇ ਏਅਰ ਰਾਈਫਲ ਸ਼ੂਟਿੰਗ ਵਿਚ ਸਿਲਵਰ ਮੈਡਲ ਅਤੇ ਅੰਡਰ-14 ਲੜਕਿਆਂ ਨੇ 200 ਮੀਟਰ ਦੌੜ ਵਿਚ ਕਾਂਸੀ ਦਾ ਤਗਮਾ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਕਿਹਾ ਕਿ ਸਕੂਲ ਦੇ ਵਿਦਿਆਰਥੀ ਵਿੱਦਿਅਕ ਖੇਤਰ ਦੇ ਨਾਲ-ਨਾਲ ਖੇਡਾਂ ਵਿਚ ਵੀ ਲਗਾਤਾਰ ਤਰੱਕੀ ਕਰ ਰਹੇ ਹਨ ਅਤੇ ਰਾਸ਼ਟਰੀ ਪੱਧਰ 'ਤੇ ਇਲਾਕੇ ਦਾ ਨਾਂਅ ਰੌਸ਼ਨ ਕਰ ਰਹੇ ਹਨ, ਜਿਸ ਕਾਰਨ ਵਿਦਿਆਰਥੀਆਂ ਦੇ ਮਾਨਸਿਕ ਵਿਕਾਸ ਦੇ ਨਾਲ-ਨਾਲ ਸਰੀਰਕ ਵਿਕਾਸ ਵੀ ਵਧ ਰਿਹਾ ਹੈ। ਪ੍ਰਿੰਸੀਪਲ ਨੇ ਵਿਦਿਆਰਥੀਆਂ, ਮਾਪਿਆਂ ਅਤੇ ਖੇਡ ਵਿਭਾਗ ਦੇ ਮੁਖੀ ਓਮ ਪ੍ਰਕਾਸ਼ ਕੰਬੋਜ, ਸੰਦੀਪ ਕੁਮਾਰ ਕੰਬੋਜ ਅਤੇ ਹਰਪ੍ਰੀਤ ਸਿੰਘ ਨੂੰ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੀ ਸਫ਼ਲ ਅਗਵਾਈ ਅਤੇ ਸਖ਼ਤ ਮਿਹਨਤ ਸਦਕਾ ਹੀ ਇਹ ਮੁਕਾਮ ਹਾਸਲ ਕੀਤਾ ਹੈ।

# ਖੇਡਾਂ ਮਨੁੱਖ ਦੇ ਮਾਨਸਿਕ ਤੇ ਸਰੀਰਕ ਵਿਕਾਸ 'ਚ ਸਹਾਇਕ : ਗਰੇਵਾਲ

**ਭੀਖੀ (ਧਰਮਵੀਰ ਸ਼ਰਮਾ)**



ਸਿਲਵਰ ਵਾਟਿਕਾ ਸੀਨੀਅਰ ਸੈਕੰਡਰੀ ਸਕੂਲ ਸਮਾਉਂ ਵਿਖੇ ਸਲਾਨਾ ਅਥਲੈਟਿਕ ਮੀਟ ਦਾ ਸ਼ੁਭ ਆਰੰਭ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਭਾਜਪਾ ਦੇ ਨੈਸ਼ਨਲ ਕਾਰਜਕਾਰਨੀ ਮੈਂਬਰ ਹਰਜੀਤ ਸਿੰਘ ਗਰੇਵਾਲ ਨੇ ਸ਼ਿਰਕਤ ਕੀਤੀ। ਸਮਾਗਮ ਦੀ ਪ੍ਰਧਾਨਗੀ ਭਾਜਪਾ ਦੇ ਸੂਬਾ ਜਨਰਲ ਸਕੱਤਰ ਦਿਆਲ ਦਾਸ ਸੋਢੀ, ਕਿਸਾਨ ਮੋਰਚਾ ਦੇ ਨੈਸ਼ਨਲ ਆਗੂ ਸਤਵੰਤ ਸਿੰਘ ਪੂਨੀਆ, ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ, ਜ਼ਿਲ੍ਹਾ ਉਪ ਪ੍ਰਧਾਨ ਰਾਜਿੰਦਰ ਰਾਜੀ ਤੇ ਸਮਾਜ ਸੇਵੀ ਸੁਖਦੇਵ ਸਿੰਘ ਫਰਮਾਹੀ ਨੇ ਕੀਤੀ। ਇਸ ਮੌਕੇ ਖਿਡਾਰੀਆ ਵੱਲੋਂ ਕੀਤੇ ਮਾਰਚ ਪਾਸਟ ਤੋਂ ਮਹਿਮਾਨਾਂ ਨੇ ਸਲਾਮੀ ਲਈ ਤੇ ਵਿਦਿਆਰਥੀਆਂ ਨੇ ਮਸ਼ਾਲ ਨਾਲ ਚੱਕਰ ਲਗਾ ਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਵੀ ਕੀਤੀ। ਇਸ ਮੌਕੇ ਵਿਦਿਆਰਥੀਆਂ ਨੇ ਸਹੁੰ ਚੁੱਕ ਕੇ ਅਥਲੈਟਿਕ ਮੀਟ ਪ੍ਰਤੀ ਸਮਰਪਤ ਰਹਿਣ ਦਾ ਪ੍ਰਣ ਵੀ ਲਿਆ। ਇਸ ਮੌਕੇ ਮੁੱਖ ਮਹਿਮਾਨ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਖੇਡਾਂ ਮਨੁੱਖੀ ਜੀਵਨ ਦਾ ਮਾਨਸਿਕ ਅਤੇ ਸਰੀਰਕ ਵਿਕਾਸ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਸੰਸਥਾ ਵੱਲੋਂ ਮਰਹੂਮ ਅੰਜੂ ਸਿੰਗਲਾ ਨੂੰ ਸਮਰਪਤ ਇਹ ਖੇਡ ਮੇਲਾ ਕਰਾ ਕੇ ਬੱਚਿਆਂ ਦੇ ਜੀਵਨ ਨੂੰ ਚੰਗੇ ਸੰਸਕਾਰ ਦਾ ਮੌਕਾ ਦਿੱਤਾ ਹੈ, ਜੋ ਅੱਗੇ ਜਾ ਕੇ ਬੱਚਿਆਂ ਦੇ ਵਿਅਕਤੀਤਵ ਨੂੰ ਨਿਖਾਰਣ ਵਿੱਚ ਸਹਾਇਕ ਸਿੱਧ ਹੋਵੇਗਾ। ਇਸ ਮੌਕੇ ਭਾਜਪਾ ਦੇ ਸੂਬਾ ਜਨਰਲ ਸਕੱਤਰ ਦਿਆਲ ਦਾਸ ਸੋਢੀ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਵੱਲ ਆਕਰਸ਼ਤ ਕਰਨਾ ਸਮੇਂ ਦੀ ਮੁੱਖ ਲੋੜ ਹੈ।

# ਪੰਜਾਬ ਸਰਕਾਰ ਲੋਕਾਂ ਨੂੰ ਪਾਰਦਰਸ਼ੀ ਪ੍ਰਸ਼ਾਸ਼ਨਿਕ ਸੇਵਾਵਾਂ ਦੇਣ ਲਈ ਵਚਨਬੱਧ : ਭਿੰਡਰ

**ਲੁਧਿਆਣਾ (ਰਾਜ ਸਿੰਗਲਾ)**



ਲੁਧਿਆਣਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤਰਸੇਮ ਸਿੰਘ ਭਿੰਡਰ ਵੱਲੋਂ ਆਪਣੇ ਇਕ ਸਾਲ ਦੇ ਕਾਰਜਕਾਲ ਦੌਰਾਨ ਪ੍ਰਾਪਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਾਂ ਨੂੰ ਪਾਰਦਰਸ਼ੀ ਪ੍ਰਸ਼ਾਸ਼ਨਿਕ ਸੇਵਾਵਾਂ ਦੇਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ 27 ਨਵੰਬਰ, 2022 ਨੂੰ ਬਤੌਰ ਚੇਅਰਮੈਨ, ਨਗਰ ਸੁਧਾਰ ਟਰੱਸਟ ਲੁਧਿਆਣਾ ਦਾ ਕਾਰਜਭਾਰ ਸੰਭਾਲਿਆ ਸੀ ਤੇ ਉਸ ਸਮੇ ਆਮ ਲੋਕਾਂ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਸਨ, ਜਿਨ੍ਹਾਂ ਦੇ ਵਿੱਚ ਜਾਇਦਾਦਾਂ ਦੀਆਂ ਰਜਿਸਟਰੀਆਂ, ਟਰਾਂਸਫਰ, ਮਾਲਕੀ ਅੰਦਰਾਜ, ਐਨ.ਓ.ਸੀ, ਐਨ.ਡੀ.ਸੀ. ਆਦਿ ਪੈਂਡਿੰਗ ਸਨ। ਉਨ੍ਹਾਂ ਦੱਸਿਆ ਕਿ ਜਦੋਂ ਲੋਕ ਮਿਲਣੀ ਆਰੰਭ ਕੀਤੀ ਤਾਂ ਲੋਕਾਂ ਨੇ ਦੱਸਿਆ ਕਿ ਵੱਖ-ਵੱਖ ਕਾਰਜਾਂ ਲਈ ਟਰੱਸਟ ਵਿਖੇ ਕਾਫੀ ਲੰਮੇ ਸਮੇਂ ਤੋਂ ਧੱਕੇ ਖਾ ਰਹੇ ਹਾਂ, ਪਰ ਉਨ੍ਹਾਂ ਦੇ ਕੰਮ ਦਾ ਟਿਪਟਾਰਾ ਨਹੀਂ ਹੋ ਰਿਹਾ ਸੀ। ਉਨ੍ਹਾਂ ਨਿੱਜੀ ਤੌਰ 'ਤੇ ਵੀ ਜਾਂਚ ਕੀਤੀ, ਜਿਸ ਵਿੱਚ ਪਬਲਿਕ ਦੇ ਕੰਮ ਕਾਫੀ ਸਮੇਂ ਤੋਂ ਲਟਕਦੇ ਆ ਰਹੇ ਸਨ। ਉਨ੍ਹਾਂ ਪਹਿਲੀ ਜਨਵਰੀ, 2023 ਤੋਂ ਪੈਂਡਿੰਗ ਪ੍ਰਤੀ ਬੇਨਤੀਆਂ ਸਬੰਧੀ ਆਪਣੇ ਦਫ਼ਤਰ ਵਿੱਚ ਖੁੱਲ੍ਹਾ ਦਰਬਾਰ ਲਾਇਆ ਗਿਆ ਅਤੇ ਲੋਕ ਮਿਲਣੀ ਦੌਰਾਨ ਕੁੱਲ 604 ਦਰਖਾਸਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ 385 ਦਰਖਾਸਤਾਂ ਦਾ ਨਿਪਟਾਰਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਨਗਰ ਸੁਧਾਰ ਟਰੱਸਟ ਲੁਧਿਆਣਾ ਦੀ ਬਹੁਤ ਹੀ ਮਹੱਤਵਪੂਰਨ ਅਟਲ ਅਪਾਰਟਮੈਂਟ 8,80 ਏਕੜ ਸਕੀਮ ਦੇ ਤਹਿਤ ਬਣਾਏ ਜਾਣ ਵਾਲੇ ਐਚ.ਆਈ.ਜੀ, ਐਮ.ਆਈ.ਜੀ. ਫਲੈਟਾਂ ਦਾ ਡਰਾਅ ਕੱਢਣ ਉਪਰੰਤ ਸਫ਼ਲ ਬਿਨੈਕਾਰਾਂ ਨੂੰ ਅਲਾਟਮੈਂਟ ਪੱਤਰ ਜਾਰੀ ਕਰ ਦਿੱਤੇ ਗਏ। ਇਸ ਦੌਰਾਨ ਇਨ੍ਹਾਂ ਫਲੈਟਾਂ ਦੀ ਉਸਾਰੀ ਲਈ ਈ-ਟੈਂਡਰ ਪ੍ਰਣਾਲੀ ਰਾਂਹੀ ਟੈਂਡਰ ਕਾਲ ਕੀਤੇ ਗਏ ਤੇ ਪ੍ਰਾਪਤ ਹੋਈਆਂ ਬਿੱਡਾਂ ਵਿੱਚੋਂ ਘੱਟ ਬਿੱਡ ਪਾਉਣ ਵਾਲੇ ਠੇਕੇਦਾਰ ਦੇ ਰੇਟ ਪ੍ਰਵਾਨ ਕਰਾਉਣ ਲਈ ਸਰਕਾਰ ਨੂੰ ਲਿਖਿਆ ਗਿਆ ਸੀ। ਸਰਕਾਰ ਵੱਲੋਂ ਆਪਣੇ ਪੱਤਰ ਰਾਂਹੀ ਉਕਤ ਪ੍ਰੋਜੈਕਟ ਸਬੰਧੀ ਪ੍ਰਾਪਤ ਪ੍ਰਵਾਨਗੀ ਉਪਰੰਤ ਬਿਲਡਰਾਂ ਨੂੰ ਵਰਕ ਆਰਡਰ ਜਾਰੀ ਕਰ ਦਿੱਤਾ ਗਿਆ। ਜਲਦੀ ਹੀ ਇਹ ਕੰਮ ਸ਼ੁਰੂ ਹੋ ਰਿਹਾ ਹੈ। ਇਸ ਤੋ ਇਲਾਵਾ ਟਰੱਸਟ ਦੀਆਂ ਵੱਖ-ਵੱਖ ਵਿਕਾਸ ਸਕੀਮਾਂ ਵਿੱਚ ਵੀ ਅਤੇ ਜ਼ਿਲ੍ਹੇ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਵੀ ਪਬਲਿਕ ਦੀ ਮੰਗ ਅਨੁਸਾਰ ਵੱਖ-ਵੱਖ ਸੜਕਾਂ ਦਾ ਨਿਰਮਾਣ, ਪਾਰਕਾਂ ਦਾ ਨਵੀਨੀਕਰਣ, ਬਜ਼ੁਰਗਾਂ ਦੀ ਸਹੂਲਤ ਲਈ ਸੀਨੀਅਰ ਸਿਟੀਜਨ ਹੋਮ ਦਾ ਨਿਰਮਾਣ ਅਤੇ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਸਕੂਲ ਦੇ ਨਿਰਮਾਣ ਲਈ 25 ਕਰੋੜ ਖਰਚ ਕਰਕੇ ਕੰਮ ਕਰਾਏ ਗਏ ਹਨ। ਉਨ੍ਹਾਂ ਦੱਸਿਆ ਕਿ ਨਗਰ ਸੁਧਾਰ ਟਰੱਸਟ ਲੁਧਿਆਣਾ ਦੇ ਬਹੁਤ ਜ਼ਿਆਦਾ ਕੋਰਟ ਕੇਸ ਚੱਲ ਰਹੇ ਹਨ, ਜਿਨ੍ਹਾਂ ਦੇ ਨਿਪਟਾਰੇ ਲਈ ਸੂਝਵਾਨ ਵਕੀਲਾਂ ਦੀ ਟੀਮ ਦਾ ਗਠਨ ਕੀਤਾ ਗਿਆ ਅਤੇ ਟਰੱਸਟ ਦੇ ਬਹੁਤ ਸਾਰੇ ਕੇਸ ਜੋ ਕਾਫੀ ਲੰਬੇ ਸਮੇਂ ਤੋ ਲਟਕ ਰਹੇ ਸਨ, ਦਾ ਨਿਪਟਾਰਾ ਹੋ ਸਕਿਆ ਹੈ, ਜਿਸ ਨਾਲ ਦਫ਼ਤਰ ਦੀ ਕਾਫੀ ਲਿਟੀਗੇਸ਼ਨ ਖਤਮ ਹੋਈ ਹੈ ਤੇ ਪਬਲਿਕ ਨੂੰ ਕਾਫੀ ਰਾਹਤ ਮਿਲੀ ਹੈ। ਇਸ ਤੋਂ ਇਲਾਵਾ ਇੱਕ ਸਾਲ ਦੇ ਕਾਰਜਕਾਲ ਦੌਰਾਨ 74 ਕੇਸਾਂ ਦਾ ਫੈਸਲਾ ਟਰੱਸਟ ਦੇ ਹੱਕ ਵਿੱਚ ਹੋਇਆ ਹੈ। ਉਨ੍ਹਾਂ ਟਰੱਸਟ ਦੇ ਬਹੁਤ ਸਾਰੇ ਮਸਲੇ ਸਰਕਾਰ ਦੇ ਧਿਆਨ ਵਿੱਚ ਲਿਆਂਦੇ, ਜਿਸ ਵਿੱਚ ਉਸਾਰੀ ਜੁਰਮਾਨੇ ਸਬੰਧੀ ਓ.ਟੀ.ਐਸ ਪਾਲਸੀ, ਅਟਾਰਨੀ ਕੇਸ ਤੇ ਰਜਿਸਟਰੀਆਂ ਆਦਿ ਦੇ ਕਾਰਨ ਕਾਫੀ ਲੰਬੇ ਸਮੇਂ ਤੋ ਕਿਸ਼ਤਾਂ ਆਦਿ ਨਹੀਂ ਭਰੀਆਂ। ਉਨ੍ਹਾਂ ਕੇਸਾਂ ਵਿੱਚ ਵੰਨ ਟਾਈਮ ਸੈਟਲਮੈਂਟ ਪਾਲਸੀ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਬੰਧੀ ਸਰਕਾਰ ਨਾਲ ਰਾਬਤਾ ਕੀਤਾ ਜਾ ਰਿਹਾ ਹੈ ਤਾਂ ਜੁ ਪਬਲਿਕ ਨੂੰ ਇਸਦੀ ਸਹੂਲਤ ਦਿੱਤੀ ਜਾ ਸਕੇ। ਨਗਰ ਸੁਧਾਰ ਟਰੱਸਟ ਵੱਲੋਂ ਸ਼ਹਿਰ ਵਾਸੀਆਂ ਨੂੰ ਵਪਾਰ ਵਿੱਚ ਵਾਧਾ ਕਰਨ ਲਈ ਕਿਫਾਇਤੀ ਮੁੱਲ 'ਤੇ ਇੰਡਸਟਰੀ ਪਲਾਟ, ਵਪਾਰਕ ਪਲਾਟ, ਰਿਹਾਇਸ਼ੀ ਪਲਾਟ ਮੁਹੱਈਆ ਕਰਾਉਣ ਲਈ ਲੈਂਡ ਪੂਲਿੰਗ ਸਕੀਮ ਦੇ ਤਹਿਤ ਸਿੱਧਵਾਂ ਨਹਿਰ ਦੇ ਕਿਨਾਰੇ ਨਵੀਂ ਸਕੀਮ ਬਣਾਉਣ ਲਈ ਕਾਰਵਾਈ ਅਰੰਭੀ ਜਾ ਰਹੀ ਹੈ, ਜੋ ਜਲਦ ਹੀ ਸ਼ਹਿਰ ਵਾਸੀਆਂ ਨੂੰ ਸਰਕਾਰ ਦੀ ਪਾਲਿਸੀ ਮੁਤਾਬਕ ਇਕ ਨਵੀ ਸਕੀਮ ਦਿੱਤੀ ਜਾ ਰਹੀ ਹੈ, ਜਿਸ ਨਾਲ ਗਰੀਨ ਇੰਡਸਟਰੀ ਨੂੰ ਹੁੰਗਾਰਾ ਮਿਲੇਗਾ।

# ਕੌਮੀ ਲੋਕ ਅਦਾਲਤ 'ਚ 1083 ਕੇਸਾਂ ਦੇ ਮੌਕੇ 'ਤੇ ਫ਼ੈਸਲੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨਿਆਇਕ ਅਦਾਲਤਾਂ ਵਿਖੇ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ ਚੇਅਰਮੈਨ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਮੈਡਮ ਰੁਪਿੰਦਰਜੀਤ ਚਹਿਲ ਤੇ ਮਿਸ ਮਨੀ ਅਰੋੜਾ ਸੀ.ਜੇ.ਐਮ ਕਮ-ਸੈਕਟਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਟਿਆਲਾ ਦੀ ਅਗਵਾਈ ਹੇਠ ਸ੍ਰੀ ਰਜਿੰਦਰ ਸਿੰਘ ਨਾਗਪਾਲ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ ਸਮਾਣਾ, ਕਮ-ਚੇਅਰਮੈਨ ਉਪ-ਮੰਡਲ ਕਾਨੂੰਨੀ ਸੇਵਾਵਾਂ ਕਮੇਟੀ ਦੀ ਪ੍ਰਧਾਨਗੀ ਹੇਠ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਉਪ-ਮੰਡਲ ਪੱਧਰ 'ਤੇ ਤਿੰਨ ਕੌਮੀ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਗਿਆ, ਜਿਨ੍ਹਾਂ ਵਿੱਚੋਂ ਇੱਕ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਰਜਿੰਦਰ ਸਿੰਘ ਨਾਗਪਾਲ ਵਧੀਕ ਸਿਵਲ ਜੱਜ ਸੀਨੀਅਰ ਡਵੀਜ਼ਨ, ਦੂਜੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਸ੍ਰੀ ਪਰਸ਼ਮੀਤ ਰਿਸ਼ੀ ਪੀ.ਸੀ.ਐਸ. ਸਿਵਲ ਜੱਜ ਜੂਨੀਅਰ ਡਵੀਜ਼ਨ ਸਮਾਣਾ ਅਤੇ ਤੀਜੀ ਕੌਮੀ ਲੋਕ ਅਦਾਲਤ ਦੀ ਪ੍ਰਧਾਨਗੀ ਮੈਡਮ ਏਕਤ ਸੇਧਾ ਪੀ.ਸੀ.ਐਸ. ਸਿਵਲ ਜੱਜ ਜੂਨੀਅਰ ਡਵੀਜ਼ਨ ਨੇ ਕੀਤੀ। ਇਸ ਕੌਮੀ ਲੋਕ ਅਦਾਲਤ ਵਿੱਚ ਦੀਵਾਨੀ ਤੇ ਸਮਝੌਤਾਯੋਗ ਫੌਜਦਾਰੀ, ਟ੍ਰੈਫਿਕ ਚਲਾਨ, ਬੈਂਕਾਂ ਦੇ ਕੇਸ ਆਦਿ ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਾਰ ਕੇਸਾਂ ਦੇ ਆਪਸੀ ਸਮਝੌਤੇ ਕਰਾ ਕੇ ਕੇਸ ਫੈਸਲਾ ਕਰਾ ਦਿੱਤੇ ਗਏ। ਇਨ੍ਹਾਂ ਕੌਮੀ ਲੋਕ ਅਦਾਲਤਾਂ ਵਿੱਚ ਕੁੱਲ 2678 ਕੇਸ ਸੁਣਵਾਈ ਲਈ ਪੇਸ਼ ਹੋਏ, ਜਿਨ੍ਹਾਂ ਵਿੱਚੋਂ 1083 ਕੇਸਾਂ ਦੇ ਆਪਸੀ ਸਮਝੌਤਿਆਂ ਰਾਹੀਂ ਫੈਸਲੇ ਕਰਾ ਦਿੱਤੇ ਗਏ ਅਤੇ ਕਰੀਬ 90231789/- ਰੁਪਏ ਦੇ ਐਵਾਰਡ ਪਾਸ ਕੀਤੇ ਗਏ। ਇਸ ਮੌਕੇ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਡੀ.ਐਲ.ਐਸ.ਏ. ਦੇ ਰਿਟੇਨਰ ਐਡਵੋਕੇਟ ਸ੍ਰੀ ਵਿਪਨ ਕੁਮਾਰ ਬਾਂਸਲ ਤੇ ਮੋਨਿਕਾ ਪਹੁਜਾ ਦੀ ਅਗਵਾਈ ਹੇਠ ਹੈਲਪ ਡੈਕਸ ਲਾਇਆ ਗਿਆ, ਜਿੱਥੇ ਗਰੀਬ ਅਤੇ ਲੋੜਵੰਦ ਲੋਕਾਂ ਨੇ ਮੁਫ਼ਤ ਵਿੱਚ ਵਕੀਲ ਮੁਹੱਈਆ ਕਰਾਏ ਗਏ। ਇਸ ਮੌਕੇ ਲੋਕ ਅਦਾਲਤ ਕਮੇਟੀ ਮੈਂਬਰ ਡਾ. ਮੋਹਨ ਲਾਲ ਸ਼ਰਮਾ ਪ੍ਰਿੰਸੀਪਲ ਡੀ ਏ ਵੀ ਸਕੂਲ ਸਮਾਣਾ, ਪ੍ਰਦੁੱਮਣ ਕੁਮਾਰ, ਹਰਭਜਨ ਸਿੰਘ ਗਿੱਲ ਤੇ ਐਡਵੋਕੇਟ ਰਮਨਦੀਪ ਕੌਰ, ਐਡਵੋਕੇਟ ਰਵੀ ਕੁਮਾਰ ਭਾਨ, ਐਡਵੋਕੇਟ ਗੁਰਵਿੰਦਰ ਸਿੰਘ ਗੋਲਨ, ਰੀਡਰ ਜਗਜੀਤ ਸਿੰਘ, ਰੀਡਰ ਸ਼ਤੀਸ਼ ਮਿੱਤਲ ਅਤੇ ਰੀਡਰ ਭਾਰਤ ਭੂਸ਼ਣ, ਨਾਜਰ ਇਆਸਈਨ ਖਾਨ ਤੋਂ ਇਲਾਵਾ ਸਮਾਣਾ ਬਾਰ ਦੇ ਵਕੀਲ ਸਹਿਬਾਨ, ਵੱਖ-ਵੱਖ ਬੈਂਕਾਂ ਦੇ ਕ੍ਰਮਚਾਰੀ ਅਤੇ ਕੇਸਾਂ ਦੀ ਸੁਣਵਾਈ ਵਾਲੇ ਲੋਕ ਹਾਜ਼ਰ ਸਨ।

11-Dec-PAGE-11-Majha-23.qxd 12/10/2023 10:52 PM Page 1



# ਪ੍ਰੈੱਸ ਕਲੱਬ ਅੰਮ੍ਰਿਤਸਰ ਦੀ ਗਵਰਨਿੰਗ ਬਾਡੀ ਸਮੇਤ ਵੱਖ-ਵੱਖ ਕਮੇਟੀਆਂ ਦਾ ਗਠਨ

## * ਕਲੱਬ ਨੂੰ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਹਰ ਪੱਤਰਕਾਰ ਦਾ ਲਿਆ ਜਾਵੇਗਾ ਸਹਿਯੋਗ : ਜਸਬੀਰ ਸਿੰਘ ਪੱਟੀ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਪ੍ਰੈੱਸ ਕਲੱਬ ਅੰਮ੍ਰਿਤਸਰ ਦੀ ਨਵੀਂ ਚੁਣੀ ਗਈ ਬਾਡੀ ਵਿੱਚ ਪੰਜ ਅਹੁਦੇਦਾਰ ਬਾਕਾਇਦਾ ਤੌਰ 'ਤੇ ਚੁਣੇ ਗਏ ਜਦਕਿ ਬਾਕੀ ਅਹੁਦੇਦਾਰਾਂ, ਗਵਰਨਿੰਗ ਬਾਡੀ ਤੇ ਵੱਖ-ਵੱਖ ਕਮੇਟੀਆਂ ਦੀ ਕਲੱਬ ਦੀ ਕਾਰਗੁਜ਼ਾਰੀ ਨੂੰ ਕਾਰਜ ਕੁਸ਼ਲਤਾ ਨਾਲ ਚਲਾਉਣ ਲਈ ਚੋਣ ਕੀਤੀ ਗਈ। ਪ੍ਰੈੱਸ ਕਲੱਬ ਦੇ ਬੁਲਾਰੇ ਅਬਦੇਸ਼ ਗੁਪਤਾ ਨੇ ਦੱਸਿਆ ਕਿ ਕਲੱਬ ਦੀ ਹੋਈ ਤਿੰਨ ਦਸੰਬਰ ਦੀ ਮੀਟਿੰਗ ਵਿੱਚ ਗਵਰਨਿੰਗ ਬਾਡੀ ਚੁਣਨ ਦੇ ਅਧਿਕਾਰ ਬਾਕਾਇਦਾ ਤੌਰ 'ਤੇ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਦਿੱਤੇ ਗਏ ਸਨ ਤੇ ਉਨ੍ਹਾਂ ਅਧਿਕਾਰਾਂ ਦੀ ਵਰਤੋਂ ਕਰਦਿਆਂ ਗਵਰਨਿੰਗ ਬਾਡੀ ਤੇ ਹੋਰ ਕਮੇਟੀਆਂ ਬਣਾਈਆਂ ਗਈਆਂ। ਚੁਣੇ ਗਏ ਪੰਜ ਅਹੁਦੇਦਾਰਾਂ ਪ੍ਰਧਾਨ ਜਸਬੀਰ ਸਿੰਘ ਪੱਟੀ, ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਕੁਮਾਰ, ਜਨਰਲ ਸਕੱਤਰ ਮਮਤਾ ਸ਼ਰਮਾ, ਜਾਇੰਟ ਸਕੱਤਰ ਰਾਜੀਵ ਸ਼ਰਮਾ (ਨਿਊਜ਼-18) ਤੇ ਖਜ਼ਾਨਚੀ ਦੇ ਅਹੁਦੇ ਲਈ ਵਿਸ਼ਾਲ ਕੁਮਾਰ (ਟ੍ਰਿਬਿਊਨ ਗਰੁੱਪ) ਨੇ ਕਲੱਬ ਦੀ ਕਾਰਵਾਈ ਨੂੰ ਸਹੀ ਢੰਗ ਨਾਲ ਚਲਾਉਣ ਲਈ ਗਵਰਨਿੰਗ ਬਾਡੀ, ਅਹੁਦੇਦਾਰਾਂ ਤੇ ਕਮੇਟੀਆਂ ਦਾ ਗਠਨ ਕੀਤਾ। ਐਡੀਸ਼ਨਲ ਖਜ਼ਾਨਚੀ ਸਤੀਸ਼ ਕਪੂਰ (ਭਾਸਕਰ), ਵਾਈਸ ਪ੍ਰਧਾਨ ਪ੍ਰਿਥੀਪਾਲ ਸਿੰਘ ਮਜੀਠਾ (ਜਗ ਬਾਣੀ), ਵਾਈਸ ਪ੍ਰਧਾਨ ਗੁਰਜੰਟ ਸਿੰਘ ਗਿੱਲ (ਜਗ ਬਾਣੀ) ਅਜਨਾਲਾ, ਐਡੀਸ਼ਨਲ ਜਨਰਲ ਸਕੱਤਰ ਅੰਮ੍ਰਿਤਪਾਲ ਸਿੰਘ, ਐਡੀਸ਼ਨਲ ਜਾਇੰਟ ਸਕੱਤਰ ਸ਼ਿਵਾ ਸ਼ਰਮਾ (ਪੀਟੀਆਈ), ਸੈਕਟਰੀ ਮਲਕੀਅਤ ਸਿੰਘ (ਅੱਜ ਦੀ ਆਵਾਜ਼) ਤੇ ਐਡੀਸ਼ਨਲ ਸੈਕਟਰੀ ਨਰਿੰਦਰਜੀਤ ਸਿੰਘ (ਨਵਾਂ ਜ਼ਮਾਨਾ) ਨੂੰ ਨਾਮਜ਼ਦ ਕੀਤਾ ਗਿਆ। ਗਵਰਨਿੰਗ ਬਾਡੀ ਦੀ ਚੋਣ ਕੀਤੀ ਗਈ ਜਿਸ ਵਿੱਚ ਬਲਜੀਤ ਸਿੰਘ ਕਾਹਲੋਂ (ਜਗ ਬਾਣੀ) ਕੱਥੂਨੰਗਲ, ਅਜੈ ਕੁਮਾਰ ਸ਼ਰਮਾ (ਦੈਨਿਕ ਸਵੇਰਾ), ਸਰਵਣ ਸਿੰਘ ਰੰਧਾਵਾ (ਸਪੋਕਸਮੈਨ), ਨਵੀਨ ਰਾਜਪੂਤ (ਦੈਨਿਕ ਜਾਗਰਣ), ਰਵਿੰਦਰ ਸ਼ਰਮਾ (ਅਮਰ ਉਜਾਲਾ), ਸਤਬੀਰ ਸਿੰਘ ਭੀਲ (ਜਗ ਬਾਣੀ) ਅਟਾਰੀ, ਜਤਿੰਦਰ ਸਿੰਘ ਬੇਦੀ (ਪੰਜਾਬ ਟਾਈਮਜ਼), ਵਿਰਾਜ ਚੋਪੜਾ (ਦੈਨਿਕ ਸਵੇਰਾ), ਸਤਨਾਮ ਜੱਜ (ਪਹਿਰੇਦਾਰ) ਮਹਿਤਾ, ਅਨਿਲ ਅਰੋੜਾ (ਪੰਜਾਬ ਕੇਸਰੀ), ਸੁਖਤਿੰਦਰ ਸਿੰਘ ਰਾਜੂ (ਨਵਾਂ ਜ਼ਮਾਨਾ) ਅਜਨਾਲਾ, ਜਰਨੈਲ ਸਿੰਘ ਕੱਥੂਨੰਗਲ (ਜਗ ਬਾਣੀ), ਮਨਜੀਤ ਸਿੰਘ (ਨਵਾਂ ਜ਼ਮਾਨਾ) ਗੁਹਿਰੀ ਮੰਡੀ, ਰਾਮ ਪ੍ਰਸਾਦ ਸ਼ਰਮਾ (ਪੰਜਾਬ ਕੇਸਰੀ) ਜੰਡਿਆਲਾ ਗੁਰੂ, ਮਨੋਹਰ ਸਿੰਘ ਰੰਧਾਵਾ (ਫਰੀ ਲਾਂਸਰ) ਮਜੀਠਾ, ਜਗਜੀਤ ਸਿੰਘ ਖਾਲਸਾ (ਦੈਨਿਕ ਸਵੇਰਾ), ਰਾਜੇਸ਼ ਸ਼ਰਮਾ (ਉੱਤਮ ਹਿੰਦੂ), ਰਾਕੇਸ਼ ਭੱਟੀ (ਜਗ ਬਾਣੀ) ਗੁਰੂ ਕਾ ਬਾਗ, ਸੋਨਲ ਦਵੇਸਰ (ਦੈਨਿਕ ਸਵੇਰਾ) ਜੰਡਿਆਲਾ ਗੁਰੂ, ਸੁਰਿੰਦਰਪਾਲ ਸਿੰਘ (ਜਗ ਬਾਣੀ) ਜੰਡਿਆਲਾ ਗੁਰੂ, ਪ੍ਰਵੇਸ਼ ਕੱਕੜ (ਪੰਜਾਬ ਕੇਸਰੀ) ਅਸ਼ਵਨੀ ਕੁਮਾਰ ਲੱਕੀ (ਏ ਵੀ ਐੱਸ), ਟੀਟੂ ਟੋਡਰਮੱਲ (ਪੰਜਾਬ ਕੇਸਰੀ), ਪਰਦੀਪ ਕੁਮਾਰ ਸ਼ਰਮਾ (ਉੱਤਮ ਹਿੰਦੂ) ਨੂੰ ਨਾਮਜ਼ਦ ਕੀਤਾ ਗਿਆ। ਵੈਟਰਨ ਪੱਤਰਕਾਰ ਦੀਪਕ ਸ਼ਰਮਾ ਪੈਟਰਨ ਤੇ ਦਵਿੰਦਰ ਸਿੰਘ ਭੰਗੂ ਤੇ ਰਾਜੇਸ਼ ਗੁਪਤਾ ਨੂੰ ਕਲੱਬ ਦੇ ਸਲਾਹਕਾਰ ਬਣਾਇਆ ਗਿਆ ਹੈ। ਵੱਖ-ਵੱਖ ਕਮੇਟੀਆਂ ਦਾ ਵੀ ਗਠਿਨ ਕੀਤਾ ਗਿਆ। ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਹਰਪਾਲ ਸਿੰਘ ਭੰਗੂ (ਸਟਿੰਗ ਆਪਰੇਸ਼ਨ), ਡਿਪਟੀ ਚੇਅਰਮੈਨ ਜੋਗਿੰਦਰ ਜੌੜਾ (ਗੁਲਸਤਾਨ ਤੇ ਜੇ ਕੇ 24ਯ 7 ਟੀ ਵੀ), ਹਰਦੇਵ ਸਿੰਘ ਪਿੰਸ (ਇੰਡੀਆ ਨਿਊਜ਼) ਸੰਨੀ ਗਿੱਲ (ਜੁਝਾਰ ਟਾਈਮਜ਼), ਨਰਿੰਦਰਜੀਤ ਸਿੰਘ (ਨਵਾਂ ਜ਼ਮਾਨਾ), ਵਿੱਤ ਕਮੇਟੀ ਦੇ ਕਨਵੀਨਰ ਜੱਜਬੀਰ ਸਿੰਘ (ਹਿੰਦੋਸਤਾਨ ਟਾਈਮਜ਼), ਇੰਚਾਰਜ ਗੁਰਜਿੰਦਰ ਸਿੰਘ ਮਾਹਲ (ਪੰਜਾਬੀ ਜਾਗਰਣ), ਸੁਰਿੰਦਰ ਸਿੰਘ ਵਿਰਦੀ (ਪੰਜਾਬੀ ਜਾਗਰਣ), ਕੈਲਾਸ਼ ਪਰਜਾਪਤੀ (ਪੰਜਾਬ ਕੇਸਰੀ), ਵੈੱਲਫੇਅਰ ਕਮੇਟੀ ਵਿੱਚ ਹਰੀਸ਼ ਕੁਮਾਰ (ਦੈਨਿਕ ਸਵੇਰਾ) ਨੂੰ ਇੰਚਾਰਜ, ਰਾਜਿੰਦਰ ਸਿੰਘ (ਦੈਨਿਕ ਜਾਗਰਣ) ਤੇ ਨਵੀਨ ਰਾਜਪੂਤ (ਦੈਨਿਕ ਜਾਗਰਣ) ਨੂੰ ਨਾਮਜ਼ਦ ਕੀਤਾ ਗਿਆ। ਸਕਰੂਟਨੀ ਕਮੇਟੀ ਵਿੱਚ ਚਰਨਜੀਤ ਸਿੰਘ (ਪਹਿਰੇਦਾਰ) ਚੇਅਰਮੈਨ, ਰਾਵਿੰਦਰ ਸ਼ਰਮਾ (ਅਮਰ ਉਜਾਲਾ), ਬੱਬਲੂ ਮਹਾਜਨ (ਚੜ੍ਹਦੀ ਕਲਾ ਤੇ ਟਾਈਮ ਟੀ ਵੀ), ਸਤਬੀਰ ਸਿੰਘ ਰਾਜੂ (ਕੈਮਰਾਮੈਨ), ਸ਼ਿਕਾਇਤ ਨਿਵਾਰਣ ਕਮੇਟੀ ਵਿੱਚ ਸਰਬਜੀਤ ਸਿੰਘ (ਜਗ ਬਾਣੀ) ਕਨਵੀਨਰ, ਕੁਲਬੀਰ ਸਿੰਘ (ਦੇਸ਼ ਸੇਵਕ) ਕੋ ਕਨਵੀਨਰ, ਤਰਸੇਮ ਸਿੰਘ ਸਾਧਪੁਰ (ਨਵਾਂ ਜ਼ਮਾਨਾ) ਬਾਬਾ ਬਕਾਲਾ, ਜਸਬੀਰ ਸਿੰਘ ਗਿੱਲ ਭਕਨਾ (ਜਗ ਬਾਣੀ) ਤੇ ਹਰਜੀਤ ਸਿੰਘ ਚੋਗਾਵਾਂ (ਜਗ ਬਾਣੀ) ਨੂੰ ਸ਼ਾਮਲ ਕੀਤਾ ਗਿਆ ਹੈ। ਇਸੇ ਤਰ੍ਹਾਂ ਪ੍ਰੈੱਸ ਕਲੱਬ ਦਾ ਮਹਿਲਾ ਵਿੰਗ ਵੀ ਗਠਿਤ ਕੀਤਾ ਗਿਆ ਹੈ ਜਿਸ ਦੀ ਪੈਟਰਨ ਵੈਟਰਨ ਪੱਤਰਕਾਰ ਰਸ਼ਮੀ ਤਲਵਾੜ ਤੇ ਮਮਤਾ ਸ਼ਰਮਾ ਨੂੰ ਬਣਾਇਆ ਗਿਆ ਹੈ ਜਦਕਿ ਨੇਹਾ (ਦੀ ਟ੍ਰਿਬਿਊਨ) ਨੂੰ ਕਨਵੀਨਰ, ਕਵਿਸਾ ਅਰੋੜਾ ਤੇ ਮੋਨਿਕਾ ਅਰੋੜਾ (ਦੈਨਿਕ ਭਾਸਕਰ) ਨੂੰ ਕੋ-ਕਨਵੀਨਰ, ਕੰਵਲਜੀਤ ਕੌਰ (ਪਬਲਿਕ ਦਿਲਾਸਾ) ਨੂੰ ਇੰਚਾਰਜ, ਖੁਸ਼ਬੂ ਸ਼ਰਮਾ (ਤਹਿਲਕਾ ਟੀ.ਵੀ.), ਸਿਮਰਨ ਰਾਜਪੂਤ (ਫਾਸਟਵੇਅ), ਸੀਮਾ ਦੇਵੀ, (ਜੇ ਕੇ 24ਯ 7) ਤੇ ਨੇਹਾ ਗਿੱਲ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸਮੇਂ ਪ੍ਰਧਾਨ ਜਸਬੀਰ ਸਿੰਘ ਪੱਟੀ ਨੇ ਕਿਹਾ ਕਿ ਪ੍ਰੈੱਸ ਕਲੱਬ ਦਾ ਪ੍ਰਬੰਧ ਪਾਰਦਰਸ਼ੀ ਢੰਗ ਨਾਲ ਚਲਾਉਣ ਲਈ ਸਮੂਹ ਪੱਤਰਕਾਰਾਂ ਦਾ ਸਹਿਯੋਗ ਲਿਆ ਜਾਵੇਗਾ ਤੇ ਹਰ ਪੱਤਰਕਾਰ ਦੀ ਕੋਈ ਨਾ ਕੋਈ ਜ਼ਿੰਮੇਵਾਰੀ ਲਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡੀ ਕਿਸੇ ਨਾਲ ਵੀ ਸਿਆਸੀ, ਇਖਲਾਕੀ ਤੇ ਜਾਤੀ ਰੰਜਿਸ਼ ਨਹੀਂ ਹੈ ਸਗੋਂ ਸਿਧਾਂਤਕ ਵੱਖਰੇਵੇਂ ਹਨ ਜਿਨ੍ਹਾਂ ਦਾ ਵੀ ਜਲਦੀ ਹੱਲ ਕਰ ਲਿਆ ਜਾਵੇਗਾ। ਸੇਵਾ ਤੇ ਚੌਧਰ ਵਿੱਚ ਫਰਕ ਹੁੰਦਾ ਹੈ ਪਰ ਅਸੀਂ ਸ਼ੁਰੂ ਤੋਂ ਹੀ ਸੇਵਾ ਕਰਨ ਵਿੱਚ ਯਕੀਨ ਰੱਖਦੇ ਹਾਂ ਤੇ ਅੱਗੇ ਤੋਂ ਵੀ ਭਾਈਚਾਰੇ ਦੀ ਸੇਵਾ ਦੇ ਸੰਕਲਪ ਨੂੰ ਹੀ ਅਪਨਾਇਆ ਜਾਵੇਗਾ। ਪੱਤਰਕਾਰ ਭਾਈਚਾਰਾ ਦੂਸਰਿਆਂ ਲਈ ਪ੍ਰੇਰਨਾ ਸਰੋਤ ਹੋਣਾ ਚਾਹੀਦਾ ਹੈ ਤੇ ਅੰਮ੍ਰਿਤਸਰ ਦਾ ਪੱਤਰਕਾਰ ਭਾਈਚਾਰਾ, ਭਾਈਚਾਰਕ ਸਾਂਝ ਬਣਾਉਣ ਨੂੰ ਪਹਿਲ ਦੇਵੇਗਾ। ਜਿਹੜੇ ਪੱਤਰਕਾਰ ਹੋਰ ਵੀ ਸੇਵਾ ਕਰਨ ਦੀ ਇੱਛਾ ਰੱਖਦੇ ਹੋਣਗੇ ਉਨ੍ਹਾਂ ਨੂੰ ਕਮੇਟੀਆਂ ਵਿੱਚ ਸ਼ਾਮਲ ਕੀਤਾ ਜਾਵੇਗਾ। ਦੂਸਰੀ ਲਿਸਟ ਵੀ ਜਲਦੀ ਜਾਰੀ ਕੀਤੀ ਜਾਵੇਗੀ।

# ਕਿਸਾਨੀ ਲਹਿਰ ਦੇ ਮੋਢੀ ਕਾਮਰੇਡ ਦਲੀਪ ਸਿੰਘ ਟਪਿਆਲਾ ਦੀ ਬਰਸੀ ਮਨਾਈ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਆਜ਼ਾਦੀ ਸੰਗਰਾਮ ਲਹਿਰਾਂ 'ਚ 18 ਸਾਲ ਜੇਲਾਂ 'ਚ ਨਜ਼ਰਬੰਦ ਰਹੇ ਕੌਮੀ ਟਕਸਾਲੀ ਕਮਿਊਨਿਸਟ ਆਗੂ ਤੇ ਪੰਜਾਬ ਕਿਸਾਨੀ ਲਹਿਰ ਦੇ ਮੋਢੀ ਕਾਮਰੇਡ ਦਲੀਪ ਸਿੰਘ ਟਪਿਆਲਾ ਦੀ 31ਵੀਂ ਬਰਸੀ ਮੌਕੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਵੱਲੋਂ ਉਨ੍ਹਾਂ ਦੇ ਜੱਦੀ ਪਿੰਡ ਟਪਿਆਲਾ (ਅਜਨਾਲਾ) ਵਿਖੇ ਮਜ਼ਦੂਰਾਂ, ਕਿਸਾਨਾਂ, ਛੋਟੇ ਕਾਰੋਬਾਰੀਆਂ ਤੇ ਜਮੂਹਰੀ-ਨਿਆਂ ਪਸੰਦ ਲੋਕਾਂ ਦੀ ਰਿਕਾਰਡਤੋੜ ਆਪ ਮੁਹਾਰੇ ਸ਼ਮੂਲੀਅਤ ਨਾਲ ਵਿਸ਼ਾਲ ਰਾਜਨੀਤਿਕ ਕਾਨਫਰੰਸ ਕਰਵਾਈ ਗਈ ਜਿਸ 'ਚ ਕਾਮਰੇਡ ਟਪਿਆਲਾ ਤੋਂ ਇਲਾਵਾ ਸਿਰਮੌਰ ਦੇਸ਼ ਭਗਤ ਕਾਮਰੇਡ ਫੌਜਾ ਸਿੰਘ ਭੁੱਲਰ, ਕਾਮਰੇਡ ਅੱਛਰ ਸਿੰਘ ਛੀਨਾ, ਕਾਮਰੇਡ ਸੋਹਣ ਸਿੰਘ ਜੋਸ਼, ਕਾਮਰੇਡ ਸੁਰਜਣ ਸਿੰਘ ਚੋਗਾਵਾਂ, ਕਾਮਰੇਡ ਹਜਾਰਾ ਸਿੰਘ ਜੱਸੜ, ਕਾਮਰੇਡ ਰਤਨ ਸਿੰਘ ਚੋਗਾਵਾਂ, ਕਾਮਰੇਡ ਗੁਰਦਿਆਲ ਸਿੰਘ ਟਪਿਆਲਾ ਅਤੇ ਉਨ੍ਹਾਂ ਦੇ ਹੋਰਨਾਂ ਯੁੱਧ ਸਾਥੀਆਂ ਨੂੰ ਆਰਐੱਮਪੀਆਈ ਪਾਰਟੀ ਸਮੇਤ ਵੱਖ-ਵੱਖ ਰਾਜਸੀ, ਸਮਾਜਿਕ, ਮਜ਼ਦੂਰਾਂ-ਕਿਸਾਨਾਂ-ਨੌਜਵਾਨਾਂ-ਔਰਤਾਂ ਤੇ ਸੱਭਿਆਚਾਰਕ ਸੰਗਠਨਾਂ ਦੇ ਪ੍ਰਮੁੱਖ ਆਗੂਆਂ ਵੱਲੋਂ ਇਨਕਲਾਬੀ ਭਾਵਨਾਵਾਂ ਨਾਲ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

ਕਾਨਫਰੰਸ 'ਚ ਮੌਜੂਦ ਹਾਜ਼ਰੀਨ ਵੱਲੋਂ ਫਿਰਕੂ-ਫਾਸ਼ੀਵਾਦੀ ਸ਼ਕਤੀਆਂ ਨੂੰ ਭਾਂਜ ਦੇਣ ਅਤੇ ਲੋਕ-ਪੱਖੀ ਚਲ ਰਹੇ ਸੰਘਰਸ਼ਾਂ ਨੂੰ ਸਹਿਯੋਗ ਦੇਣ ਲਈ ਸਮੂਹਿਕ ਤੌਰ 'ਤੇ ਅਹਿਦ ਲਿਆ! ਆਪਣੇ ਸਿਆਸੀ ਰਹਿਨੁਮਾ ਕਾਮਰੇਡ ਟਪਿਆਲਾ ਅਤੇ ਮਾਰਗਦਰਸ਼ਕ ਵਜੋਂ ਹੋਰਨਾਂ ਕਮਿਊਨਿਸਟ ਆਗੂਆਂ ਨੂੰ ਯਾਦ ਕਰਦਿਆਂ ਆਰਐੱਮਪੀਆਈ ਦੇ ਕੌਮੀ ਜਨਰਲ ਸਕੱਤਰ ਮੰਗਤਰਾਮ ਪਾਸਲਾ ਨੇ ਕਿਹਾ ਕਿ ਭਾਰਤ ਨੂੰ ਧਰਮ ਆਧਾਰਿਤ ਕੱਟੜ ਹਿੰਦੂ ਰਾਸ਼ਟਰ ਬਣਾਉਣ ਦੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰਐੱਸਐੱਸ) ਦੇ ਵਿਚਾਰਧਾਰਕ ਏਜੰਡੇ ਫਿਰਕੂਫਾਸ਼ੀਵਾਦ ਨੂੰ ਅੱਗੇ ਲਿਆ ਰਹੀ ਭਾਜਪਾ ਦੀ ਮੋਦੀ ਸਰਕਾਰ ਨੂੰ ਭਾਂਜ ਦੇਣ ਲਈ ਦੇਸ਼ ਦੀਆਂ ਖੱਬੀਆਂ, ਜਮੂਹਰੀਅਤ ਪਸੰਦ ਅਤੇ ਪਰਗਤੀਸ਼ੀਲ ਧਿਰਾਂ ਨੂੰ ਇਕੱਠੇ ਹੋਣਾ ਸਮੇਂ ਦੀ ਮੁੱਖ ਲੋੜ ਹੈ! ਪਾਸਲਾ ਨੇ ਅੱਗੇ ਕਿਹਾ ਕਿ ਮੋਦੀ ਸਰਕਾਰ ਦੀਆਂ ਸਾਮਰਾਜੀ ਅਤੇ ਕਾਰਪੋਰੇਟ ਲੋਟੂਆਂ ਪੱਖੀ ਨਵ-ਉਦਾਰਵਾਦੀ ਨੀਤੀਆਂ ਨੂੰ ਰੱਦ ਕਰਾਉਣ ਲਈ ਪੰਜਾਬ ਸਮੇਤ ਦੇਸ਼ ਵਿਆਪੀ ਸਾਂਝੇ ਸੰਘਰਸ਼ ਵਿੱਢਣਾ ਕਿਰਤੀ



ਲੋਕਾਂ ਲਈ ਅੱਜ ਜ਼ਿੰਦਗੀ ਮੌਤ ਦਾ ਸਵਾਲ ਬਣ ਚੁੱਕਾ ਹੈ। ਇਸ ਕਾਰਜ ਲਈ 2024 ਦੀਆਂ ਪਾਰਲੀਮਾਨੀ ਚੋਣਾਂ 'ਚ ਮੋਦੀ ਸਰਕਾਰ ਨੂੰ ਹਰਾਉਣਾ ਅਤਿ ਜ਼ਰੂਰੀ ਹੈ! ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਨੇ ਕਿਹਾ ਕਿ ਬਦਲਾਅ ਦੇ ਭੁਲੇਖਾ ਪਾਊ ਨਾਅਰਿਆਂ ਰਾਹੀਂ ਪੰਜਾਬ ਸੱਤਾ 'ਤੇ ਕਾਬਜ਼ ਹੋਣ 'ਚ ਸਫਲ ਰਹੀ ਭਗਵੰਤ ਮਾਨ ਸਰਕਾਰ ਦੀਆਂ ਨੀਤੀਆਂ ਅਤੇ ਪ੍ਰਸ਼ਾਸਨਿਕ ਪਹੁੰਚ ਦਾ ਪਿਛਲੀਆਂ ਸਰਕਾਰਾਂ ਨਾਲੋਂ ਉੱਕਾ ਹੀ ਫਰਕ ਨਹੀਂ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਆਰਐੱਮਪੀਆਈ, ਮਾਰਕਸੀ- ਲੈਨਿਨ ਫਲਸਫੇ ਦੀ ਰੌਸ਼ਨੀ 'ਚ ਸਮਾਜਿਕ ਤਬਦੀਲੀ ਦੇ ਸੰਗਰਾਮ ਨੂੰ ਅਗਾਂਹ ਤੋਰਨ ਲਈ ਵਚਨਬੱਧ ਹੈ! ਇਸ ਸਮੇਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਦੁਧਰਾਏ ਤੇ ਆਗੂ ਸਾਹਿਬ ਸਿੰਘ ਠੱਠੀ ਨੇ ਦੱਸਿਆ ਕਿ ਮੋਦੀ ਸਰਕਾਰ ਨੇ ਮਜ਼ਦੂਰ ਪੱਖੀ ਸਾਰੇ ਲੇਬਰ ਕਨੂੰਨ ਤੋੜ ਕੇ ਕਾਰਪੋਰੇਟ ਤੇ ਵੱਡੇ ਕਾਰਖਾਨੇਦਾਰਾਂ ਪੱਖੀ ਚਾਰ ਕੋਡ ਮਜ਼ਦੂਰਾਂ ਵਿਰੁੱਧ ਬਣਾ ਦਿੱਤੇ ਹਨ ਜਿਸ ਨੂੰ ਲਾਗੂ ਹੋਣ ਤੋਂ ਰੋਕਣ ਲਈ ਮਜ਼ਦੂਰ ਸੰਘਰਸ਼ਾਂ ਦੇ ਮੈਦਾਨ ਵਿੱਚ ਹਨ! ਡਾ. ਸਤਨਾਮ ਸਿੰਘ ਅਜਨਾਲਾ ਸੂਬਾ ਪ੍ਰਧਾਨ ਜਮੂਹਰੀ ਕਿਸਾਨ ਸਭਾ ਨੇ ਖਚਾਖਚ ਭਰੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਤੀ ਨੂੰ ਲਾਹੇਵੰਦਾ ਧੰਦਾ ਬਣਾਉਣ ਲਈ ਸਮੂਹ ਖੇਤੀ ਵਸਤਾਂ ਲਈ ਐੱਮਐੱਸਪੀ ਲੈਣ ਤੇ ਇਸ ਤੇ ਖਰੀਦ ਦੀ ਗਰੰਟੀ ਦਾ ਕਨੂੰਨ ਬਣਾਉਣ ਅਤੇ ਮੋਦੀ ਸਰਕਾਰ ਵੱਲੋਂ ਕਾਰਪੋਰੇਟ ਲੁਟੇਰਿਆਂ ਨੂੰ ਖੇਤੀ ਸੌਂਪਣ ਵਿਰੁੱਧ ਕਿਸਾਨੀ ਘੋਲਾਂ ਨੂੰ ਪ੍ਰੰਡ ਕਰਨਾ ਸਮੇਂ ਦੀ ਮੁੱਖ ਲੋੜ ਹੈ! ਇਕੱਠ ਨੂੰ ਟਪਿਆਲਾ ਦੇ ਪੋਤਰੇ ਨਵ ਰੂਪ ਸਿੰਘ (ਕੈਨੇਡਾ) ਤੇ ਉਨ੍ਹਾਂ ਦੇ ਦੋਹਤੇ ਸਾ. ਚੇਅਰਮੈਨ ਰੁਪਿੰਦਰ ਸਿੰਘ ਰੂਬੀ ਨੇ ਟਪਿਆਲਾ ਦੇ ਬਾਰੇ ਵਿਸਥਾਰ ਨਾਲ ਦੱਸਿਆ ਕਿ ਉਨ੍ਹਾਂ ਨੇ ਆਪਣੇ ਤੇ ਆਪਣੇ ਪਰਿਵਾਰ ਬਾਰੇ ਨਹੀਂ ਸੋਚਿਆ ਤੇ ਲੋਕਾਂ ਦੀ ਸੇਵਾ ਕੀਤੀ! ਕਾਨਫਰੰਸ ਨੂੰ ਸੀਨੀਅਰ ਪੱਤਰਕਾਰ ਪਰਸ਼ੋਤਮ ਸਿੰਘ ਅਜਨਾਲਾ ਨੇ ਵੀ ਟਪਿਆਲਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੀਤਲ ਸਿੰਘ ਤਲਵੰਡੀ, ਕੁਲਵੰਤ ਸਿੰਘ ਮੱਲੂਨੰਗਲ, ਵਿਰਸਾ ਸਿੰਘ ਟਪਿਆਲਾ, ਹਰਭਜਨ ਸਿੰਘ ਟਰਪਈ, ਟਹਿਲ ਸਿੰਘ ਚੇਤਨਪੁਰਾ, ਗੁਰਨਾਮ ਸਿੰਘ ਉਮਰਪੁਰਾ, ਸੁਰਜੀਤ ਸਿੰਘ ਭੂਰੇਗਿੱਲ, ਦੇਸਾ ਸਿੰਘ ਭਿੰਡੀ ਔਲਖ, ਬਲਬੀਰ ਸਿੰਘ ਕੱਕੜ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ! ਕਾਨਫਰੰਸ 'ਚ ਪ੍ਰਮੁੱਖ ਆਗੂ ਅਮਰਜੀਤ ਸਿੰਘ ਭੀਲੋਵਾਲ, ਵਿਸਾਖਾ ਸਿੰਘ ਭਗਵਾਂ, ਬਿਕਰਮਜੀਤ ਸਿੰਘ ਕੁਹਾਲੀ, ਸਤਵਿੰਦਰ ਸਿੰਘ ਉਠੀਆਂ, ਗਾਇਕ ਗੁਰਪਾਲ ਗਿੱਲ ਸੈਦਪੁਰ, ਤਰਸੇਮ ਸਿੰਘ ਕਾਮਲਪੁਰਾ, ਸਤਨਾਮ ਸਿੰਘ ਚੱਕ ਔਲ, ਬਲਕਾਰ ਸਿੰਘ ਗੁੱਲਗੜ, ਬੀਬੀ ਅਜੀਤ ਕੌਰ ਆਦਿ ਵੀ ਮੌਜੂਦ ਸਨ।

## ਧਾਰਮਿਕ ਗੀਤ 'ਜੰਞ ਚੜ੍ਹੀ ਚਾਰੇ ਲਾਲਾਂ ਦੀ' ਸਰੋਤਿਆਂ ਦੇ ਰੂਬਰੂ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਸਤਨਾਮ ਸਿੰਘ ਗੁਰੂ ਮਥਰੇਵਾਲੀਆ ਨੇ ਗੋਬਿੰਦ ਸਿੰਘ ਜੀ ਦੇ ਚਾਰ ਲਾਲਾਂ ਤੇ ਇੱਕ ਅਜਿਹਾ ਧਾਰਮਿਕ ਗੀਤ ਲਿਖਿਆ ਕਿ ਸੁਣਦੇ ਸਾਰ ਹੀ ਸੁਰਾਂ ਦੀ ਰਾਣੀ ਸੀਮਾ ਅਨਜਾਣ ਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਤੇ ਉਸ ਨੇ ਨੀਰਜ ਨਾਲ ਇਸ ਗੀਤ ਦੀ ਤਰਜ਼ 'ਤੇ ਗਾ ਕੇ ਇਸ ਨੂੰ ਰਿਕਾਰਡ ਕਰਵਾਉਣ ਦਾ ਮਨ ਬਣਾ ਲਿਆ ਤੇ ਫਿਰ ਨਰਾਇਣ ਸਿਨਹਾ ਨੇ ਭਾਵੁਕ ਸੰਗੀਤ ਦੇ ਕੇ ਗੀਤ ਜੰਞ ਚੜ੍ਹੀ ਚਾਰੇ ਲਾਲਾਂ ਦੀ ਰਿਕਾਰਡ ਕਰਵਾ ਦਿੱਤਾ। ਸੀਮਾ ਅਨਜਾਣ ਤੇ ਨੀਰਜ ਦੇ ਗਾਏ ਇਸ ਗੀਤ ਲਈ ਬਾਬਾ ਕਮਲ ਨੇ ਧਰਮ ਤੇ ਸ਼ਰਧਾ ਵਾਲਾ ਵੀਡੀਓ ਬਣਾ ਕੇ ਰਾਮ ਭੋਗਪੁਰੀਆ ਦੇ ਸਪੁਰਦ ਕੀਤਾ ਤੇ ਹੁਣ ਆਰ. ਜੇ. ਬੀਟਸ ਨੇ ਸੀਮਾ ਅਨਜਾਣ ਤੇ ਨੀਰਜ ਦਾ ਇਹ ਐਲਬਮ ਗੀਤ ਜਾਰੀ ਕਰ ਦਿੱਤਾ ਹੈ। ਹਰ ਕੋਈ ਸੁਣਦੇ ਸਾਰ ਹੀ ਆਵਾਜ਼ ਸੀਮਾ ਨੀਰਜ ਦੀ ਵਾਹ -ਵਾਹ ਆਖਦਾ ਤਾਰੀਫ ਕਰ ਰਿਹਾ ਹੈ। ਜੰਞ ਚੜ੍ਹੀ ਚਾਰੇ ਲਾਲਾਂ ਦੀ ਗੀਤ ਪੱਕਾ ਸਾਹਿਬਜ਼ਾਦਿਆਂ ਦੇ ਗੁਰਪੁਰਬ 'ਤੇ ਹਰ ਧਾਰਮਿਕ ਸਮਾਗਮ ਵਿੱਚ ਸੁਣਨ ਨੂੰ ਮਿਲਿਆ ਕਰੇਗਾ।

# ਨੈਸ਼ਨਲ ਲੋਕ ਅਦਾਲਤ 'ਚ 25450 'ਚੋਂ 22250 ਕੇਸਾਂ ਦਾ ਨਿਪਟਾਰਾ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਹਰਪ੍ਰੀਤ ਕੌਰ ਰੰਧਾਵਾ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਅਤੇ ਰਸ਼ਪਾਲ ਸਿੰਘ, ਸਿਵਲ ਜੱਜ ਸਹਿ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਯਤਨਾ ਸਦਕਾ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਹ ਨੈਸ਼ਨਲ ਲੋਕ ਅਦਾਲਤ ਜ਼ਿਲ੍ਹਾ ਕਚਹਿਰੀਆਂ ਅੰਮ੍ਰਿਤਸਰ ਅਤੇ ਇਸ ਦੇ ਨਾਲ ਤਹਿਸੀਲ ਅਜਨਾਲਾ ਅਤੇ ਬਾਬਾ ਬਕਾਲਾ ਸਾਹਿਬ ਵਿਖੇ ਵੀ ਲਗਾਈ ਗਈ। ਨੈਸ਼ਨਲ ਲੋਕ ਅਦਾਲਤ ਵਿੱਚ ਚੈੱਕ, ਬੈਂਕਾਂ, ਜ਼ਮੀਨੀ ਵਿਵਾਦਾਂ, ਘਰੇਲੂ ਝਗੜਿਆਂ ਅਤੇ ਹੋਰ ਤਕਰੀਬਨ ਸਾਰੇ ਕਿਸਮਾਂ ਦੇ ਕੇਸਾਂ ਦਾ ਨਿਪਟਾਰਾ ਕੀਤਾ ਗਿਆ। ਇਸ ਨੈਸ਼ਨਲ ਲੋਕ ਅਦਾਲਤ ਦੀ ਵੱਧ ਤੋਂ ਵੱਧ ਸਫਲਤਾ ਲਈ ਜ਼ਿਲ੍ਹਾ ਕਚਹਿਰੀਆਂ, ਅੰਮ੍ਰਿਤਸਰ ਅਤੇ ਤਹਿਸੀਲਾਂ ਅਜਨਾਲਾ ਅਤੇ ਬਾਬਾ ਬਕਾਲਾ ਸਾਹਿਬ ਵਿੱਚ ਕੁੱਲ 46 ਬੈਂਚ ਬਣਾਏ ਗਏ ਸਨ ਜਿਸ ਵਿੱਚੋਂ 21 ਬੈਂਚ ਅੰਮ੍ਰਿਤਸਰ ਅਦਾਲਤਾਂ, 1 ਬੈਂਚ ਸਥਾਈ ਲੋਕ ਅਦਾਲਤ, 2 ਬੈਂਚ ਅਜਨਾਲਾ ਅਤੇ 2 ਬੈਂਚ ਬਾਬਾ ਬਕਾਲਾ ਸਾਹਿਬ ਤਹਿਸੀਲਾਂ ਵਿੱਚ ਲਗਾਏ ਗਏ। ਇਸ ਤੋਂ ਇਲਾਵਾ ਰੈਵੀਨਿਊ ਅਦਾਲਤਾਂ ਵੱਲੋਂ ਅਪਣੇ ਪੱਧਰ ਤੇ 16 ਲੋਕ



ਅਦਾਲਤ ਬੈਂਚ ਲਗਾਏ ਗਏ।

ਪੁਲਸ ਵਿਭਾਗ ਵੱਲੋਂ ਵੀ ਮਹਿਲਾਂ ਕਾਊਂਸਲਿੰਗ ਸੈੱਲਾਂ ਵਿੱਚ ਵੀ 02 ਬੈਂਚ ਪਰਿਵਾਰਿਕ ਝਗੜਿਆ ਦੇ ਨਿਪਟਾਰੇ ਵਾਸਤੇ ਲਗਾਏ ਗਏ। ਇਸ ਦੇ ਨਾਲ ਹੀ ਕੋਆਪਰੇਟਿਵ ਸੋਸਾਇਟੀ ਵੱਲੋਂ 01 ਲੋਕ ਅਦਾਲਤ ਬੈਂਚ ਅਤੇ ਨਗਰ ਨਿਗਮ ਅੰਮ੍ਰਿਤਸਰ ਵੱਲੋਂ 01 ਲੋਕ ਅਦਾਲਤ ਬੈਂਚ ਲੋਕਾਂ ਦੀਆਂ ਸ਼ਿਕਾਇਤਾਂ ਅਤੇ ਪ੍ਰਦੂਸ਼ਣ ਦੇ ਚਲਾਨਾਂ ਦਾ ਲਗਾਇਆ ਗਿਆ। ਇਸ ਨੈਸ਼ਨਲ ਲੋਕ ਅਦਾਲਤ ਦੇ ਸਾਰੇ ਬੈਂਚਾਂ ਵੱਲੋਂ ਕੁੱਲ 25450 ਕੇਸ ਸੁਣਵਾਈ ਵਾਸਤੇ ਰੱਖੇ ਗਏ ਸਨ, ਜਿਨ੍ਹਾਂ ਵਿੱਚੋਂ 22250 ਕੇਸਾਂ ਦਾ ਆਪਸੀ ਰਾਜ਼ੀਨਾਮੇ ਨਾਲ ਨਿਪਟਾਰਾ ਕੀਤਾ ਗਿਆ। ਇਸ ਦੌਰਾਨ ਮਾਨਯੋਗ ਜਿਲ੍ਹਾ ਅਤੇ ਸੈਸ਼ਨਜ਼ ਜੱਜ ਹਰਪ੍ਰੀਤ ਕੌਰ ਰੰਧਾਵਾ ਵੱਲੋਂ ਲੋਕਾਂ ਨੂੰ ਲੋਕ ਅਦਾਲਤ ਦੇ ਮਹੱਤਵ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਲੋਕ ਅਦਾਲਤ ਵਿੱਚ ਦੋਵਾਂ ਧਿਰਾਂ ਦਾ ਰਾਜ਼ੀਨਾਮੇ ਤਹਿਤ ਫੈਸਲਾ ਕਰਵਾਇਆ ਜਾਂਦਾ ਹੈ। ਸਸਤਾ ਤੇ ਛੇਤੀ ਇਨਸਾਫ ਮਿਲਦਾ ਹੈ। ਫੈਸਲੇ ਦੀ ਕੋਈ ਅਪੀਲ ਨਹੀ ਹੁੰਦੀ। ਦੋਹਾਂ ਧਿਰਾਂ ਵਿੱਚ ਪਿਆਰ ਵੱਧਦਾ ਹੈ। ਸ਼੍ਰੀ ਰਸ਼ਪਾਲ ਸਿੰਘ, ਸਿਵਲ ਜੱਜ, ਸੀਨੀਅਰ ਡਵੀਜ਼ਨ ਵੱਲੋਂ ਇਹ ਸੁਨੇਹਾ ਦਿੱਤਾ ਗਿਆ ਕਿ ਲੋਕ ਅਦਾਲਤ ਨੂੰ ਲੋਕ ਨਿਆਇਕ ਪ੍ਰਣਾਲੀ ਵੀ ਆਖਿਆ ਜਾਂਦਾ ਹੈ। ਇਨ੍ਹਾਂ ਲੋਕ ਅਦਾਲਤਾਂ ਦੇ ਰਾਹੀਂ ਲੋਕ ਆਪਣੇ ਝਗੜੇ ਸ਼ਾਂਤਮਈ ਢੰਗ ਨਾਲ, ਸ਼ਾਂਤਮਈ ਵਾਤਾਵਰਨ ਵਿੱਚ ਮੁਕਾ ਸਕਦੇ ਹਨ। ਇਕ ਕੇਸ ਵਿੱਚ ਹੋਈ ਸਫਲਤਾ ਬਾਰੇ ਜੱਜ ਸਾਹਿਬਾਨ ਨੇ ਦਸਿਆ ਕਿ ਇਕ ਕੇਸ 2017 ਤੋਂ ਅਦਾਲਤਾਂ ਵਿੱਚ ਪੈਂਡਿੰਗ ਸੀ ਅਤੇ ਪਾਰਟੀਆਂ ਆਪਸ ਵਿੱਚ ਚੈੱਕ ਬਾਊਂਸ ਨੂੰ ਲੈ ਕੇ ਝਗੜ ਰਹੀਆਂ ਸਨ, ਜਿਸ ਕਾਰਨ ਦੋਹਾਂ ਧਿਰਾਂ ਦਾ ਆਪਸੀ ਝਗੜਾ ਕਾਫੀ ਵਧ ਗਿਆ ਸੀ। ਇਹ ਕੇਸ ਮਾਨਯੋਗ ਅਦਾਲਤ ਸ਼੍ਰੀ ਦਰਬਾਰੀ ਲਾਲ, ਵਧੀਕ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਵੱਲੋਂ ਸੁਣਿਆ ਗਿਆ ਅਤੇ ਜੱਜ ਸਾਹਿਬਾਨ ਅਤੇ ਮੈਂਬਰਾਂ ਦੇ ਯਤਨਾਂ ਸਦਕਾਂ ਉਕਤ ਕੇਸ ਦਾ ਰਾਜ਼ੀਨਾਮਾ 5 ਲੱਖ 80 ਹਜ਼ਾਰ ਵਿੱਚ ਹੋ ਗਿਆ।

## ਬਾਬਾ ਬੰਦਾ ਸਿੰਘ ਬਹਾਦਰ ਇੰਸਟੀਚਿਊਟ ਆਫ ਐਜੂਕੇਸ਼ਨ ਦਾ ਡੀ ਐੱਲ ਐੱਡ ਦਾ ਸ਼ਾਨਦਾਰ ਨਤੀਜਾ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਐੱਸ.ਸੀ.ਈ.ਆਰ.ਟੀ ਵੱਲੋਂ ਐਲਾਨ ਕੀਤੇ ਗਏ ਨਤੀਜਿਆਂ ਵਿੱਚੋਂ ਬਾਬਾ ਬੰਦਾ ਸਿੰਘ ਬਹਾਦਰ ਇੰਸਟਚਿਊਟ ਆਫ ਐਜੂਕੇਸ਼ਨ ਧਾਰੀਵਾਲ ਦੇ ਡੀ.ਐੱਲ.ਐੱਡ ਸੈਸ਼ਨ 2021-23 ਸਾਲ ਪਹਿਲਾ ਦਾ ਨਤੀਜਾ 100 ਫੀਸਦੀ ਰਿਹਾ। ਇਸ ਸਬੰਧੀ ਕਾਲਜ ਦੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਨੇ ਜਾਣਕਾਰੀ ਦਿੰਦੇ ਕਿਹਾ ਕਿ ਨਤੀਜੇ ਵਿੱਚੋਂ ਸੋਨਮ ਨੇ 916 ਅੰਕ ਲੈ ਕੇ ਪਹਿਲਾ ਸਥਾਨ, ਰਿਤੂ ਰਾਣੀ ਨੇ 852 ਅੰਕ ਲੈ ਕੇ ਦੂਜਾ ਸਥਾਨ ਅਤੇ ਗੁਰਵਿੰਦਰ ਸਿੰਘ ਨੇ 844 ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਸ਼ਾਨਦਾਰ ਨਤੀਜੇ ਤੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਨੇ ਮਿਹਨਤੀ ਸਟਾਫ ਅਤੇ ਵਿਦਿਆਰਥੀਆਂ ਦੀ ਚੰਗੀ ਕਾਰਗੁਜ਼ਾਰੀ ਦੀ ਸਰਾਹਨਾ ਕਰਦਿਆਂ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ।

ਉਨ੍ਹਾਂ ਨੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਭਵਿੱਚ ਵਿੱਖ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸਮੂਹ ਸਟਾਫ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਡੀ. ਐੱਲ. ਐੱਡ. 2023-25 ਸਾਲ ਪਹਿਲਾ ਦੀ ਦਾਖਲਾ ਪ੍ਰਕਿਰਿਆ ਲਈ ਕਾਲਜ ਵਿੱਚ ਹੈਲਪ ਡੈਸਕ ਸਥਾਪਤ ਕੀਤਾ ਗਿਆ ਹੈ। ਚਾਹਵਾਨ ਟੈਸਟ ਪਾਸ ਵਿਦਿਆਰਥੀ ਦਾਖਲਾ ਲੈਣ ਲਈ 9463494634 ਨੰਬਰ 'ਤੇ ਸੰਪਰਕ ਕਰ ਸਕਦੇ ਹਨ।

# ਗੰਡੋਏ ਗੋਬਰ, ਸਬਜ਼ੀਆਂ ਤੇ ਖੇਤੀਬਾੜੀ ਰਹਿੰਦ-ਖੂੰਹਦ ਨੂੰ ਖਾ ਕੇ ਵਧੀਆ ਕੰਪੋਸਟ 'ਚ ਬਦਲਦੇ : ਮਾਹਿਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਵਰਮੀਕੰਪੋਸਟਿੰਗ ਇਕ ਕੁਦਰਤੀ ਕਿਰਿਆ ਹੈ ਜਿਸ 'ਚ ਗੰਡੋਏ ਗੋਬਰ, ਰਸੋਈ 'ਚ ਸਬਜ਼ੀਆਂ ਦੀ ਰਹਿੰਦ-ਖੂੰਹਦ ਆਦਿ ਨੂੰ ਖਾ ਕੇ ਕੰਪੋਸਟ, ਖਾਦ 'ਚ ਬਦਲ ਦਿੰਦੇ ਹਨ। ਗੰਡੋਏ ਕਿਸਾਨਾਂ ਦੇ ਮਿੱਤਰ ਹਨ ਤੇ ਇਸ ਤੋਂ ਮਿਲਣ ਵਾਲੀ ਖਾਦ ਨੂੰ ਕਾਲਾ ਸੋਨਾ ਵੀ ਕਹਿੰਦੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖ਼ਾਲਸਾ ਕਾਲਜ ਵਿਖੇ ਪ੍ਰਿੰਸੀਪਲ ਡਾ. ਮਹਿਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ 'ਵਰਮੀ ਕੰਪੋਸਟਿੰਗ ਵਿਧੀ ਅਤੇ ਲਾਭ' ਵਿਸ਼ੇ 'ਤੇ ਕਰਵਾਈ ਗਈ ਵਰਕਸ਼ਾਪ ਮੌਕੇ ਸਬੰਧਿਤ ਮਾਹਿਰਾਂ ਦੁਆਰਾ ਕੀਤਾ ਗਿਆ। ਉਕਤ 8 ਰੋਜ਼ਾ ਵਰਕਸ਼ਾਪ ਪੰਜਾਬ ਸਟੇਟ ਕੌਂਸਿਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਅਤੇ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰਾਲਾ, ਭਾਰਤ ਸਰਕਾਰ ਦੇ ਸਹਿਯੋਗ ਨਾਲ ਵਾਤਾਵਰਣ ਸਿੱਖਿਆ ਪ੍ਰੋਗਰਾਮ ਤਹਿਤ ਕਰਵਾਈ ਗਈ, ਜਿਸ 'ਚ ਜ਼ਿਲ੍ਹੇ ਦੇ ਕਰੀਬ 350 ਸਰਕਾਰੀ ਸਕੂਲ ਅਧਿਆਪਕਾਂ ਨੂੰ ਗੰਡੋਇਆ ਖਾਦ ਬਣਾਉਣ ਦੀ ਸਿਖਲਾਈ ਦਿੱਤੀ ਗਈ। ਇਸ ਸਿਖਲਾਈ ਲਈ ਵੱਖ-ਵੱਖ ਅਦਾਰਿਆਂ ਤੋਂ ਮਾਹਿਰਾਂ ਵੱਲੋਂ ਤਕਨੀਕੀ ਅਤੇ ਕਾਰਜਕਾਰੀ ਵਿਧੀਆਂ ਬਾਰੇ





ਚਾਨਣਾ ਪਾਇਆ ਗਿਆ। ਇਸ ਦੌਰਾਨ ਪ੍ਰਿੰ: ਡਾ. ਮਹਿਲ ਸਿੰਘ ਨੇ ਪੰਜਾਬ ਦੇ ਖੇਤੀਬਾੜੀ ਮਾਹੌਲ ਦੀਆਂ ਮੁੱਖ ਤਬਦੀਲੀਆਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਵਰਕਸ਼ਾਪਾਂ ਸਮੇਂ ਦੀ ਜ਼ਰੂਰਤ ਹਨ। ਉਨ੍ਹਾਂ ਕਿਹਾ ਕਿ ਗੰਡੋਏ ਹਰ ਤਰ੍ਹਾਂ ਦੇ ਕਾਰਬਨਿਕ ਜੈਵਿਕ ਪਦਾਰਥ ਗੋਬਰ, ਗਲੇ-ਸੜੇ ਪੱਤੇ, ਬੂਟੇ ਦੀਆਂ ਜੜ੍ਹਾਂ, ਸਬਜ਼ੀਆਂ ਦੀ ਰਹਿੰਦ-ਖੂੰਹਦ, ਨੀਮਾਟੋਡ, ਬੈਕਟੀਰੀਆ, ਉਲੀ ਆਦਿ ਨੂੰ ਖਾਂਦੇ ਹਨ ਅਤੇ ਹਵਾ, ਪਾਣੀ ਤੇ ਛਾਂ 'ਚ ਗੰਡੋਏ ਜੈਵਿਕ ਕਚਰੇ ਨੂੰ ਗਲਨ-ਸੜਨ 'ਚ ਸਹਾਇਤਾ ਕਰਦੇ ਹਨ। ਇਹ ਸਾਰੀ ਪ੍ਰੀਕ੍ਰਿਆ ਵਰਮੀ ਕੰਪੋਸਟਿੰਗ ਕਹਾਉਂਦੀ ਹੈ। ਇਸ ਵਰਕਸ਼ਾਪ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਮੁੱਖ ਮਾਹਿਰ ਪ੍ਰੋ: ਡਾ. ਸਰੋਜ ਅਰੋੜਾ ਅਤੇ ਕਿਸਾਨ ਵਿਕਾਸ ਕੇਂਦਰ, ਨਾਗ ਕਲਾਂ ਤੋਂ ਡਾ. ਰਾਜਨ ਭੱਟ ਨੇ ਸ਼ਿਰਕਤ ਕੀਤੀ। ਉਨ੍ਹਾਂ ਸਾਂਝੇ ਤੌਰ 'ਤੇ ਅਧਿਆਪਕਾਂ ਨੂੰ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਕਿਸ ਤਰ੍ਹਾਂ ਗੰਡੋਏ ਗੋਬਰ, ਸਬਜ਼ੀਆਂ ਤੇ ਖੇਤੀਬਾੜੀ ਰਹਿੰਦ-ਖੂੰਹਦ ਨੂੰ ਖਾ ਕੇ ਵਧੀਆ ਕੰਪੋਸਟ 'ਚ ਬਦਲ ਦਿੰਦੇ ਹਨ। ਜਿਸ ਨੂੰ ਕਾਲਾ ਸੋਨਾ ਕਿਹਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੋਬਰ, ਛਾਂ ਅਤੇ ਹਵਾਦਾਰ ਜਗ੍ਹਾ, ਪਾਣੀ ਅਤੇ ਗੰਡੋਏ ਮੁੱਢਲੇ ਤੌਰ 'ਤੇ ਵਰਮੀਕੰਪੋਸਟਿੰਗ ਦੀਆਂ 4 ਲੋੜਾਂ ਹੁੰਦੀਆਂ ਹਨ। ਵਰਮੀ ਕੰਪੋਸਟਿੰਗ 'ਚ ਇਸੀਨੀਆ ਫਿਟੀਡਾ ਜਾਂ ਯੂਡਰੀਲਸ ਯੂਜੀਨਿਆਂ ਖਾਸ ਤਰ੍ਹਾਂ ਦੇ ਗੰਡੋਏ ਵਰਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਹ ਛੋਟੇ ਆਕਾਰ ਦੇ ਭੂਮੀ ਦੀ ਉਪਰਲੀ ਤਹਿ 'ਤੇ ਰਹਿਣ ਵਾਲੇ ਹੁੰਦੇ ਹਨ।

ਇਨ੍ਹਾਂ ਦੀ ਕਾਰਜਸ਼ੀਲਤਾ ਅਤੇ ਜੀਵਨਕਾਲ ਘੱਟ ਹੁੰਦਾ ਹੈ ਪਰ ਪ੍ਰਜਣਨ ਦਰ ਜਿਆਦਾ ਹੁੰਦੀ ਹੈ। ਇਹ ਕਰੀਬ 28 ਮਹੀਨਿਆਂ ਤੱਕ ਜਿਊਂਦੇ ਰਹਿ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਕਾਰਬਨਿਕ ਪਦਾਰਥਾਂ ਨੂੰ 90 ਪ੍ਰਤੀਸ਼ਤ ਅਤੇ ਮਿੱਟੀ ਨੂੰ 10 ਫ਼ੀਸਦੀ ਖਾਂਦੇ ਹਨ। ਇਨ੍ਹਾਂ ਦੀ ਕਾਰਜਸ਼ੀਲਤਾ 25-30 ਡਿਗਰੀ ਸੈਂਟੀਗ੍ਰੇਡ ਤਾਪਮਾਨ ਅਤੇ 30-40 ਪ੍ਰਤੀਸ਼ਤ ਨਮੀ 'ਚ ਠੀਕ ਰਹਿੰਦੀ ਹੈ।

# ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਹੋਈਆਂ ਬੱਚਿਆਂ ਦੀਆਂ ਸਾਲਾਨਾ ਖੇਡਾਂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਸਲਾਨਾ ਖੇਡਾਂ ਕਰਵਾਈਆਂ ਗਈਆਂ। ਇਸ ਬਾਬਤ ਸਕੂਲ ਦੇ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਸਕੂਲ ਵਿੱਚ ਬਣੇ ਲੀਗਲ ਲਿਟਰੇਸੀ ਕਲੱਬ ਅਤੇ ਬੱਡੀ ਗਰੁੱਪ ਵੱਲੋਂ ਕਰਵਾਈਆਂ ਗਈਆਂ ਇਨ੍ਹਾਂ ਖੇਡਾਂ ਵਿੱਚ ਬਨੈਨਾ ਰੇਸ ਵਿੱਚੋਂ ਸਹਿਜਦੀਪ, ਦਿਲਪ੍ਰੀਤ ਤੇ ਅਮਨਦੀਪ ਨੇ ਪਹਿਲਾ, ਮਨਵੀਰ, ਰਣਵੀਰ, ਨਵਿਆ ਤੇ ਗੁਰਨੂਰ ਨੇ ਦੂਜਾ ਅਤੇ ਗੁਰਲੀਨ, ਗੁਰਸੀਰਤ ਤੇ ਚਾਹਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 100 ਮੀ: ਰੇਸ ਲੜਕੇ ਤੇ ਲੜਕੀਆਂ ਵਿੱਚੋਂ ਸੁਖਮਨ, ਜਸਵਿੰਦਰ ਗਿੱਲ, ਸਹਿਜਦੀਪ ਤੇ ਗੁਰਨੂਰ ਨੇ ਪਹਿਲਾ, ਸੀਰਤ, ਮਨਰਾਜ, ਕਰਨ ਤੇ ਨਿਤਿਸ਼ ਨੇ ਦੂਜਾ ਅਤੇ ਆਰਵ, ਅਸ਼ੋਸ਼, ਪੁਨੀਤ, ਜਸ਼ਨ, ਗੁਰ-ਰਾਜਵੀਰ ਤੇ ਹਰਜੋਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 200 ਮੀ: ਰੇਸ ਵਿੱਚ ਲੜਕੇ ਅਤੇ ਲੜਕੀਆਂ ਦੇ ਜੂਨੀਅਰ ਤੇ ਸੀਨੀਅਰ ਗਰੁੱਪ ਵਿੱਚੋਂ ਹਰਪ੍ਰਤਾਪ, ਪਲਵਿੰਦਰ, ਦਿਲਰਾਜ, ਸਿਨੇਹਾ, ਸੁਖਮਨਪ੍ਰੀਤ ਤੇ ਰਣਜੋਧਵੀਰ ਨੇ ਪਹਿਲਾ, ਮਨਿੰਦਰ, ਜਸਮੀਤ, ਮਹਾਂਵੀਰਪ੍ਰਤਾਪ, ਗੁਰਨੂਰ, ਹਰਪ੍ਰੀਤ, ਸਿਮਰਨਦੀਪ ਤੇ ਮਨਪ੍ਰੀਤ ਨੇ ਦੂਜਾ ਅਤੇ ਪ੍ਰਾਵਿਤ, ਚਾਹਤ, ਹਰਸਿਮਰਨ, ਸ਼ੁਭਮ, ਹਰਪ੍ਰੀਤ, ਵਿਰਾਟ, ਸਹਿਜਪ੍ਰੀਤ, ਸਿਮਰਨਦੀਪ ਤੇ ਹਰਮਨਪ੍ਰੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 400 ਮੀ: ਰੇਸ ਲੜਕੇ ਤੇ ਲੜਕੀਆਂ ਵਿੱਚੋਂ ਅੰਮ੍ਰਿਤਪਾਲ, ਜਸਲੀਨ, ਸੁਖਮਨਦੀਪ, ਮੁਹੰਮਦ ਆਰਿਫ, ਤਰਮਨਜੋਤ ਤੇ ਸਿਨੇਹਾ ਨੇ ਪਹਿਲਾ, ਗੁਰਕਰਨ, ਹਰਨੀਤ, ਹਰਸਿਮਰਨ, ਅਰਸ਼ਦੀਪ ਤੇ ਮਨਪ੍ਰੀਤ ਨੇ ਦੂਜਾ ਅਤੇ ਮਨਿੰਦਰ ਗਿੱਲ, ਚਾਹਤਪ੍ਰੀਤ, ਅਮਰਬੀਰ, ਹਰਮਨਪ੍ਰੀਤ ਤੇ ਪ੍ਰਨੀਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ। 800 ਮੀ: ਰੇਸ ਲੜਕੇ ਤੇ ਲੜਕੀਆਂ ਵਿਚੋਂ ਤਰਮਨਜੋਤ ਤੇ ਸਿਨੇਹਾ ਨੇ ਪਹਿਲਾ, ਮੁਹੰਮਦ ਆਰਿਫ ਤੇ ਪ੍ਰਨੀਤ ਨੇ ਦੂਜਾ ਅਤੇ ਸ਼ੁਭਮ, ਨਵਨੀਤ ਤੇ ਅਨੰਨਿਆਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਲੌਂਗ ਜੰਪ ਵਿੱਚ ਗੁਰਨੂਰ, ਈਸ਼ਿਕਾ, ਪਲਵਿੰਦਰ, ਦਿਲਰਾਜ ਤੇ ਮਨਪ੍ਰੀਤ ਨੇ ਪਹਿਲਾ, ਹਰਪ੍ਰੀਤ, ਸੁਪਰੀਤ, ਹਸਰਤਪ੍ਰੀਤ, ਤਰਮਨਜੋਤ ਤੇ ਪ੍ਰਨੀਤ ਨੇ ਦੂਜਾ ਅਤੇ ਐਸ਼ਪ੍ਰੀਤ, ਅਜ਼ਾਦਪ੍ਰੀਤ, ਗੁਰਲੀਨ, ਹਰਪ੍ਰਤਾਪ, ਸੁਖਜਿੰਦਰ ਤੇ ਸਿਨੇਹਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸ਼ਾਟਪੁੱਟ ਵਿੱਚ ਸਿਨੇਹਾ, ਉਂਕਾਰਦੀਪ ਤੇ ਮਹਾਂਵੀਰਪ੍ਰਤਾਪ ਨੇ ਪਹਿਲਾ, ਹਰਪ੍ਰਤਾਪ, ਸ਼ੁਭਮ ਤੇ ਗਗਨਪ੍ਰੀਤ ਨੇ ਦੂਜਾ ਅਤੇ ਅਨਮੋਲ, ਹਰਮਨਪ੍ਰੀਤ, ਅੰਮ੍ਰਿਤਪਾਲ ਤੇ ਤਰਮਨਜੋਤ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਤੇ ਸਕੂਲ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ। ਰੱਸਾ-ਕੱਸੀ ਅਤੇ ਵਾਲੀਬਾਲ ਦੇ ਫਸਵੇਂ ਮੁਕਾਬਲੇ ਵਿੱਚ ਤਰਮਨਜੋਤ ਤੇ ਪ੍ਰਨੀਤ ਦੀਆਂ ਟੀਮਾਂ ਨੇ ਜਿੱਤ ਪ੍ਰਾਪਤ ਕੀਤੀ। ਸਕੂਲ ਦੇ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਮੈਡਮ ਰਣਜੀਤ ਕੌਰ, ਪ੍ਰਿੰਸੀਪਲ ਮੇਜਰ ਸਿੰਘ ਚਾਹਲ, ਡਾ: ਸ਼ਰਨਜੀਤ ਸਿੰਘ ਅਤੇ ਡਾ: ਕਮਲਪ੍ਰੀਤ ਕੌਰ ਨੇ ਜੇਤੂ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ ਅਤੇ ਅਗਾਂਹ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



# ਕਾਦੀਆਂ ਪੁਲਸ ਵੱਲੋਂ ਹੈਰੋਇਨ ਸਮੇਤ ਨੌਜਵਾਨ ਕਾਬੂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਐੱਸਐੱਸਪੀ ਬਟਾਲਾ ਅਸ਼ਵਨੀ ਗੋਟਿਆਲ ਦੇ ਦਿਸ਼ਾ ਨਿਰਦੇਸ਼ਾਂ ਅਤੇ ਡੀਐੱਸਪੀ ਹਰਗੋਬਿੰਦਪੁਰ ਰਾਜੇਸ਼ ਕੱਕੜ ਦੀ ਰਹਿਨੁਮਾਈ ਹੇਠ ਅਤੇ ਐੱਸਐੱਚਓ ਕਾਦੀਆਂ ਕੁਲਵੰਤ ਸਿੰਘ ਮਾਨ ਦੀ ਨਿਗਰਾਨੀ ਹੇਠ ਨਸ਼ੇ ਨੂੰ ਖਤਮ ਕਰਨ ਲਈ ਜੰਗੀ ਪੱਧਰ ਤੇ ਕੰਮ ਕੀਤਾ ਜਾ ਰਿਹਾ ਹੈ। ਕਾਦੀਆਂ ਪੁਲਸ ਵੱਲੋਂ ਮੁਸਤੈਦੀ ਨਾਲ ਕੰਮ ਲੈਂਦੇ ਹੋਏ ਚੋਰਾਂ ਅਤੇ ਨਸ਼ਾ ਤਸਕਰਾਂ ਨੂੰ ਪਿਛਲੇ ਦਿਨਾਂ ਵਿੱਚ ਗ੍ਰਿਫਤਾਰ ਕਰਨ ਵਿੱਚ ਵੱਡੀਆਂ ਸਫਲਤਾਵਾਂ ਹਾਸਲ ਕੀਤੀਆਂ ਹਨ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਤਾੜਨਾ ਕਰਦੇ ਹੋਏ ਥਾਣਾ ਮੁਖੀ ਨੇ ਕਿਹਾ ਕਿ ਸਮਾਂ ਰਹਿੰਦੇ ਹੋਏ ਉਹ ਸੁਧਰ ਜਾਣ ਨਹੀਂ ਤੇ ਉਨ੍ਹਾਂ ਨੂੰ ਵੀ ਸਲਾਖਾਂ ਪਿੱਛੇ ਜਾਣਾ ਪਵੇਗਾ। ਸਮਾਜ ਵਿਰੋਧੀ ਕਿਸੇ ਵੀ ਅਨਸਰ ਨੂੰ ਬਖਸ਼ਿਆ ਨਹੀਂ ਜਾਵੇਗਾ। ਇਸੇ ਦੇ ਚਲਦੇ ਉਨ੍ਹਾਂ ਕਿਹਾ ਕੱਲ ਨਾਕਾਬੰਦੀ ਦੌਰਾਨ ਇਕ ਨੌਜਵਾਨ ਨੂੰ 3 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ ਜਿਸ 'ਤੇ ਮੁਕੱਦਮਾ ਨੰਬਰ 12/9-12-23 ਦਰਜ ਕਰ ਕੇ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਇਸ ਬਾਰੇ ਹੋਰ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਕੁਲਵੰਤ ਸਿੰਘ ਮਾਨ ਨੇ ਕਿਹਾ ਕਿ ਨੌਜਵਾਨ ਦੀ ਪਹਿਚਾਣ ਬਲਬੀਰ ਸਿੰਘ ਪੁੱਤਰ ਮੁਖਤਾਰ ਸਿੰਘ ਵਾਸੀ ਕੋਟ ਟੋਡਰ ਮੱਲ ਵਜੋਂ ਹੋਈ ਹੈ ਜਿਸ ਦੇ ਖਿਲਾਫ ਪਹਿਲਾਂ ਵੀ ਮੁਕੱਦਮਾ ਚੱਲ ਰਿਹਾ ਹੈ।



## ਸਾਡੀ ਸੱਭਿਆਚਾਰਕ ਵਿਰਾਸਤ ਸਾਡੇ ਆਧੁਨਿਕ ਵਿਕਾਸ ਦੀ ਪੂੰਜੀ ਹੈ : ਸ਼ਾਹ

ਲੁਧਿਆਣਾ/ਜਲੰਧਰ : ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਨਵੀਂ ਦਿੱਲੀ ਵਿੱਚ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਦੇ 69ਵੇਂ ਰਾਸ਼ਟਰੀ ਸੰਮੇਲਨ ਦਾ ਮੁੱਖ ਮਹਿਮਾਨ ਵਜੋਂ ਉਦਘਾਟਨ ਕੀਤਾ।

ਇਸ ਮੌਕੇ ਸ਼ਾਹ ਨੇ ਸਪੱਸ਼ਟ ਕੀਤਾ ਕਿ ਪਿਛਲੇ 9 ਸਾਲਾਂ 'ਚ ਸੱਭਿਆਚਾਰਕ ਵਿਰਾਸਤ ਦੀ ਪੁਨਰ ਸੁਰਜੀਤੀ ਦੇ ਨਾਲ-ਨਾਲ ਆਧੁਨਿਕ ਵਿਕਾਸ ਦੀ ਨੀਂਹ ਇਹ ਸਾਬਤ ਕਰਦੀ ਹੈ ਕਿ ਸਾਡੀ ਸੱਭਿਆਚਾਰਕ ਵਿਰਾਸਤ ਸਾਡੇ ਆਧੁਨਿਕ ਵਿਕਾਸ ਦੀ ਪੂੰਜੀ ਹੈ, ਇਸ ਦੇ ਆਧਾਰ ਤੇ ਹੀ ਆਧੁਨਿਕ ਵਿਕਾਸ ਹੋ ਸਕਦਾ ਹੈ। ਅੱਜ ਇਹ ਸਿੱਧ ਹੋ ਚੁੱਕਾ ਹੈ ਕਿ ਸੱਭਿਆਚਾਰਕ ਵਿਰਸੇ ਨੂੰ ਸੰਭਾਲਣਾ ਅਤੇ ਆਧੁਨਿਕਤਾ ਨਾਲ ਵਿਕਾਸ ਕਰਨਾ ਵਿਰੋਧੀ ਗੱਲਾਂ ਨਹੀਂ ਹਨ, ਸਗੋਂ ਦੋਵੇਂ ਇੱਕ ਦੂਜੇ ਦੀ ਮਦਦ ਕਰਨ ਵਾਲੀਆਂ ਚੀਜ਼ਾਂ ਹਨ।

# ਮਜੀਠੀਆ ਦੀ ਅਗਵਾਈ 'ਚ ਪਿੰਡ-ਪਿੰਡ ਕੀਤੀਆਂ ਜਾਣਗੀਆਂ ਮੀਟਿੰਗਾਂ : ਰਾਜਬੀਰ ਪੱਖੋਕੇ

ਝਬਾਲ (ਹਰਜਿੰਦਰ ਸਿੰਘ ਸੋਨੀ)-ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ ਨੇ ਪਿੰਡ ਬਾਠ ਵਿੱਚ ਭਰਵੇਂ ਇਕੱਠ 'ਚ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਸਿਰਫ ਟੀਮ ਪੱਖੋਕੇ ਦੀ ਮੀਟਿੰਗ ਸੀ ਜਿਸ ਵਿੱਚ ਪੂਰੇ ਉਤਸ਼ਾਹ ਨਾਲ ਟੀਮ ਮੈਂਬਰ ਪਹੁੰਚੇ ਸਨ। ਪੱਖੋਕੇ ਨੇ ਕਿਹਾ ਕਿ ਅਕਾਲੀ ਦਲ ਕਾਲੇ ਦਿਨਾਂ ਦੌਰਾਨ ਸੂਬੇ ਵਿੱਚ ਸ਼ਾਂਤੀ ਦੀ ਬਹਾਲੀ ਲਈ ਕੀਤੇ ਗਏ ਉਪਰਾਲਿਆਂ ਤੋਂ ਇਲਾਵਾ ਹਿੰਦ-ਸਿੱਖ ਏਕਤਾ ਦੇ ਮੁਦਈ ਹੁੰਦਿਆਂ ਰਾਜ ਨੂੰ ਵਿਕਾਸ ਦੀਆਂ ਲੀਹਾਂ 'ਤੇ ਤੋਰਿਆ। ਕਿਸਾਨਾਂ ਨੂੰ ਮੁਫਤ ਬਿਜਲੀ ਦੀ ਸਹੂਲਤ, ਗਰੀਬ ਪਰਿਵਾਰਾਂ ਨਾਲ ਸਬੰਧਤ ਧੀਆਂ ਦੇ ਵਿਆਹ ਮੌਕੇ ਸ਼ਗਨ ਸਕੀਮ ਦੀ ਸ਼ੁਰੂਆਤ ਅਕਾਲੀ ਦਲ ਨੇ ਕੀਤੀ। ਬਾਅਦ ਵਿੱਚ ਕੇਂਦਰ ਸਰਕਾਰ ਨੇ ਵੀ ਇਹ ਸਕੀਮ ਲਾਗੂ ਕੀਤੀ। ਪੱਖੋਕੇ ਨੇ ਕਿਹਾ ਕਿ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਹਲਕਾ ਖਡੂਰ ਸਾਹਿਬ ਦੇ ਹਰ ਪਿੰਡ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ ਤੇ ਆਉਣ ਵਾਲੀਆਂ ਚੋਣਾਂ ਬਲਾਕ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਤੇ ਸਰਪੰਚੀਆਂ ਜਿਤਾ ਕੇ ਬਿਕਰਮ ਸਿੰਘ ਮਜੀਠੀਆ ਦੀ ਝੋਲੀ ਵਿੱਚ ਪਾਈਆਂ ਜਾਣਗੀਆਂ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਪੰਜਾਬ ਮੀਤ ਪ੍ਰਧਾਨ ਰਾਜਬੀਰ ਸਿੰਘ ਪੱਖੋਕੇ, ਕੇਵਲ ਸਿੰਘ ਬਾਠ, ਜੁਵਰਾਜ ਸਿੰਘ ਹੈਪੀ, ਪਲਵਿੰਦਰ ਸਿੰਘ ਬਾਠ, ਕੁਲਦੀਪ ਸਿੰਘ ਮਾਲਚੱਕ, ਸੁਬੇਗ ਸਿੰਘ ਮਾਲਚੱਕ, ਬਚਿੱਤਰ ਸਿੰਘ ਪੱਖੋਕੇ, ਨੰਬਰਦਾਰ ਕੁਲਦੀਪ ਸਿੰਘ ਪੱਖੋਕੇ, ਕਿਸ਼ਨ ਸਿੰਘ ਪੱਖੋਕੇ, ਮਲਕੀਤ ਸਿੰਘ, ਦਿਲਸ਼ੇਰ ਸਿੰਘ, ਸੁਖਚੈਨ ਸਿੰਘ, ਦਿਲਬਾਗ ਸਿੰਘ ਪੱਖੋਕੇ, ਗੁਰਵੇਲ ਸਿੰਘ ਸਰਹਾਲੀ, ਸ਼ੇਰ ਸਿੰਘ ਸੰਘਾ, ਪ੍ਰਭਜੀਤ ਸਿੰਘ ਦੁੱਗਲਵਾਲ, ਕਰਤਾਰ ਸਿੰਘ ਕੱਲਾ, ਮੈਂਬਰ ਪੰਚਾਇਤ ਨਰਿੰਦਰ ਸਿੰਘ ਕੱਲਾ, ਸ਼ਿੰਦਾ ਦੀਨੇਵਾਲ, ਗੁਰਪ੍ਰੀਤ ਸਿੰਘ, ਅੰਗਰੇਜ਼ ਸਿੰਘ ਆਦਿ ਵੱਡੀ ਗਿਣਤੀ ਵਿਚ ਵਰਕਰ ਹਾਜ਼ਰ ਸਨ।



## ਮੰਤਰੀ ਅਨਿਲ ਵਿਜ ਨੇ ਸੀਨੀਅਰ ਪੱਤਰਕਾਰ ਰਮੇਸ਼ ਸ਼ਰਮਾ ਦੇ ਦੇਹਾਂਤ 'ਤੇ ਸ਼ੋਕ ਪ੍ਰਗਟਾਇਆ

ਚੰਡੀਗੜ੍ਹ : ਹਰਿਆਣਾ ਦੇ ਗ੍ਰਹਿ ਤੇ ਸਿਹਤ ਮੰਤਰੀ ਅਨਿਲ ਵਿਜ ਨੇ ਅੱਜ ਸੀਨੀਅਰ ਪੱਤਰਕਾਰ ਰਮੇਸ਼ ਸ਼ਰਮਾ ਦੇ ਦੇਹਾਂਤ 'ਤੇ ਸ਼ੋਕ ਪ੍ਰਗਟਾਇਆ ਹੈ। ਰਮੇਸ਼ ਸ਼ਰਮਾ ਲਗਭਗ 75 ਸਾਲ ਦੇ ਸਨ। ਅੱਜ ਇੱਥੇ ਜਾਰੀ ਇਕ ਸ਼ੋਕ ਸੰਦੇਸ਼ ਵਿਚ ਗ੍ਰਹਿ ਤੇ ਸਿਹਤ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਪਰਵਾਰ ਵਿਚ ਆਪਣਿਆਂ ਦਾ ਜਾਣਾ ਬਹੁਤ ਦੁਖਦਾਈ ਹੁੰਦਾ ਹੈ ਪਰ ਸੰਸਾਰ ਵਿਚ ਜੀਵਨ ਅਤੇ ਮੌਤ ਦਾ ਚੱਕਰ ਚਲਦਾ ਰਹਿੰਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰਮੇਸ਼ ਸ਼ਰਮਾ ਨਾਲ ਕਈ ਸਾਲਾਂ ਤੋਂ ਜਾਣ-ਪਛਾਣ ਸੀ ਅਤੇ ਰਮੇਸ਼ ਸ਼ਰਮਾ ਚੰਡੀਗੜ੍ਹ ਵਿਚ ਪੱਤਰਕਾਰਤਾ ਵਿਚ ਇਕ ਮੰਨਿਆ-ਪ੍ਰਮੰਨਿਆ ਨਾਂਅ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਅਸਮੇਂ ਛੱਡ ਕੇ ਜਾਣਾ ਸਮਾਜ ਤੇ ਪਰਵਾਰ ਲਈ ਬਹੁਤ ਵੱਡਾ ਨੁਕਸਾਨ ਹੈ। ਉਨ੍ਹਾਂ ਨੇ ਦੁਖੀ ਪਰਵਾਰ ਨੂੰ ਧੀਰਜ ਦਿੱਤਾ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕੀਤੀ।

# ਝਬਾਲ ਵਿਖੇ ਤਿੰਨ ਰੋਜ਼ਾ ਫੁੱਟਬਾਲ ਟੂਰਨਾਮੈਂਟ ਸ਼ੁਰੂ

**ਸਰਾਏ ਇਮਾਨਤ ਖਾਂ (ਮੱਖਣ ਮਨੋਜ)**-ਕੁੰਦਨ ਸਿੰਘ ਸੋਹਲ ਅਤੇ ਕਰਮ ਸਿੰਘ ਸੋਹਲ ਯਾਦਗਾਰੀ ਟਰੱਸਟ ਵੱਲੋਂ ਵਿਕਾਸ ਮੰਚ ਪੰਜਾਬ ਦੇ ਸਹਿਯੋਗ ਨਾਲ ਸਰਦਾਰ ਸੁਰਮੁੱਖ ਸਿੰਘ ਖੇਡ ਸਟੇਡੀਅਮ ਝਬਾਲ ਵਿਖੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਨੇ ਤਿੰਨ ਰੋਜ਼ਾ ਫੁੱਟਬਾਲ ਟੂਰਨਾਮੈਂਟ ਦੀ ਸ਼ੁਰੂਆਤ ਕਰਵਾਈ। ਇਸ ਸਮੇਂ ਕੁੱਲ 16 ਟੀਮਾਂ ਨੇ ਭਾਗ ਲਿਆ ਜਦੋਂਕਿ ਸ਼ੁਰੂਆਤੀ ਮੁਕਾਬਲਾ ਕੱਦ ਗਿੱਲ ਤੇ ਗੰਡੀਵਿੰਡ ਵਿਚਕਾਰ ਹੋਇਆ ਜਿਸ ਵਿਚ ਗੰਡੀਵਿੰਡ ਟੀਮ ਜੇਤੂ ਰਹੀ। ਇਸ ਤੋਂ ਇਲਾਵਾ ਤਰਨਤਾਰਨ ਅਤੇ ਜੌਹਲ ਵਿੱਚਕਾਰ ਜੌਹਲ ਜੇਤੂ, ਨੂਰਦੀ ਤੇ ਪੰਡੋਰੀ ਗੋਲਾ, ਨਿੱਕੀ ਝਬਾਲ ਜੇਤੂ ਜਦੋਂਕਿ ਪੰਡੋਰੀ ਰਣ ਸਿੰਘ ਅਤੇ ਮੰਨਣ ਵਿਚਕਾਰ ਮੁਕਾਬਲਾ ਹੋਇਆ। ਇਸ ਸਮੇਂ ਵਿਧਾਇਕ ਡਾਕਟਰ ਕਸਮੀਰ ਸਿੰਘ ਸੋਹਲ ਨੇ ਦੱਸਿਆ ਕਿ 12 ਦਸੰਬਰ ਨੂੰ ਇਨਾਮ ਵੰਡ ਸਮਾਗਮ ਹੋਵੇਗਾ ਜਿਸ ਵਿੱਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 15 000 ਰੁਪਏ, ਦੂਜਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 10000 ਰੁਪਏ ਅਤੇ ਤੀਜਾ ਸਥਾਨ ਹਾਸਲ ਕਰਨ ਵਾਲੀ ਟੀਮ ਨੂੰ 5100 ਰੁਪਏ ਇਨਾਮ ਵਜੋਂ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਵਿਕਾਸ ਮੰਚ ਇਹੋ ਜਿਹੇ ਉਪਰਾਲੇ ਲਗਾਤਾਰ ਜਾਰੀ ਰੱਖੇਗੀ ਤਾਂ ਕਿ ਨੌਜਵਾਨ ਖੇਡਾਂ ਵੱਲ ਪ੍ਰੇਰਿਤ ਹੋਣ। ਇਸ ਮੌਕੇ ਥਾਣਾ ਮੁਖੀ ਇੰਸਪੈਕਟਰ ਹਰਿੰਦਰ ਸਿੰਘ, ਮਾਣਕ ਸਿੰਘ ਹੈਪੀ, ਡਾ. ਕੁਲਦੀਪ ਸਿੰਘ ਰੰਧਾਵਾ, ਅਰਵਿੰਦਰਪਾਲ ਸਿੰਘ ਰਾਜੂ, ਆਲਮਬੀਰ ਸਿੰਘ ਰੰਧਾਵਾ, ਅਰਸ਼ਦੀਪ ਸਿੰਘ ਪ੍ਰਿੰਸ ਐਮਾ, ਕਾਰਜ ਸਿੰਘ ਰੰਧਾਵਾ, ਗੁਰਵਿੰਦਰ ਸਿੰਘ ਐਮਾ, ਗੁਰਵਿੰਦਰ ਵਿਸਕੀ ਢਿੱਲੋਂ ਠੱਠਾ, ਸੋਨੂੰ ਠੱਠਗੜ੍ਹ, ਸਰਬਜੀਤ ਸਿੰਘ ਬਾਬਾ ਲੰਗਾਹ, ਡਾ. ਕੰਵਲਜੀਤ ਸਿੰਘ, ਸੱਜਣ ਸਿੰਘ ਮਲਵਈ, ਗੁਰਪਿੰਦਰ ਸਿੰਘ ਨਾਥੂ, ਮਨਜਿੰਦਰ ਸਿੰਘ ਮੰਨੀ ਭੋਜੀਆਂ, ਸੰਨੀ ਛੀਨਾ, ਰਾਕੇਸ਼ ਕੁਮਾਰ ਹੈਪੀ, ਸੋਨੀ ਬਾਬਾ, ਡਾ. ਤਸਬੀਰ ਕੌਰ ਝਬਾਲ, ਚਰਨਜੀਤ ਸਿੰਘ ਸੋਢੀ, ਗੋਰਾ ਭਾਟੀਆ ਆਦਿ ਹਾਜ਼ਰ ਸਨ।



# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦਾ ਧਰਨਾ ਦੂਜੇ ਦਿਨ 'ਚ ਸ਼ਾਮਲ

ਜੰਡਿਆਲਾ ਗੁਰੂ (ਨਜ਼ਸ)-ਪੰਜਾਬ ਦੀ ਆਮ ਆਦਮੀ ਦੀ ਸਰਕਾਰ ਵੱਲੋਂ ਮਜ਼ਦੂਰ ਮੰਗਾਂ ਅਤੇ ਮਸਲਿਆਂ ਨੂੰ ਅਣਦੇਖਾ ਕਰਨ ਅਤੇ ਮਜ਼ਦੂਰ ਆਗੂਆਂ ਨੂੰ ਮੀਟਿੰਗ ਦਾ ਅੱਠ ਵਾਰੀ ਸਮਾਂ ਦੇ ਕੇ ਮੀਟਿੰਗ ਵਿੱਚ ਨਾ ਆਉਣ ਕਾਰਨ ਮਜ਼ਦੂਰ ਜਥੇਬੰਦੀਆਂ ਵੱਲੋਂ ਸਰਕਾਰ ਖਿਲਾਫ ਤਿੱਖੇ ਸੰਘਰਸ਼ ਕਰਨ ਦਾ ਫੈਸਲਾ ਕੀਤਾ ਗਿਆ ਜਿਸ 'ਤੇ ਅਮਲ ਕਰਦਿਆਂ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਘਰ ਅੱਗੇ ਜੰਡਿਆਲਾ ਗੁਰੂ ਵਿਖੇ 9 ਦਸੰਬਰ ਤੋਂ ਲੱਗਾ ਧਰਨਾ ਦੂਜੇ ਦਿਨ ਵਿੱਚ ਸ਼ਾਮਲ ਹੋ ਗਿਆ। ਅੱਜ ਦੇ ਧਰਨੇ ਦੀ ਪ੍ਰਧਾਨਗੀ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸਤਨਾਮ ਸਿੰਘ ਕਲੇਰ, ਦਿਹਾਤੀ ਮਜ਼ਦੂਰ ਸਭਾ ਦੇ ਅਮਰੀਕ ਸਿੰਘ ਦਾਊਦ, ਮਜ਼ਦੂਰ ਮੁਕਤੀ ਮੋਰਚਾ ਪੰਜਾਬ, ਅਜੀਤ ਸਿੰਘ ਛੱਜਲਵੱਡੀ, ਪੇਂਡੂ ਖੇਤ ਮਜ਼ਦੂਰ ਯੂਨੀਅਨ ਪੰਜਾਬ ਦੇ ਰਾਜ ਕੁਮਾਰ ਪੰਡੋਰੀ ਨੇ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਦਿਹਾਤੀ ਮਜ਼ਦੂਰ ਸਭਾ ਬਲਦੇਵ ਸਿੰਘ ਭੈਲ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜਸਬੀਰ ਸਿੰਘ ਝਬਾਲ, ਮਜ਼ਦੂਰ ਮੁਕਤੀ ਮੋਰਚਾ ਦੇ ਨਿਰਮਲ ਸਿੰਘ ਛੱਜਲਵੱਡੀ, ਪੇਂਡੂ ਖੇਤ ਮਜ਼ਦੂਰ ਯੂਨੀਅਨ ਦੇ ਮੇਜਰ ਸਿੰਘ ਕੋਟ ਟੋਡਰਮੱਲ ਨੇ ਦੱਸਿਆ ਕਿ ਬਦਲਾਅ ਦੇ ਨਾਂਅ ਹੇਠ ਆਈ ਆਪ ਸਰਕਾਰ ਵੱਲੋਂ ਮਜ਼ਦੂਰਾਂ ਨਾਲ ਲਗਾਤਾਰ ਰੱਜ ਕੇ ਵਿਤਕਰਾ ਕੀਤਾ ਜਾ ਰਿਹਾ ਹੈ। ਮਜ਼ਦੂਰਾਂ ਦੀਆਂ ਹੱਕੀ ਮੰਗਾਂ ਜਿਵੇਂ ਰੁਜ਼ਗਾਰ, ਜ਼ਮੀਨ, ਪਲਾਟਾਂ ਦੇ ਕਬਜ਼ੇ, 1000 ਰੁਪਏ ਔਰਤਾਂ ਨੂੰ ਨਾ ਦੇਣ, ਮਨਰੇਗਾ ਕਾਮਿਆਂ ਨੂੰ 700 ਰੁਪਏ ਦਿਹਾੜੀ ਅਤੇ ਪੂਰਾ ਸਾਲ ਕੰਮ, ਪੰਚਾਇਤੀ ਜ਼ਮੀਨ ਦੀਆ ਡੰਮੀ ਬੋਲੀਆ ਬੰਦ ਕਰਨ ਅਤੇ ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਕਰਜ਼ਾ ਮੁਆਫ ਕਰਨ, ਸਮਾਜਿਕ ਸੁਰੱਖਿਆ ਪੈਨਸ਼ਨ ਪੰਜ ਹਜ਼ਾਰ ਰੁਪਏ ਕਰਨ ਵੱਲ ਸਰਕਾਰ ਨੇ ਬਿਲਕੁਲ ਧਿਆਨ ਨਹੀਂ ਦਿੱਤਾ। ਉਕਤ ਆਗੂਆਂ ਨੇ ਕਿਹਾ ਕਿ ਸਰਕਾਰ ਨੂੰ ਕੁੰਭਕਰਨੀ ਨੀਂਦ ਤੋਂ ਜਗਾਉਣ ਲਈ ਅਤੇ ਉਸ ਦਾ ਮਜ਼ਦੂਰ ਮੰਗਾਂ ਮਸਲਿਆਂ ਵੱਲ ਕੇਂਦਰਿਤ ਕਰਾਉਣ ਲਈ ਤਿੰਨ ਰੋਜ਼ਾ ਧਰਨਾ ਲਗਾਇਆ ਗਿਆ ਹੈ।

ਉਨ੍ਹਾਂ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ ਮਜ਼ਦੂਰ ਆਗੂਆਂ ਨਾਲ ਫੌਰੀ ਮੀਟਿੰਗ ਕਰਕੇ ਮਜ਼ਦੂਰਾਂ ਦੇ ਮਸਲੇ ਹੱਲ ਕਰੇ। ਅੱਜ ਦੇ ਧਰਨੇ ਨੂੰ ਪੰਜਾਬ ਖੇਤ ਮਜ਼ਦੂਰ ਸਭਾ ਦੇ ਜੋਗਿੰਦਰ ਸਿੰਘ ਵਲਟੋਹਾ, ਮੰਗਲ ਸਿੰਘ ਖੁਰਾਣਾ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਗੁਰਨਾਮ ਸਿੰਘ ਤਲਵੰਡੀ, ਦਿਹਾਤੀ ਮਜ਼ਦੂਰ ਸਭਾ ਦੇ ਚਮਨ ਲਾਲ ਦਰਾਜਕੇ, ਗੁਰਨਾਮ ਸਿੰਘ ਭਿੰਡਰ, ਪੇਂਡੂ ਮਜ਼ਦੂਰ ਯੂਨੀਅਨ ਦੇ ਦਲਬੀਰ ਸਿੰਘ ਨੀਲ ਕਲਾ, ਵਿੱਕੀ ਜੌਹਲ ਆਦਿ ਨੇ ਸੰਬੋਧਨ ਕੀਤਾ।



# ਦੂਜੇ ਦਿਨ ਵੀ ਵੱਡੀ ਗਿਣਤੀ ਔਰਤਾਂ ਤੇ ਮਜ਼ਦੂਰ ਹੋਏ ਧਰਨੇ 'ਚ ਸ਼ਾਮਲ






**ਜਲੰਧਰ (ਰਾਜੇਸ਼ ਥਾਪਾ)** ਅੱਠ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਸੱਦੇ 'ਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਦੀ ਜਲੰਧਰ ਸਥਿਤ ਰਿਹਾਇਸ਼ 'ਤੇ ਬੀਤੇ ਕੱਲ ਤੋਂ ਸ਼ੁਰੂ ਹੋਏ ਮਜ਼ਦੂਰ ਧਰਨੇ 'ਤੇ ਦੂਜੇ ਦਿਨ ਵੀ ਮਜ਼ਦੂਰ ਮਰਦ ਔਰਤਾਂ ਜੋਸ਼ੀਲੇ ਨਾਅਰੇ ਮਾਰਦੇ ਹੋਏ ਸ਼ਾਮਲ ਹੋਏ। ਮਜ਼ਦੂਰ ਇਸ ਗੱਲੋਂ ਖਫਾ ਹਨ ਕਿ ਸਰਕਾਰ ਵੱਲੋਂ ਮਜ਼ਦੂਰਾਂ ਦੀ ਬਿਲਕੁਲ ਵੀ ਸਾਰ ਨਹੀਂ ਲਈ ਜਾ ਰਹੀ। ਮਜ਼ਦੂਰ ਆਗੂਆਂ, ਗੁਰਮੇਸ਼ ਸਿੰਘ, ਕਸ਼ਮੀਰ ਸਿੰਘ ਘੁਗਸ਼ੋਰ, ਦਰਸ਼ਨ ਨਾਹਰ, ਹਰਮੇਸ਼ ਮਾਲੜੀ ਅਤੇ ਵੀਰ ਕੁਮਾਰ ਨੇ ਕਿਹਾ ਕਿ ਪੰਜਾਬ ਸਰਕਾਰ ਹੰਕਾਰ 'ਚ ਹੈ ਕਿ ਉਸ ਨੂੰ ਪੰਜਾਬ ਦੇ ਲੋਕਾਂ ਨੇ ਵੱਡਾ ਬਹੁਮਤ ਦਿੱਤਾ ਹੈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਧਰਨੇ ਮੁਜ਼ਾਹਰੇ ਕਰਨ ਦੀ ਵਜਾਹਤ ਕਰਨ ਵਾਲੀ ਆਪ ਦੀ ਸਰਕਾਰ ਅੱਜ ਧਰਨੇ ਲਾਉਣ ਵਾਲੇ ਲੋਕਾਂ ਨੂੰ ਭੰਡ ਰਹੀ ਹੈ। ਉਨ੍ਹਾਂ ਕਿਹਾ ਕਿ ਸਰਮਾਏਦਾਰੀ/ਕਾਰਪੋਰੇਟ ਦੀ ਸੇਵਾ ਕਰਨ ਵਾਲੀਆਂ ਸਰਕਾਰਾਂ ਅਕਸਰ ਸ਼ੰਘਰਸ਼ਸ਼ੀਲ ਲੋਕਾਂ ਨੂੰ ਇਉਂ ਹੀ ਸਮਝਦੀਆਂ ਹਨ ਆਗੂਆਂ ਨੇ ਕਿਹਾ ਕਿ ਮਜ਼ਦੂਰ ਪੂਰੀ ਤਰ੍ਹਾਂ ਦ੍ਰਿੜ ਹਨ ਤੇ ਉਹ ਆਪਣੀਆਂ ਮੰਗਾਂ ਨੂੰ ਮੰਨਵਾਉਣ ਲਈ ਸ਼ੰਘਰਸ ਹੋਰ ਤਿੱਖਾ ਕਰਨਗੇ। ਧਰਨੇ ਨੂੰ ਹੋਰਨਾਂ ਤੋਂ ਇਲਾਵਾ ਬਲਦੇਵ ਨੂਰਪੁਰੀ, ਹਰਪਾਲ ਬਿੱਟੂ, ਮੂਲ ਚੰਦ, ਨਿਰਮਲ ਸਿੰਘ ਸ਼ੇਰਪੁਰ ਸੱਧਾ, ਮੁਕੰਦ ਲਾਲ ਅਤੇ ਭਰਾਤਰੀ ਜਥੇਬੰਦੀਆਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਿਲ੍ਹਾ ਪ੍ਰਧਾਨ ਮੋਹਨ ਸਿੰਘ ਬੱਲ, ਕਿਰਤੀ ਕਿਸਾਨ ਯੂਨੀਅਨ ਦੇ ਜਿਲ੍ਹਾ ਆਗੂ ਸੰਤੋਖ ਸਿੰਘ ਸੰਧੂ ਅਤੇ ਲਤੀਫ ਪੁਰਾ ਮੁੜ ਵਸੇਬਾ ਕਮੇਟੀ ਦੀ ਆਗ ਬੀਬੀ ਰੀਟਾ ਦੇਵੀ ਨੇ ਵੀ ਮਜ਼ਦੂਰ ਮੰਗਾਂ ਦੀ ਹਮਾਇਤ ਕਰਦਿਆਂ ਪੰਜਾਬ ਸਰਕਾਰ ਦੀ ਪੁਰਜ਼ੋਰ ਸ਼ਬਦਾਂ 'ਚ ਨਿੰਦਾ ਕੀਤੀ।

# ਕੀਰਤਨ ਦਰਬਾਰ 'ਚ ਅਕਾਲ ਗਲੈਕਸੀ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਦੀ ਸ਼ਾਨਦਾਰ ਪ੍ਰਫਾਰਮੈਂਸ



**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** -15ਵੇਂ ਹਰਜਸ ਕੀਰਤਨ ਦਰਬਾਰ ਵਿੱਚ ਖਾਲਸਾ ਵੈਲਫੇਅਰ ਸੋਸਾਇਟੀ ਵੱਲੋਂ ਲੋਹੀਆਂ ਦੇ ਇਲਾਕੇ ਵਿੱਚ ਸਕੂਲ ਵਿਦਿਆਰਥੀਆਂ ਲਈ ਕਈ ਮੁਕਾਬਲੇ ਕਰਵਾਏ ਗਏ । ਜਿਸ ਵਿੱਚ ਅਕਾਲ ਗਲੈਕਸੀ ਕਾਨਵੈਂਟ ਸਕੂਲ ਸਿੱਧੂਪੁਰ ਲੋਹੀਆਂ ਖਾਸ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਅਤੇ ਦਸਤਾਰਬੰਦੀ ਮੁਕਾਬਲਿਆਂ ਵਿੱਚ ਜਿੱਤ ਹਾਸਲ ਕੀਤੀ। ਸ਼ਬਦ ਗਾਇਨ ਮੁਕਾਬਲੇ ਵਿੱਚ ਜੂਨੀਅਰ ਗਰੁੱਪ ਦੇ ਵਿਦਿਆਰਥੀਆਂ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਦਸਤਾਰਬੰਦੀ ਮੁਕਾਬਲੇ ਵਿੱਚ ਜੂਨੀਅਰ ਗਰੁੱਪ ਵਿੱਚ ਰਣਬੀਰ ਸਿੰਘ ਅੱਠਵੀਂ ਲਿੱਲੀ ਦੇ ਵਿਦਿਆਰਥੀ ਨੇ ਦੂਜਾ ਸਥਾਨ, ਸੀਨੀਅਰ ਗਰੁੱਪ ਵਿੱਚ ਤਰੁਨਜੋਤ ਸਿੰਘ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀ ਨੇ ਤੀਸਰਾ ਸਥਾਨ ਹਾਸਲ ਕੀਤਾ। ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਖਾਲਸਾ ਸੇਵਾ ਵੈਲਫੇਅਰ ਸੋਸਾਇਟੀ ਵੱਲੋਂ ਸਨਮਾਨ ਚਿੰਨ੍ਹ ਦਿੱਤੇ ਗਏ । ਸਕੂਲ ਪ੍ਰਿੰਸੀਪਲ ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀਆਂ ਦਾ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣਾ ਬੜੇ ਹੀ ਮਾਣ ਵਾਲੀ ਗੱਲ ਹੈ ਕਿਉਂਕਿ ਸਕੂਲ ਹਮੇਸ਼ਾ ਇਹ ਕੋਸ਼ਿਸ਼ ਕਰਦਾ ਹੈ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਧਾਰਮਿਕ ਵਿਚਾਰਾਂ ਵਾਲਾ ਵੀ ਬਣਾਇਆ ਜਾਵੇ। ਉਨ੍ਹਾਂ ਵਿੱਚ ਵੱਡਿਆਂ ਅਤੇ ਛੋਟਿਆਂ ਪ੍ਰਤੀ ਪਿਆਰ ਤੇ ਸਤਿਕਾਰ ਦੀ ਭਾਵਨਾ ਪੈਦਾ ਕੀਤੀ ਜਾਵੇ ਤਾਂ ਜੋ ਉਨ੍ਹਾਂ ਵਿੱਚ ਚੰਗੇ ਗੁਣ ਪੈਦਾ ਹੋਣ ਤੇ ਤੇ ਉਹ ਸਮਾਜ ਦੇ ਉਚੇਰੇ ਨਾਗਰਿਕ ਬਣ ਕੇ ਆਪਣੇ ਸਕੂਲ ਅਤੇ ਦੇਸ਼ ਦਾ ਨਾਂ ਰੌਸ਼ਨ ਕਰਨ।

# ਨਕੋਦਰ ਰੇਲਵੇ ਫਾਟਕ 'ਤੇ ਕੁਝ ਹੀ ਮਹੀਨਿਆਂ ਬਾਅਦ ਇੰਟਰਲਾਕਿੰਗ ਟਾਇਲਾਂ ਕਾਰਨ ਬਣੇ ਵੱਡੇ ਟੋਏ





**ਲੋਹੀਆਂ ਖਾਸ, (ਯੋਗੇਸਵਰ)** : ਸਥਾਨਕ ਸ਼ਹਿਰ ਦੇ ਮੁੱਖ ਮਾਰਗ 'ਤੇ ਬਣੇ ਰੇਲਵੇ ਫਾਟਕ, ਜੋ ਨਕੋਦਰ ਰੇਲਵੇ ਫਾਟਕ ਵਜੋਂ ਜਾਣਿਆ ਜਾਂਦਾ ਹੈ, ਤੋਂ ਲੰਘਣਾ ਹੀ ਇਕ ਚੁਣੌਤੀ ਬਣ ਗਿਆ ਹੈ, ਕਿਉਂਕਿ ਫਾਟਕ ਲਾਈਨਾਂ ਦੇ ਵਿਚਕਾਰ ਤੇ ਆਸੇ-ਪਾਸੇ ਲੱਗੀਆਂ ਇੰਟਰਲਾਕ ਟਾਇਲਾਂ ਇੰਨੀਆਂ ਉੱਚੀਆਂ-ਨੀਵੀਆਂ ਲੱਗੀਆਂ ਹਨ ਕਿ ਦੋਪਹੀਆ ਤੇ ਚਾਰ ਪਹੀਆ ਵਾਹਨਾਂ 'ਤੇ ਲੰਘਣਾ ਦੂਰ ਦੀ ਗੱਲ ਹੈ ਪੈਦਲ ਲੰਘਣਾ ਵੀ ਆਸਾਨ ਨਹੀਂ ਹੈ।

ਇਸ ਕਾਰਨ ਇੱਥੇ ਬਹੁਤਾ ਸਮਾਂ ਟ੍ਰੈਫਿਕ ਜਾਮ ਰਹਿੰਦਾ ਹੈ, ਕਿਉਂਕਿ ਦੋਪਹੀਆ ਤੇ ਚਾਰ ਪਹੀਆ ਵਾਹਨ ਬਹੁਤ ਹੀ ਘੱਟ ਸਪੀਡ 'ਤੇ ਲੰਘਣ ਲਈ ਮਜਬੂਰ ਹੁੰਦੇ ਹਨ। ਬੀਤੇ ਕੁਝ ਮਹੀਨੇ ਪਹਿਲਾਂ ਇਸ ਫਾਟਕ ਨੂੰ 3 ਦਿਨ ਬੰਦ ਰੱਖਿਆ ਗਿਆ ਸੀ ਤਾਂ ਕਿ ਇੱਥੇ ਟਾਇਲਾਂ ਨੂੰ ਵਧੀਆ ਤਰੀਕੇ ਨਾਲ ਲਾਇਆ ਜਾ ਸਕੇ ਤੇ ਰੇਲਵੇ ਲਾਈਨ ਦੇ ਬਕਾਇਆ ਕੰਮ ਪੂਰੇ ਹੋ ਸਕਣ। ਫੇਰ ਵੀ ਫਾਟਕ ਉਸ ਸਮੇਂ ਖੋਲ੍ਹਿਆ ਗਿਆ ਜਦ ਲੋਕਾਂ ਨੇ 3 ਦਿਨ ਬਾਅਦ ਬੰਦ ਪਏ ਫਾਟਕ ਦਾ ਭਾਰੀ ਵਿਰੋਧ ਕੀਤਾ ਪਰ ਕੁਝ ਮਹੀਨੇ ਲੰਘਣ ਤੋਂ ਬਾਅਦ ਹੁਣ ਫੇਰ ਤੋਂ ਰੇਲਵੇ ਲਾਈਨਾਂ 'ਤੇ ਬਣੀ ਸੜਕ ਲੋਕਾਂ ਦੇ ਸਹਿਮ ਦਾ ਕਾਰਨ ਬਣ ਗਈ ਹੈ ।

ਇੱਥੋਂ ਲੰਘਣ ਵੇਲੇ ਕਈ ਵੱਡੇ-ਵੱਡੇ ਟੋਇਆਂ ਤੇ ਟੁੱਟੀਆਂ ਟਾਇਲਾਂ ਉੱਪਰ ਦੀ ਲੰਘਣਾ ਪੈਂਦਾ ਹੈ, ਜਿਸ ਨਾਲ ਜਿੱਥੇ ਕਈ ਵਾਹਨਾਂ ਦੇ ਟਾਇਰ ਪੈਂਚਰ ਹੋ ਜਾਂਦੇ ਹਨ, ਕਈ ਵਾਹਨਾਂ ਦੇ ਐਕਸਲ ਤੱਕ ਟੁੱਟ ਜਾਂਦੇ ਹਨ। ਇਸ ਲਈ ਰੇਲਵੇ ਵਿਭਾਗ ਨੂੰ ਇਕ ਵਾਰ ਫੇਰ ਤੋਂ ਇਸ ਫਾਟਕ 'ਤੇ ਝਾਤ ਮਾਰਨੀ ਚਾਹੀਦੀ ਹੈ।

# ਹਰਿ ਜਸ ਕੀਰਤਨ ਦਰਬਾਰ 'ਚ ਗੁਰੂ ਹਰਿਕ੍ਰਿਸ਼ਨ ਸਕੂਲ ਦਾ ਸ਼ਾਨਦਾਰ ਪ੍ਰਦਰਸ਼ਨ



**ਸੁਲਤਾਨਪੁਰ ਲੋਧੀ, ( ਹਨੀ )**-ਲੋਹੀਆਂ ਖਾਸ ਵਿਖੇ 150 ਵੀਂ ਸਿੰਘ ਸਭਾ ਲਹਿਰ ਨੂੰ ਸਮਰਪਤ 15ਵੇਂ ਹਰਿ ਜਸ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਗਿਆ । ਜਿਸ ਵਿਚ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਹਿੱਸਾ ਲਿਆ। ਧਾਰਮਿਕ ਸਮਾਗਮ ਵਿਚ ਸ਼ਿਰਕਤ ਕਰਦਿਆਂ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਦੇ ਵਿਦਿਆਰਥੀਆਂ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਵੱਖ-ਵੱਖ ਵਰਗਾਂ ਵਿੱਚ ਹਿੱਸਾ ਲੈਂਦਿਆਂ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਸ਼ਬਦ ਗਾਇਨ ਜੂਨੀਅਰ ਵਰਗ ਮੁਕਾਬਲੇ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਦੂਸਰਾ ਸਥਾਨ ਹਾਸਲ ਕੀਤਾ, ਦਸਤਾਰ ਮੁਕਾਬਲੇ ਦੇ ਦੋਨਾਂ ਵਰਗਾਂ ਜੂਨੀਅਰ ਅਤੇ ਸੀਨੀਅਰ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ। ਭਾਸ਼ਣ ਮੁਕਾਬਲੇ ਦੇ ਸੀਨੀਅਰ ਵਰਗ ਵਿੱਚ ਵੀ ਤੀਸਰੇ ਸਥਾਨ 'ਤੇ ਕਬਜ਼ਾ ਕੀਤਾ। ਪ੍ਰਤੀਯੋਗਤਾ ਦੇ ਪ੍ਰਬੰਧਕਾਂ ਵੱਲੋਂ ਬੱਚਿਆਂ ਨੂੰ ਮੈਡਲ ਅਤੇ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ, ਪ੍ਰਸ਼ਾਸਕ ਇੰਜਨੀਅਰ ਨਿਮਰਤਾ ਕੌਰ ਅਤੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਜੇਤੂ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਵਧਾਈ ਦਿੱਤੀ।

# ਡਾਇਰੈਕਟਰ ਪਸ਼ੂ ਪਾਲਣ ਵਿਭਾਗ ਵੱਲੋਂ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ



**ਬਹਿਰਾਮ (ਅਵਤਾਰ ਕਲੇਰ)**-ਪੰਜਾਬ ਪਸ਼ੂ ਪਾਲਣ ਵਿਭਾਗ ਦੇ ਨਵ ਨਿਯੁਕਤ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਪੁੱਜੇ ਅਤੇ ਉਨ੍ਹਾ ਦੇ ਸਮਾਰਕ 'ਤੇ ਨਤਮਸਤਕ ਹੋ ਕੇ ਉਨ੍ਹਾ ਨੂੰ ਸ਼ਰਧਾਂਜਲੀ ਭੇਟ ਕੀਤੀ। ਉਪਰੰਤ ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਖੇਤੀਬਾੜੀ ਦੇ ਨਾਲ ਦੁੱਧ ਉਤਪਾਦਕ ਦਾ ਧੰਦਾ ਵੀ ਅਪਣਾਉਣਾ ਚਾਹੀਦਾ ਹੈ, ਜੋ ਕਿ ਬਹੁਤ ਹੀ ਲਾਹੇਵੰਦ ਹੋਣ ਦੇ ਨਾਲ ਸਮੇਂ ਦੀ ਜ਼ਰੂਰਤ ਵੀ ਹੈ। ਉਨ੍ਹਾ ਕਿਹਾ ਕਿ ਕਿਸਾਨਾਂ ਨੂੰ ਡੇਅਰੀ ਫਾਰਮਿੰਗ 'ਚ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕੀਤਾ ਜਾਵੇਗਾ ਅਤੇ ਡੇਅਰੀ ਦੇ ਧੰਦੇ ਨੂੰ ਹੋਰ ਉੱਨਤ ਕੀਤਾ ਜਾਵੇਗਾ। ਵੱਧ ਤੋਂ ਵੱਧ ਲੋਕਾਂ ਨੂੰ ਇਸ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਵੈਟਨਰੀ ਅਫਸਰ ਐਸੋਸੀਏਸ਼ਨ ਦੇ ਮੈਂਬਰਾਂ ਵਲੋਂ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# ਇਨੋਸੈਂਟ ਹਾਰਟਸ ਦੇ ਪੰਜਾਂ ਸਕੂਲਾਂ ਦੇ ਜੇਤੂ ਖਿਡਾਰੀ ਸਨਮਾਨਤ




**ਜਲੰਧਰ (ਸ਼ੈਲੀ ਐਲਬਰਟ)**- ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰੱਸਟ ਦੀ ਸਰਪ੍ਰਸਤੀ ਹੇਠ ਚਲਾਏ ਜਾ ਰਹੇ ਦਿਸ਼ਾ-ਇੱਕ ਈਨੀਸ਼ੀਏਟਿਵ ਤਹਿਤ ਇਨੋਸੈਂਟ ਹਾਰਟਸ ਦੇ ਪੰਜਾਂ ਸਕੂਲਾਂ (ਗਰੀਨ ਮਾਡਲ ਟਾਊਨ, ਲੋਹਾਰਾਂ, ਕੈਂਟ ਜੰਡਿਆਲਾ ਰੋਡ, ਨੂਰਪੁਰ ਅਤੇ ਕਪੂਰਥਲਾ ਰੋਡ) ਦੇ ਵਿੱਚ ਖੇਡਾਂ ਦੇ ਖੇਤਰ ਵਿੱਚ ਜ਼ਿਲ੍ਹਾ-ਪੱਧਰੀ ਜੇਤੂ ਖਿਡਾਰੀਆਂ ਨੂੰ ਅਤੇ ਅੰਤਰ-ਹਾਊਸ ਮੁਕਾਬਲਿਆਂ ਵਿੱਚ ਜੇਤੂ ਖਿਡਾਰੀਆਂ ਨੂੰ ਸਨਮਾਨਤ ਕਰਨ ਲਈ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਵਿਦਿਆਰਥੀਆਂ ਨੇ ਐਰੋਬਿਕਸ, ਪਾਵਰ ਯੋਗਾ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਦੇ ਪ੍ਰੋਗਰਾਮ ਪੇਸ਼ ਕੀਤੇ। ਡਿਪਟੀ ਡਾਇਰੈਕਟਰ ਸਪੋਰਟਸ ਰਾਜੀਵ ਪਾਲੀਵਾਲ ਨੇ ਬੌਰੀ ਮੈਮੋਰੀਅਲ ਟਰੱਸਟ ਵੱਲੋਂ ਖੇਡਾਂ ਦੇ ਖੇਤਰ ਵਿੱਚ ਕੀਤੇ ਜਾ ਰਹੇ ਨਿਰੰਤਰ ਯਤਨਾਂ ਬਾਰੇ ਸਾਰਿਆਂ ਨੂੰ ਜਾਣੂ ਕਰਵਾਉਂਦਿਆਂ ਕਿਹਾ ਕਿ ਖੇਡਾਂ ਨੂੰ ਪ੍ਰਫੁੱਲਤ ਕਰਨਾ ਸਮੇਂ ਦੀ ਮੁੱਖ ਲੋੜ ਹੈ ਅਤੇ ਨੌਜਵਾਨ ਪੀੜ੍ਹੀ ਦੀ ਸਮਾਜਿਕ ਚੇਤਨਾ ਅਤੇ ਸਰਬਪੱਖੀ ਵਿਕਾਸ ਲਈ ਇਨ੍ਹਾਂ ਦੀ ਯੋਗ ਅਗਵਾਈ ਕਰਨ ਦੀ ਲੋੜ ਹੈ। ਵਿਦਿਆਰਥੀਆਂ ਨੂੰ ਖੇਡਾਂ ਦੇ ਖੇਤਰ ਵਿੱਚ ਹੋਰ ਨਿਪੁੰਨ ਬਣਾਉਣ ਲਈ ਇਨੋਸੈਂਟ ਹਾਰਟਸ ਸਕੂਲ ਲੋਹਾਰਾਂ ਵਿਖੇ ਇੱਕ ਸਪੋਰਟਸ ਹੱਬ ਬਣਾਇਆ ਗਿਆ ਹੈ ਜਿੱਥੇ ਇੰਟਰਨੈਸ਼ਨਲ ਸਟੈਂਡਰਡ ਸ਼ੂਟਿੰਗ ਰੇਂਜ, (ਐਂਟੀ ਇੰਜਰੀ ਸਰਫੇਸਿੰਗ) ਬਾਸਕਟਬਾਲ ਕੋਰਟ, ਸੌਕਰ ਟੇਬਲ, ਏਅਰ ਹਾਕੀ ਟੇਬਲ, ਸੈਲਫ ਡਿਫੈਂਸ, ਯੋਗਾ ਵਿਦ ਮੈਡੀਟੇਸ਼ਨ ਜ਼ੋਨ ਦੀ ਵਿਵਸਥਾ ਕੀਤੀ ਗਈ ਹੈ। ਇਨ੍ਹਾਂ ਖੇਡਾਂ ਨੂੰ ਸਿੱਖਣ ਲਈ ਯੋਗ ਅਤੇ ਸਿਖਲਾਈ ਪ੍ਰਾਪਤ ਕੋਚਿੰਗ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਇਨਾਮ ਵੰਡ ਸਮਾਰੋਹ ਦੌਰਾਨ ਡਾਇਰੈਕਟਰ ਸੀ.ਐੱਸ.ਆਰ ਡਾ.ਪਲਕ ਗੁਪਤਾ ਬੌਰੀ ਨੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੰਦੇ ਹੋਏ ਹੌਸਲਾ ਅਫਜ਼ਾਈ ਕੀਤੀ।

## ਜਨਮ ਦਿਨ ਮੁਬਾਰਕ



ਅਨੁਪ੍ਰੀਤ ਕੌਰ, ਗੁਰਦਾਸਪੁਰ

## ਵਰ੍ਹੇਗੰਢ ਮਨਾਈ



ਜਗਸੀਰ ਸਿੰਘ ਖੋਸਾ ਤੇ ਸਰਬਜੀਤ ਕੌਰ ਸਿੰਮੀ ਵਾਸੀ ਖੋਸਾ ਪਾਂਡੋ ਨੇ ਵਿਆਹ ਦੀ 21ਵੀਂ ਵਰ੍ਹੇਗੰਢ ਮਨਾਈ



ਸਤੀਸ਼ ਰਾਣਾ ਤੇ ਸ਼ਰਮੀਲਾ ਰਾਣੀ ਨਿਵਾਸੀ ਹੁਸ਼ਿਆਰਪੁਰ ਨੂੰ ਉਨ੍ਹਾਂ ਦੇ ਵਿਆਹ ਦੀ 29ਵੀਂ ਵਰ੍ਹੇਗੰਢ ਦੀਆਂ ਬਹੁਤ-ਬਹੁਤ ਮੁਬਾਰਕਾਂ)



ਗੁਰਮੁੱਖ ਸਿੰਘ ਤੇ ਰਛਪਾਲ ਕੌਰ ਨੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ



ਦਿਲਬਾਗ ਸਿੰਘ ਤੇ ਰਜਵੰਤ ਕੌਰ ਪਿੰਡ ਬੱਜੂਮਾਨ, ਅੰਮ੍ਰਿਤਸਰ ਨੇ ਆਪਣੇ ਵਿਆਹ ਦੀ 25ਵੀਂ ਵਰ੍ਹੇਗੰਢ ਮਨਾਈ

## ਵਿਆਹ ਮੁਬਾਰਕ



ਪੱਤਰਕਾਰ ਹਰੀ ਦੱਤ ਸ਼ਰਮਾ ਦੀ ਬੇਟੀ ਅਮਨ ਸ਼ਰਮਾ ਦਾ ਵਿਆਹ ਮੁਨੀਸ਼ ਸ਼ਰਮਾ ਲੁਧਿਆਣਾ ਨਾਲ ਹੋਇਆ।

# ਦੋ ਝਪਟਮਾਰ ਸਣੇ ਮੋਬਾਇਲ ਕੀਤੇ ਗ੍ਰਿਫਤਾਰ



**ਕੁਰਾਲੀ (ਮੋਹਨ ਅੱਗਰਵਾਲ ਜੋਗਾ)**-ਸੀਨੀਅਰ ਕਪਤਾਨ ਪੁਲਸ ਸੰਦੀਪ ਗਰਗ ਦੇ ਆਦੇਸ਼ਾਂ ਅਨੁਸਾਰ ਕਪਤਾਨ ਪੁਲਸ, ਦਿਹਾਤੀ ਮਨਪ੍ਰੀਤ ਸਿੰਘ ਅਤੇ ਉਪ ਕਪਤਾਨ ਪੁਲਸ ਖਰੜ 2, ਧਰਮਵੀਰ ਸਿੰਘ ਦੀ ਰਹਿਨੁਮਾਈ ਅਧੀਨ ਥਾਣੇਦਾਰ ਗਗਨਦੀਪ ਸਿੰਘ ਮੁੱਖ ਅਫਸਰ ਥਾਣਾ ਸਿਟੀ ਕੁਰਾਲੀ ਦੀ ਨਿਗਰਾਨੀ ਹੇਠ ਸ਼ਹਿਰ ਕੁਰਾਲੀ ਦੀ ਸੁਰੱਖਿਆ ਦੇ ਮਦੇਨਜ਼ਰ ਮਾੜੇ ਅਨਸਰਾਂ, ਲੁੱਟਾਂ ਖੋਹਾਂ ਅਤੇ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਹੈ। ਜਿਸ ਤਹਿਤ 7-12-2023 ਨੂੰ ਸ:ਥ ਲਖਵੀਰ ਸਿੰਘ ਨੰ 1507/ਐਸ.ਏ.ਐਸ ਨਗਰ ਨੇ ਮੁਕੱਦਮਾ ਨੰਬਰ 70 ਮਿਤੀ 07-12-2023 ਅ/ਧ 379ਬੀ,34 ਆਈ.ਪੀ.ਸੀ ਥਾਣਾ ਸਿਟੀ ਕੁਰਾਲੀ ਦਰਜ ਰਜਿਸਟਰ ਕਰਕੇ ਮੁਕੱਦਮਾ ਵਿੱਚ ਲੋੜੀਂਦੇ ਨਾਮਜ਼ਦ ਦੋਸ਼ੀ ਬਲਜੀਤ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਸਸਕੋਰ ਥਾਣਾ ਨੂਰਪੁਰਬੇਦੀ ਜ਼ਿਲ੍ਹਾ ਰੋਪੜ ਤੇ ਜਗਤਾਰ ਸਿੰਘ ਪੁੱਤਰ ਗੁਰਚਰਨ ਸਿੰਘ ਵਾਸੀ ਪਿੰਡ ਮੀਆਂਪੁਰ ਥਾਣਾ ਸਦਰ ਰੋਪੜ ਨੂੰ ਕਾਬੂ ਕਰਕੇ ਦੋਸ਼ੀਆਂ ਪਾਸੋਂ ਖੋਹ ਕੀਤਾ ਮੋਬਾਇਲ ਫੋਨ ਬ੍ਰਾਮਦ ਕੀਤਾ ਤੇ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ 2 ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਹੈ।

# ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ : ਸਰਬਜੀਤ ਸਿੰਘ ਰੈਣੂੰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਮਨੁੱਖੀ ਅਧਿਕਾਰ ਸੰਗਠਨ ਸ੍ਰੀ ਅਨੰਦਪੁਰ ਸਾਹਿਬ ਯੂਨਿਟ ਦੀ ਇੱਕ ਵਿਸੇਸ ਮੀਟਿੰਗ ਪ੍ਰਧਾਨ ਸਰਬਜੀਤ ਸਿੰਘ ਰੇਣੂੰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਯੂਨਿਟ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਸਾਹਿਬਾਨ ਸਾਮਿਲ ਹੋਏ। ਮੀਟਿੰਗ ਵਿੱਚ ਪ੍ਰਧਾਨ ਸਰਬਜੀਤ ਸਿੰਘ ਰੈਣੂੰ ਵੱਲੋਂ ਮਨੁੱਖੀ ਅਧਿਕਾਰ ਦਿਵਸ ਦੀ ਮੁਬਾਰਕਬਾਦ ਦਿੱਤੀ ਗਈ। ਉਹਨਾਂ ਯੂਨਿਟ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਨੂੰ ਇਲਾਕੇ ਦੇ ਲੋਕਾਂ ਵਿੱਚ ਮਨੁੱਖੀ ਅਧਿਕਾਰਾਂ ਸਬੰਧੀ ਜਾਗਰੂਕਤਾ ਵਧਾਉਣ ਦੀ ਬੇਨਤੀ ਕੀਤੀ। ਉਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਯੂਨਿਟ ਦੀ ਨਵੀਂ ਕਾਰਜਕਾਰਨੀ ਦੀ ਚੋਣ ਕੀਤੀ ਜਾਵੇਗੀ ਜਿਸ ਤੋਂ ਬਾਅਦ ਇਲਾਕੇ ਦੇ ਲੋਕਾਂ ਵਿੱਚ ਖਾਸ ਤੌਰ ਤੇ ਨੌਜਵਾਨਾਂ ਵਿੱਚ ਮਨੁੱਖੀ ਅਧਿਕਾਰਾਂ ਪ੍ਰਤੀ ਜਾਗਰੂਕਤਾ ਸਬੰਧੀ ਸੈਮੀਨਾਰ ਜਾਂ ਮੀਟਿੰਗਾਂ ਰੱਖੀਆਂ ਜਾਣਗੀਆਂ। ਉਹਨਾਂ ਕਿਹਾ ਕਿ ਯੂਨਿਟ ਵਿੱਚ ਨਵੇਂ ਮੈਂਬਰਾਂ ਦੀ ਭਰਤੀ ਵੀ ਕੀਤੀ ਜਾਵੇਗੀ। ਇਸ ਮੌਕੇ ਐਡਵੋਕੇਟ ਪਾਖਰ ਸਿੰਘ ਭੱਠਲ, ਨੰਬਰਦਾਰ ਕੁਲਦੀਪ ਸਿੰਘ, ਰਸਵਿੰਦਰ ਸਿੰਘ, ਭਾਗ ਸਿੰਘ, ਨਾਨਕ ਸਿੰਘ, ਨੰਬਰਦਾਰ ਮਹਿੰਦਰ ਸਿੰਘ, ਨੰਬਰਦਾਰ ਬਾਲ ਕਿਸਨ, ਡਾਕਟਰ ਵਿਸਾਲ ਭਾਟੀਆ,ਇਕਬਾਲ ਭੱਟੀ, ਠੇਕੇਦਾਰ ਕਰਨੈਲ ਸਿੰਘ ਬਜਰੂੜ, ਡਾਕਟਰ ਮਨਜੀਤ ਸਿੰਘ, ਅਭੀਜੀਤ ਸਿੰਘ ਰੈਣੂੰ ਆਦਿ ਹਾਜ਼ਰ ਸਨ।

# ਗੁਰਮਤਿ ਮੁਕਾਬਲਿਆਂ 'ਚ ਖਾਲਸਾ ਸੀ: ਸੈਕੰ: ਸਕੂਲ ਧਾਰੀਵਾਲ ਦੇ ਵਿਦਿਆਰਥੀ ਰਹੇ ਅੱਵਲ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਗੁਰਮਤਿ ਮੁਕਾਬਲਿਆਂ ਵਿੱਚ ਮੱਲਾਂ ਮਾਰ ਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਸਕੂਲ ਪ੍ਰਿੰਸੀਪਲ ਗਗਨਜੀਤ ਕੌਰ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਸਤਨਾਮ ਸਰਬ ਕਲਿਆਣ ਟਰੱਸਟ ਚੰਡੀਗੜ੍ਹ ਵੱਲੋਂ ਦਸ਼ਮੇਸ਼ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਕਰਵਾਏ ਵੱਖ ਵੱਖ ਗੁਰਮਤਿ ਮੁਕਾਬਲਿਆਂ ਵਿੱਚ ਉਨ੍ਹਾਂ ਦੇ ਸਕੂਲ ਸਮੇਤ ਜ਼ਿਲ੍ਹੇ ਭਰ ਤੋਂ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਨ੍ਹਾਂ ਮੁਕਾਬਲਿਆਂ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫ਼ਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸਨ ਕਰਦਿਆਂ ਮਹਿਕਦੀਪ ਕੌਰ ਨੇ ਕਵਿਤਾ ਮੁਕਾਬਲੇ ਵਿੱਚੋਂ ਪਹਿਲਾ ਸਥਾਨ, ਮੁਸ਼ਕਾਨ ਨੇ ਗੁਰਬਾਣੀ ਕੰਠ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ ਅਤੇ ਤਨਵੀਰ ਕੌਰ, ਅਰਸ਼ਦੀਪ ਕੌਰ, ਸੁਖਮਨਦੀਪ ਕੌਰ ਨੇ ਕਵੀਸਰੀ ਮੁਕਾਬਲੇ ਵਿੱਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚੋਂ ਜੇਤੂ ਵਿਦਿਆਰਥੀਆਂ ਦਾ ਸਕੂਲ ਵਿੱਚ ਪਹੁੰਚਣ ਤੇ ਪ੍ਰਿੰਸੀਪਲ ਗਗਨਜੀਤ ਕੌਰ ਦੀ ਅਗਵਾਈ ਵਿੱਚ ਸਮੂਹ ਸਟਾਫ ਵਲੋਂ ਨਿੱਘਾ ਸਵਾਗਤ ਕਰਦਿਆਂ ਵਧਾਈ ਦਿੱਤੀ ਅਤੇ ਪ੍ਰਿੰਸੀਪਲ ਗਗਨਜੀਤ ਕੌਰ ਵਲੋਂ ਇਨ੍ਹਾਂ ਬੱਚਿਆਂ ਨੂੰ ਯਾਦਗਿਰੀ ਚਿੰਨ੍ਹ ਦੇ ਕੇ ਵਿਸ਼ੇਸ਼ ਸਨਮਾਨ ਕੀਤਾ। ਪ੍ਰਿੰਸੀਪਲ ਗਗਨਜੀਤ ਕੌਰ ਨੇ ਦੱਸਿਆ ਕਿ ਇਸ ਗੁਰਮਤਿ ਮੁਕਾਬਲੇ ਲਈ ਬੱਚਿਆਂ ਨੂੰ ਸੁਚੱਜੇ ਢੱਗ ਨਾਲ ਤਿਆਰਥੀ ਕਰਵਾਉਣ ਵਾਲੇ ਅਧਿਆਪਕ ਜਸਵਿੰਦਰ ਸਿੰਘ ਅਤੇ ਮਨਪ੍ਰੀਤ ਕੌਰ ਵੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਦੁਆਰਾ ਕਰਵਾਈ ਮਿਹਨਤ ਸਦਕਾ ਸਕੂਲ ਦੇ ਇਹ ਬੱਚੇ ਇਨ੍ਹਾ ਮੁਕਾਬਲਿਆਂ ਵਿੱਚੋਂ ਅੱਵਲ ਰਹੇ ਹਨ। ਇਸ ਮੌਕੇ ਅਧਿਆਪਕਾ ਰਜਿੰਦਰ ਕੌਰ ਅਤੇ ਹੋਰ ਸਟਾਫ ਮੈਂਬਰ ਵੀ ਹਾਜ਼ਰ ਸਨ।

# ਰਿਆਤ ਬਾਹਰਾ ਡੈਂਟਲ ਕਾਲਜ ਤੇ ਹਸਪਤਾਲ ਵੱਲੋਂ ਜਾਗਰੂਕਤਾ ਪ੍ਰੋਗਰਾਮ




**ਕੁਰਾਲੀ (ਮੋਹਨ ਅੱਗਰਵਾਲ ਜੋਗਾ)**-ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਵੱਲੋਂ ਨੈਸ਼ਨਲ ਬੋਰਡ ਆਫ਼ ਐਗਜ਼ਾਮੀਨੇਸ਼ਨਜ਼ ਇੰਨ ਮੈਡੀਕਲ ਸਾਇੰਸਿਜ਼ ਦੇ ਸਹਿਯੋਗ ਨਾਲ ਇੱਕ ਕਾਰਡੀਓਪਲਮੋਨਰੀ ਰੀਸਸੀਟੇਸ਼ਨ (ਸੀਪੀਆਰ) ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਇਸ ਪ੍ਰੋਗਰਾਮ ਮੌਕੇ ਇੰਡੀਅਨ ਰੇਡੀਓਲੌਜੀਕਲ ਅਤੇ ਇਮੇਜਿੰਗ ਐਸੋਸੀਏਸ਼ਨ ਦੇ ਪ੍ਰਧਾਨ, ਡਾਇਗਨੌਸਟਿਕਸ ਦੇ ਡਾਇਰੈਕਟਰ ਅਤੇ ਆਈ ਆਰ ਆਈ ਏ ਬੇਸਿਕ ਲਾਈਫ ਸਪੋਰਟ ਦੇ ਰਾਸ਼ਟਰੀ ਕੁਆਰਡੀਨੇਟਰ ਡਾ. ਮੁਕੇਸ਼ ਗੁਪਤਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਡੈਂਟਲ, ਨਰਸਿੰਗ ਕਾਲਜ ਅਤੇ ਆਰਬੀਯੂ ਦੇ ਫੈਕਲਟੀ ਅਤੇ ਵਿਦਿਆਰਥੀਆਂ ਨਾਲ ਇੱਕ ਇੰਟਰੈਕਟਿਵ ਸੈਸ਼ਨ ਵੀ ਆਯੋਜਿਤ ਕੀਤਾ ਗਿਆ, ਜਿਸ ਵਿੱਚ ਆਡੀਓ-ਵਿਜ਼ੂਅਲ ਉਪਕਰਨਾਂ ਦੇ ਨਾਲ-ਨਾਲ ਸੀਪੀਆਰ ਦੇ ਪ੍ਰਦਰਸ਼ਨ ਦੇ ਨਾਲ ਬੁਨਿਆਦੀ ਜੀਵਨ ਸਹਾਇਤਾ ਪ੍ਰਕਿਰਿਆਵਾਂ ਦੀ ਵਿਆਖਿਆ ਵੀ ਕੀਤੀ ਗਈ। ਇਸ ਸੈਸ਼ਨ ਵਿੱਚ 150 ਤੋਂ ਵੱਧ ਪ੍ਰਤੀਭਾਗੀਆਂ ਨੇ ਭਾਗ ਲਿਆ। ਸੈਸ਼ਨ ਤੋਂ ਬਾਅਦ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ ਅਤੇ ਪ੍ਰਬੰਧਕੀ ਟੀਮ ਦੇ ਮੈਂਬਰਾਂ ਅਤੇ ਭਾਗੀਦਾਰਾਂ ਨੂੰ ਸਰਟੀਫਿਕੇਟ ਵੀ ਵੰਡੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਦੇ ਪ੍ਰਿੰਸੀਪਲ ਅਕਸ਼ੈ ਸ਼ਰਮਾ ਅਤੇ ਹੋਰ ਸੀਨੀਅਰ ਫੈਕਲਟੀ ਮੈਂਬਰ ਵੀ ਹਾਜ਼ਰ ਸਨ।

# ਕੇਂਦਰ ਸਰਕਾਰ ਵੱਲੋਂ ਇਥਾਨੋਲ ਉਤਪਾਦਨ ਲਈ ਗੰਨੇ ਦੇ ਸੀਰੇ ਦੀ ਵਰਤੋਂ 'ਤੇ ਪਾਬੰਦੀ ਮੰਦਭਾਗੀ : ਲਾਚੋਵਾਲ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਕੇਂਦਰ ਅਤੇ ਪੰਜਾਬ ਦੀਆਂ ਸਰਕਾਰਾਂ ਲਗਾਤਾਰ ਕਿਸਾਨਾਂ ਨੂੰ ਕਣਕ ਝੋਨੇ ਦੇ ਫਸਲੀ ਚੱਕਰ 'ਚੋਂ ਨਿਕਲ ਕੇ ਫਸਲੀ ਵਿਭਿੰਨਤਾ ਨੂੰ ਅਪਣਾਉਣ ਤੇ ਜੋਰ ਦਿੱਤਾ ਹੈ ਤੇ ਕਿਸਾਨਾਂ ਨੇ ਇਸ ਦੇ ਬਦਲ ਵਜੋਂ ਵੱਡੀ ਪੱਧਰ 'ਤੇ ਗੰਨੇ ਦੀ ਖੇਤੀ ਕਰਕੇ ਇਸ ਫਸਲੀ ਚੱਕਰ ਵਿੱਚੋਂ ਨਿਕਲਣ ਦੀ ਕੋਸ਼ਿਸ਼ ਕੀਤੀ ਹੈ ਤੇ ਵੱਡੀ ਪੱਧਰ 'ਤੇ ਗੰਨੇ ਦਾ ਉਤਪਾਦ ਕਰਨਾ ਸ਼ੁਰੂ ਕੀਤਾ ਜਿਸ ਨਾਲ ਕਾਰੋਬਾਰੀਆਂ ਵੱਲੋਂ ਖੰਡ ਬਣਾਉਣ ਦੇ ਨਾਲ ਨਾਲ ਗੰਨੇ ਦੇ ਸੀਰੇ ਦੀ ਵਰਤੋਂ ਵੱਡੀ ਪੱਧਰ 'ਤੇ ਇਥੋਨੌਲ ਬਣਾਉਣ ਵਿੱਚ ਕਰਨੀ ਸ਼ੁਰੂ ਕਰ ਦਿੱਤੇ ਜਿਸ ਨਾਲ ਗੰਨੇ ਦੀ ਵੱਡੇ ਪੱਧਰ 'ਤੇ ਮੰਗ ਵਧੀ ਪਰ ਹੁਣ ਕੇਂਦਰ ਸਰਕਾਰ ਵੱਲੋਂ ਇਥੋਨੌਲ ਉਤਪਾਦਨ ਲਈ ਗੰਨੇ ਦੇ ਸੀਰੇ ਦੀ ਵਰਤੋਂ ਤੇ ਪਾਬੰਦੀ ਲਗਾ ਦਿੱਤੀ ਗਈ ਜੋ ਕਿ ਬਹੁਤ ਮੰਦਭਾਗੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਦੇ ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਨੇ ਜਥੇਬੰਦੀ ਦੀ ਇੱਕ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ ਉਹਨਾਂ ਇਸ ਸਮੇਂ ਕਿਹਾ ਕਿ ਇਥੋਨੋਲ ਦੀ ਪੈਦਾਵਾਰ ਵਧਣ ਨਾਲ ਪੈਟਰੋਲ ਦੀਆਂ ਕੀਮਤਾਂ ਘਟ ਕੰਟਰੋਲ ਕਰਨ ਵਿੱਚ ਮਦਦ ਮਿਲਦੀ ਹੈ ਅਤੇ ਵਿਦੇਸ਼ਾਂ 'ਤੇ ਨਿਰਭਰਤਾ ਘੱਟ ਹੁੰਦੀ ਹੈ। ਗੰਨੇ ਦੇ ਉਤਪਾਦਨ ਵਧਣ ਨਾਲ ਇਥਾਨੌਲ ਦੇ ਕਾਰੋਬਾਰ ਵਿੱਚ ਵੱਡੀ ਪੱਧਰ 'ਤੇ ਵਾਧਾ ਹੋਵੇਗਾ ਜਿਸ ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਸਾਧਨ ਵੱਡੀ ਪੱਧਰ 'ਤੇ ਪੈਦਾ ਹੋਣਗੇ ਪਰ ਕੇਂਦਰ ਸਰਕਾਰ ਇਸ 'ਤੇ ਪਾਬੰਦੀ ਲਗਾ ਕੇ ਕਿਸਾਨ ਵਿਰੋਧੀ ਅਤੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਜਿਸ ਦੀ ਅਸੀਂ ਸਖਤ ਨਿਖੇਦੀ ਕੀਤੀ। ਇਸ ਸਮੇਂ ਹਰਪ੍ਰੀਤ ਸਿੰਘ ਲਾਲੀ, ਰਣਧੀਰ ਸਿੰਘ ਅਸਲਪੁਰ, ਅਕਬਰ ਸਿੰਘ ਬੂਰੇ ਜੱਟਾਂ, ਧਰਮਪਾਲ ਸਿੰਘ ਖੁਣਖੁਣ, ਬਿੱਕਰ ਸਿੰਘ ਸ਼ੇਰਪੁਰ ਕੱਚਾ, ਰਾਜਾ ਖੁਣਖੁਣ ਕਲਾ ਤੇ ਗੁਰਬਖਸ ਸਿੰਘ ਮੁਰਾਦਪੁਰ ਆਦਿ ਹਾਜ਼ਰ ਸਨ

# ਬਿਰਧ ਆਸ਼ਰਮ 'ਚ ਸੋਲਰ ਲਗਵਾਉਣ ਵਾਲੇ ਪ੍ਰਵਾਸੀ ਪੰਜਾਬੀ ਦਾ ਕੀਤਾ ਸਨਮਾਨ



**ਅੱਡਾ ਸਰਾਂ (ਕਾਜਲ)**- ਪ੍ਰਵਾਸੀ ਪੰਜਾਬੀ ਦਾਨੀ ਜਵਾਹਰ ਸਿੰਘ ਪੱਡਾ ਕਨੇਡਾ ਵੱਲੋਂ ਪਿੰਡ ਦੇਹਰੀਵਾਲ ਵਿਚ ਬੇਸਹਾਰਿਆਂ ਲਈ ਚਲਾਏ ਜਾ ਰਹੇ ਗੁਰੂ ਨਾਨਕ ਬਿਰਧ ਆਸ਼ਰਮ ਵਿਚ ਹੋਏ ਸਮਾਗਮ ਦੌਰਾਨ ਪਰਵਾਸੀ ਪੰਜਾਬੀ ਦਾਨੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਆਸ਼ਰਮ ਵਿਚ ਰਹਿੰਦੇ ਮੈਂਬਰਾਂ ਦੀ ਸਹੂਲਤ ਲਈ ਲਗਭਗ 8 ਲੱਖ ਰੁਪਏ ਦੀ ਲਾਗਤ ਨਾਲ ਸੋਲਰ ਸਿਸਟਮ ਲਗਵਾਉਣ ਵਾਲੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਅੱਤੋਵਾਲ ਨਾਲ ਸੰਬੰਧਤ ਅਮਰੀਕਾ ਰਹਿੰਦੇ ਬਜ਼ੁਰਗ ਅਜੀਤ ਸਿੰਘ ਕੰਗ ਅਮਰੀਕਾ ਨੂੰ ਆਸ਼ਰਮ ਦੇ ਪ੍ਰਬੰਧਕਾਂ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕ ਸੇਵਾਦਾਰ ਹਰਵਿੰਦਰ ਸਿੰਘ ਬਸੀ ਜਲਾਲ, ਸੇਵਾ ਮੁਕਤ ਚੀਫ ਕੈਮੀਕਲ ਐਗਜ਼ਾਮੀਨਰ ਪੰਜਾਬ ਡਾ.ਕੇਵਲ ਸਿੰਘ ਕਾਜਲ ਅਤੇ ਡਾ.ਲਵਪ੍ਰੀਤ ਸਿੰਘ ਪਾਬਲਾ ਨੇ ਬਜ਼ੁਰਗ ਕੰਗ ਨੂੰ ਸਨਮਾਨਤ ਕਰਦੇ ਹੋਏ ਆਸ਼ਰਮ ਵਿਚ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਦੱਸਿਆ ਅਤੇ ਆਖਿਆ ਇਸ ਸਮਾਜ ਸੇਵੀ ਮਿਸ਼ਨ ਵਿਚ ਪ੍ਰਵਾਸੀ ਪੰਜਾਬੀ ਆਪਣਾ ਅਹਿਮ ਯੋਗਦਾਨ ਦੇ ਰਹੇ ਹਨ। ਇਸ ਮੌਕੇ ਇਸ ਸਰਪੰਚ ਹਰਦਿਆਲ ਸਿੰਘ, ਨੰਬਰਦਾਰ ਮਨਪ੍ਰੀਤ ਸਿੰਘ, ਨੰਬਰਦਾਰ ਉਂਕਾਰ ਸਿੰਘ, ਪ੍ਰਤਾਪ ਸਿੰਘ, ਹਰਜਿੰਦਰ ਸਿੰਘ ਦੇਹਰੀਵਾਲ, ਗੁਰਨਾਮ ਸਿੰਘ, ਮੇਜਰ ਸਿੰਘ, ਮਹਿੰਦਰ ਸਿੰਘ, ਪੱਪੂ, ਪੂਰਨ ਸਿੰਘ, ਭੋਲੂ, ਵਿਨੋਦ ਕੁਮਾਰ, ਆਤਮਾ ਰਾਮ, ਬਿੱਲਾ, ਮਨੋਹਰ ਸਿੰਘ, ਰਮੇਸ਼ ਕੁਮਾਰ, ਗੁਰਦੀਪ ਸਿੰਘ, ਮਨੋਹਰ ਲਾਲ, ਦੀਪਕ ਕੁਮਾਰ, ਲਾਡੀ, ਮੁਖਤਿਆਰ ਸਿੰਘ, ਅਵਤਾਰ ਕੌਰ, ਸੋਨੀਆ, ਸਪਨਾ, ਮਾਲਾ, ਬਲਜੀਤ ਕੌਰ, ਹਰਜਿੰਦਰ ਕੌਰ, ਰਾਣੀ, ਮਹਿੰਦਰ ਕੌਰ, ਲਕਸ਼ਮੀ ਆਦਿ ਹਾਜ਼ਰ ਸਨ।

# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ

## ਨਵੇਂ ਵਰ੍ਹੇ 'ਚ ਜਲੰਧਰ, ਸੰਗਰੂਰ ਤੇ ਬਠਿੰਡਾ ਵਿਖੇ ਵਿਸ਼ਾਲ ਜਨਤਕ ਰੈਲੀਆਂ ਕੀਤੀਆਂ ਜਾਣਗੀਆਂ

**ਜਲੰਧਰ** : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐਮ ਪੀ ਆਈ) ਦੀ ਪੰਜਾਬ ਰਾਜ ਕਮੇਟੀ ਦੇ ਸਕੱਤਰੇਤ ਦੀ ਮੀਟਿੰਗ ਸਾਥੀ ਰਤਨ ਸਿੰਘ ਰੰਧਾਵਾ ਦੀ ਪ੍ਰਧਾਨਗੀ ਹੇਠ ਹੋਈ। ਮੌਜੂਦਾ ਕੌਮਾਂਤਰੀ ਤੇ ਕੌਮੀ ਰਾਜਨੀਤਕ ਸਥਿਤੀ ਵਿਚ ਪਾਰਟੀ ਦੀ ਸਮਝਦਾਰੀ ਮੁਤਾਬਕ ਸੇਧ ਦੇਣ ਲਈ ਕੌਮੀ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਉਚੇਚੇ ਹਾਜ਼ਰ ਹੋਏ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਰਾਜ ਕਮੇਟੀ ਦੇ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦੱਸਿਆ ਕਿ ਪਾਰਟੀ ਵਲੋਂ ਆਰੰਭੀ 'ਕਾਰਪੋਰੇਟ ਭਜਾਓ, ਭਾਜਪਾ ਹਰਾਓ, ਦੇਸ਼ ਬਚਾਓ' ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਨਵੇਂ ਵਰ੍ਹੇ, 2024 'ਚ ਜਲੰਧਰ, ਸੰਗਰੂਰ ਅਤੇ ਬਠਿੰਡਾ ਵਿਖੇ ਵਿਸ਼ਾਲ ਜਨਤਕ ਰੈਲੀਆਂ ਕੀਤੀਆਂ ਜਾਣਗੀਆਂ। ਸਕੱਤਰੇਤ ਨੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਹੁਕਮਾਂ ਤਹਿਤ ਭਾਰਤ ਨੂੰ ਮਨੂੰ ਸਿਮਰਤੀ ਦੇ ਚੌਖਟੇ ਵਾਲੇ ਧਰਮ ਆਧਾਰਤ ਕੱਟੜ ਰਾਸ਼ਟਰ 'ਚ ਤਬਦੀਲ ਕਰਨ ਲਈ ਦੇਸ਼ ਦੇ ਜਮਹੂਰੀ, ਧਰਮ ਨਿਰਪੱਖ ਤੇ ਫੈਡਰਲ ਢਾਂਚੇ ਨੂੰ ਤਬਾਹ ਕਰਨ 'ਤੇ ਤੁਲੀ ਮੋਦੀ-ਸ਼ਾਹ ਸਰਕਾਰ ਦੀਆਂ ਵੰਡਵਾਦੀ ਕੁਚਾਲਾਂ ਨੂੰ ਭਾਂਜ ਦੇਣ ਲਈ ਵਿਸ਼ਾਲ ਲੋਕ ਲਾਮਬੰਦੀ 'ਤੇ ਅਧਾਰਤ ਸੰਘਰਸ਼ ਛੇੜਨ ਦਾ ਫੈਸਲਾ ਲਿਆ ਹੈ। ਸਕੱਤਰੇਤ ਨੇ ਨੋਟ ਕੀਤਾ ਹੈ ਕਿ ਸੰਘ ਪਰਵਾਰ ਦੇ ਖਰੂਦੀ ਗ੍ਰੋਹ ਕੇਂਦਰ 'ਚ ਲਗਾਤਾਰ ਤੀਜੀ ਵਾਰੀ ਭਾਜਪਾ ਸਰਕਾਰ ਦੀ ਕਾਇਮੀ ਲਈ ਫਿਰਕੂ ਵੰਡ ਤਿੱਖੀ ਕਰਕੇ ਭਰਾ ਮਾਰੂ ਦੰਗੇ ਭੜਕਾਉਣ ਖਾਤਰ ਮੁਸਲਮਾਨਾਂ ਤੇ ਈਸਾਈਆਂ 'ਤੇ ਕਾਤਲਾਨਾ ਹਮਲੇ ਕਰ ਰਹੇ ਹਨ। ਇਸੇ ਮਕਸਦ ਲਈ ਹੀ ਆਰ.ਐਸ.ਐਸ. ਦੇ ਵਿਚਾਰਧਾਰਕ ਵਿਰੋਧੀਆਂ ਤੇ ਮੋਦੀ ਸਰਕਾਰ ਦੇ ਨੀਤੀ ਚੌਖਟੇ ਦੇ ਆਲੋਚਕ ਪ੍ਰਗਤੀਸ਼ੀਲ ਸੰਗਠਨਾਂ ਤੇ ਬੁੱਧੀਜੀਵੀਆਂ ਨੂੰ ਜਬਰ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸੰਘੀ ਬੁਰਛਾਗਰਦ ਦਲਿਤਾਂ ਅਤੇ ਇਸਤਰੀਆਂ ਨੂੰ ਅਕਹਿ ਤੇ ਅਸਹਿ ਜ਼ੁਲਮਾਂ ਦਾ ਸ਼ਿਕਾਰ ਬਣਾ ਰਹੇ ਹਨ। 'ਧਰਮ ਅਧਾਰਤ ਰਾਜ' ਅੰਦਰ ਦੇਸ਼ ਦਾ ਬਹੁ ਗਿਣਤੀ ਹਿੰਦੂ ਭਾਈਚਾਰਾ ਵੀ ਵੱਡੀਆਂ ਆਰਥਿਕ ਮੁਸ਼ਕਿਲਾਂ 'ਚ ਹੀ ਨਹੀਂ ਘਿਰੇਗਾ, ਬਲਕਿ ਅਸਹਿਣਸ਼ੀਲਤਾ, ਹਿੰਸਾ ਤੇ ਅਰਾਜਕਤਾਵਾਦੀ ਮਹੌਲ ਦਾ ਸ਼ਿਕਾਰ ਹੋ ਕੇ ਬੇਚੈਨ ਜੀਵਨ ਜਿਊਣ ਲਈ ਮਜਬੂਰ ਹੋਵੇਗਾ। ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਦੀ ਡੂੰਘਾਈ ਨਾਲ ਪੁਣਛਾਣ ਕਰਦਿਆਂ ਸਕੱਤਰੇਤ ਨੇ ਕਿਹਾ ਕਿ ਸੰਘ-ਭਾਜਪਾ ਦੀ ਜ਼ਹਿਰੀਲੀ, ਵੰਡਵਾਦੀ ਵਿਚਾਰਧਾਰਾ, ਫਿਰਕੂ-ਫਾਸ਼ੀ ਏਜੰਡੇ ਅਤੇ ਵੱਖ ਵੱਖ ਨਾਵਾਂ 'ਤੇ ਆਰ.ਐਸ.ਐਸ. ਦੇ ਵੱਖ ਵੱਖ ਸੰਗਠਨਾਂ ਦੇ ਮੱਕੜ ਜਾਲ ਨੂੰ ਮਾਤ ਦੇਣ ਲਈ ਭਾਜਪਾ ਵਿਰੋਧੀ ਰਾਜਸੀ ਦਲਾਂ ਦੇ ਗੱਠਜੋੜ 'ਇੰਡੀਆ' ਦੇ ਆਗੂਆਂ ਨੂੰ ਗੰਭੀਰ ਆਤਮ ਮੰਥਨ ਕਰਨਾ ਚਾਹੀਦਾ ਹੈ। ਸਕੱਤਰੇਤ ਦੀ ਰਾਇ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੂੰ ਕੇਂਦਰੀ ਸੱਤਾ ਤੋਂ ਚਲਦਾ ਕਰਨ ਲਈ ਭਾਜਪਾ ਵਿਰੋਧੀ ਦਲਾਂ ਨੂੰ ਹਰ ਕਿਸਮ ਦੇ ਸੌੜੇ ਸਿਆਸੀ ਹਿਤਾਂ ਅਤੇ ਹਉਮੈ ਦਾ ਤਿਆਗ ਕਰਦਿਆਂ ਫੌਲਾਦੀ ਏਕਤਾ ਕਾਇਮ ਕਰਨੀ ਹੋਵੇਗੀ। ਸਕੱਤਰੇਤ ਨੇ ਦੇਸ਼ ਵਾਸੀਆਂ ਦਾ ਜੀਵਨ ਨਰਕ ਤੋਂ ਵੀ ਬਦਤਰ ਬਣਾਉਣ ਵਾਲੀਆਂ, ਕਾਰਪੋਰੇਟ ਤੇ ਸਾਮਰਾਜੀ ਲੋਟੂਆਂ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਹਿਤ ਪੂਰਨ ਲਈ ਘੜੀਆਂ ਗਈਆਂ ਨਵ ਉਦਾਰਵਾਦੀ ਨੀਤੀਆਂ ਨੂੰ ਰੱਦ ਕਰਵਾਉਣ ਲਈ ਜਨ ਸਮੂਹਾਂ ਦੀ ਵਿਸ਼ਾਲ ਭਾਗੀਦਾਰੀ ਵਾਲੇ ਤਿੱਖੇ ਜਨਤਕ ਘੋਲ ਵਿੱਢਣ ਦਾ ਵੀ ਨਿਰਣਾ ਲਿਆ ਹੈ। ਸਕੱਤਰੇਤ ਨੇ ਸੂਬੇ ਦੀ ਭਗਵੰਤ ਮਾਨ ਸਰਕਾਰ ਦੀ ਘੋਰ ਪ੍ਰਸ਼ਾਸਨਿਕ ਅਸਫਲਤਾ ਦੇ ਨਤੀਜੇ ਵਜੋਂ ਦਿਨੋ-ਦਿਨ ਨਿੱਘਰਦੀ ਜਾ ਰਹੀ ਅਮਨ-ਕਾਨੂੰਨ ਦੀ ਅਵਸਥਾ, ਹਾਕਮ ਦਲ ਦੀਆਂ ਕਾਲੀਆਂ ਭੇਡਾਂ ਦੀ ਮਿਲੀਭੁਗਤ ਨਾਲ ਮਜ਼ਬੂਤ ਹੁੰਦੇ ਜਾ ਰਹੇ ਨਸ਼ਾ ਤਸਕਰੀ ਦੇ ਜਾਨਲੇਵਾ ਤੰਦੂਆ ਜਾਲ, ਰੇਤ-ਬਜਰੀ ਮਾਫੀਆ ਦੀ ਹੱਦਾਂ-ਬੰਨੇ ਟੱਪ ਚੁੱਕੀ ਲੁੱਟ-ਖਸੁੱਟ, ਅਪਰਾਧੀ ਗ੍ਰੋਹਾਂ ਵਲੋਂ ਬੇਖ਼ੌਫ ਕੀਤੀਆਂ ਜਾ ਰਹੀਆਂ ਕਤਲੋਗਾਰਤ ਤੇ ਲੁੱਟ-ਖੋਹ ਦੀਆਂ ਹੌਲਨਾਕ ਵਾਰਦਾਤਾਂ, ਮਿਹਨਤੀ ਵਰਗਾਂ ਦੇ ਵੱਖੋ-ਵੱਖ ਸੰਗਠਨਾਂ ਦੇ ਹੱਕੀ ਘੋਲਾਂ ਪ੍ਰਤੀ ਧਾਰੀ ਬੇਰੁਖੀ ਤੇ ਜਾਬਰ ਹੱਥਕੰਡਿਆਂ, ਮਹਿੰਗੀ ਇਸ਼ਤਿਹਾਰਬਾਜ਼ੀ ਰਾਹੀਂ ਅਤੇ ਦੂਜਿਆਂ ਸੂਬਿਆਂ 'ਚ ਚੋਣ ਲਾਭ ਹਾਸਲ ਕਰਨ ਲਈ ਬੇਕਿਰਕੀ ਨਾਲ ਕੀਤੀ ਜਾ ਰਹੀ ਸੂਬੇ ਦੇ ਖਜ਼ਾਨੇ ਦੀ ਦੁਰਵਰਤੋਂ ਅਤੇ ਇਸ ਵਲੋਂ ਲਾਗੂ ਕੀਤੀਆਂ ਜਾ ਰਹੀਆਂ ਮੋਦੀ ਵਾਲੀਆਂ ਹੀ ਨੀਤੀਆਂ ਵਿਰੁੱਧ ਘੋਲ ਪ੍ਰਚੰਡ ਕਰਨ ਦਾ ਨਿਰਣਾ ਲਿਆ ਹੈ। ਆਰੰਭ ਵਿਚ ਇਜ਼ਰਾਇਲੀ ਹਮਲੇ ਵਿਚ ਮਾਰੇ ਗਏ ਨਿਰਦੋਸ਼ ਫਲਸਤੀਨੀ ਨਾਗਰਿਕਾਂ ਅਤੇ ਸਦੀਵੀ ਵਿਛੋੜਾ ਦੇ ਗਏ ਮਿਸਾਲੀ ਯੁੱਧ ਸਾਥੀਆਂ ਟੀ.ਆਰ. ਗੌਤਮ ਤੇ ਸ਼ਿੰਗਾਰਾ ਸਿੰਘ ਦੁਸਾਂਝ ਕਲਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।